Punjabi Parwaz

# ਪੰਜਾਬੀ ਪਰਵਾਜ਼

ਅੰਕ 63ਵਾਂ (ਸ਼ਿਕਾਗੋ): 11 ਅਕਤੂਬਰ ਤੋਂ 24 ਅਕਤੂਬਰ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com    www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


## ਬਿਹਾਰ ਚੋਣਾਂ ਦਾ ਬਿਗਲ ਵੱਜਿਆ

### 6 ਅਤੇ 11 ਨਵੰਬਰ ਨੂੰ ਪੈਣਗੀਆਂ ਵੋਟਾਂ, ਨਤੀਜੇ 14 ਨਵੰਬਰ ਨੂੰ

ਬਿਹਾਰ ਚੋਣਾਂ ਦਾ ਐਲਾਨ ਭਾਰਤੀ ਚੋਣ ਕਿਮਸ਼ਨ ਵੱਲੋਂ ਕਰ ਦਿੱਤਾ ਗਿਆ ਹੈ। ਵੋਟਾਂ 6 ਅਤੇ 11 ਨਵੰਬਰ ਨੂੰ ਪੈਣਗੀਆਂ, ਜਦਕਿ ਨਤੀਜਾ 14 ਨਵੰਬਰ ਨੂੰ ਐਲਾਨਿਆ ਜਾਣਾ ਹੈ। ਤਰਨਤਾਰਨ ਦੀ ਜ਼ਿਮਨੀ ਚੋਣ ਦੇਸ਼ ਭਰ ਵਿੱਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਦੇ ਨਾਲ ਹੀ 11 ਨਵੰਬਰ ਨੂੰ ਹੋਣੀ ਤੈਅ ਹੋਈ ਹੈ। ਨਤੀਜਾ ਬਿਹਾਰ ਦੇ ਨਾਲ ਹੀ 14 ਨਵੰਬਰ ਨੂੰ ਐਲਾਨਿਆ ਜਾਣਾ ਹੈ। ਇਹ ਸੀਟ 'ਆਪ' ਦੇ ਐਮ.ਐਲ.ਏ. ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋਈ ਸੀ। ਚੋਣਾਂ ਦੇ ਐਲਾਨ ਹੋਣ ਦੇ ਨਾਲ ਹੀ ਚੋਣ ਜਾਬਤਾ ਵੀ ਲਾਗੂ ਹੋ ਗਿਆ ਹੈ।

ਬਿਹਾਰ ਵਿਧਾਨ ਸਭਾ ਲਈ 243 ਸੀਟਾਂ 'ਤੇ ਵੋਟਾਂ ਪੈਣੀਆਂ ਹਨ। ਪਹਿਲੇ ਗੇੜ ਵਿੱਚ 121 ਸੀਟਾਂ ਅਤੇ ਦੂਜੇ ਗੇੜ ਵਿੱਚ 122 ਸੀਟਾਂ 'ਤੇ ਵੋਟਾਂ ਪੈਣਗੀਆਂ; ਜਦਕਿ ਖਤਮ ਹੋ ਰਹੀ ਅਸੈਂਬਲੀ ਵਿੱਚ ਭਾਜਪਾ ਅਤੇ ਉਸ ਦੇ ਭਾਈਵਾਲਾਂ ਕੋਲ 138 ਅਤੇ ਵਿਰੋਧੀ ਧਿਰ ਕੋਲ 103 ਸੀਟਾਂ ਹਨ। ਇਸ ਵਿੱਚ ਵੱਡੀ ਗਿਣਤੀ ਰਾਸ਼ਟਰੀ ਜਨਤਾ ਦਲ ਦੀ ਹੈ, ਜਿਸ ਦੀ ਅਗਵਾਈ ਹੁਣ ਪ੍ਰਮੁੱਖ ਤੌਰ 'ਤੇ ਤੇਜੱਸਵੀ ਯਾਦਵ ਕਰ ਰਹੇ ਹਨ। ਆਰ.ਜੇ.ਡੀ. ਦੇ ਨਾਲ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਦੇ ਵੀ ਕੁਝ ਵਿਧਾਇਕ ਹਨ। ਕਾਂਗਰਸ ਦੇ ਪ੍ਰਮੁੱਖ ਆਗੂ ਰਾਹੁਲ ਗਾਂਧੀ ਅਤੇ ਤੇਜੱਸਵੀ ਯਾਦਵ ਨੇ ਮਿਲ ਕੇ ਬੀਤੇ ਦਿਨੀਂ ਬਿਹਾਰ ਵਿੱਚ ਕੀਤੀ ਗਈ ਵਿਸ਼ੇਸ਼ ਸੂਚੀ ਸੋਧ (ਐਸ.ਆਈ.ਆਰ.) ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਵਿਰੋਧੀ ਦਲਾਂ ਨੂੰ ਸ਼ੱਕ ਸੀ ਕਿ ਚੋਣ ਕਮਿਸ਼ਨ ਵੱਲੋਂ ਇਸ ਵਿਸ਼ੇਸ਼ ਸੋਧ ਰਾਹੀਂ ਵਿਰੋਧੀ ਪਾਰਟੀਆਂ ਨਾਲ ਸੰਬੰਧਤ ਵੋਟਰਾਂ ਦੀਆਂ ਵੋਟਾਂ ਹੀ ਕੱਟੀਆਂ ਜਾਣਗੀਆਂ। ਰਾਹੁਲ ਗਾਂਧੀ ਨੇ ਮੁੱਖ ਤੌਰ 'ਤੇ ਭਾਜਪਾ ਅਤੇ ਚੋਣ ਕਮਿਸ਼ਨ ਉੱਪਰ 'ਵੋਟ ਚੋਰੀ' ਦੇ ਵੀ ਦੋਸ਼ ਲਾਏ ਸਨ। ਉਂਝ ਇਹ ਦੋਸ਼ ਨਿਰਮੂਲ ਨਹੀਂ ਸਨ, ਸਗੋਂ ਬੰਗਲੌਰ ਦੀ ਇੱਕ ਵਿਧਾਨ ਸਭਾ ਸੀਟ ਅਤੇ ਕਰਨਾਟਕਾ ਦੇ ਵਿਧਾਨ ਸਭਾ ਹਲਕੇ ਦਾ ਡੈਟਾ ਪੇਸ਼ ਕਰਦਿਆਂ ਕਾਂਗਰਸ ਨੇ ਦੋਸ਼ ਲਾਏ ਸਨ ਕਿ ਇਨ੍ਹਾਂ ਹਲਕਿਆਂ ਵਿੱਚ ਚੋਣ ਕਮਿਸ਼ਨ ਵੱਲੋਂ ਲੋੜ ਅਨੁਸਾਰ ਵੋਟਾਂ ਵਧਾਈਆਂ ਅਤੇ ਘਟਾਈਆਂ ਗਈਆਂ। ਕਾਂਗਰਸ ਦੇ ਕਾਰਕੁੰਨਾਂ ਵੱਲੋਂ ਇਕੱਠੇ ਕੀਤੇ ਗਏ ਇਸ ਡੈਟੇ ਦੇ ਆਧਾਰ 'ਤੇ ਹੀ ਕਾਂਗਰਸ ਪਾਰਟੀ ਵੱਲੋਂ ਦੋਸ਼ ਲਗਾਇਆ ਗਿਆ ਸੀ ਕਿ ਪਿਛਲੀਆਂ ਲੋਕ ਸਭਾ ਚੋਣਾਂ ਅਤੇ ਹਰਿਆਣਾ ਤੇ ਮਹਾਰਾਸ਼ਟਰ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵੀ ਭਾਰਤੀ ਜਨਤਾ ਪਾਰਟੀ ਅਤੇ ਉਸ ਦੇ ਸਹਿਯੋਗੀਆਂ ਵੱਲੋਂ ਵੋਟਾਂ ਦੀ ਹੇਰਾ-ਫੇਰੀ ਤੇ ਚੋਰੀ ਨਾਲ ਜਿੱਤੀਆਂ ਗਈਆਂ ਹਨ। ਇਨ੍ਹਾਂ ਸਾਰੇ ਦੋਸ਼ਾਂ ਦੇ ਬਾਵਜੂਦ ਨਾ ਤਾਂ ਚੋਣ ਕਮਿਸ਼ਨ ਟੱਸ ਤੋਂ ਮੱਸ ਹੋਇਆ ਅਤੇ ਨਾ ਹੀ ਕੇਂਦਰ ਸਰਕਾਰ ਨੇ ਕੋਈ ਕਾਰਵਾਈ ਕੀਤੀ। ਵਿਰੋਧੀ ਧਿਰ ਦੇ ਹੱਕ ਵਿੱਚ ਵੋਟਰਾਂ ਨੂੰ ਪੁੱਛੇ ਦੱਸੇ ਬਗੈਰ ਵੋਟਾਂ ਕੱਟਣ ਦੇ ਮਾਮਲੇ ਵਿੱਚ ਚੋਣ ਕਮਿਸ਼ਨ ਅਤੇ ਕੇਂਦਰ ਸਰਕਾਰ ਨੇ ਪੂਰੀ ਢੀਠਤਾਈ ਨਾਲ ਚੁੱਪ ਵੱਟ ਲਈ ਅਤੇ ਮਾਮਲੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ।

ਇੱਥੇ ਜ਼ਿਕਰਯੋਗ ਹੈ ਕਿ ਈ.ਵੀ.ਐਮ. ਨਾਲ ਵੋਟਾਂ ਦੀ ਹੇਰਾ-ਫੇਰੀ ਕਰਨ ਦੇ ਦੋਸ਼ ਤਾਂ ਪਹਿਲਾਂ ਹੀ ਸੱਤਾਧਾਰੀ ਪਾਰਟੀ ਉੱਪਰ ਲਗਦੇ ਰਹੇ ਹਨ, ਪਰ ਵੋਟਾਂ ਕੱਟਣ ਅਤੇ ਜਾਅਲੀ ਬਣਾਉਣ ਦਾ ਮਾਮਲਾ ਕਾਂਗਰਸ ਪਾਰਟੀ ਨੇ ਬੜੀ

⇒ ਬਾਕੀ ਸਫਾ 7 ਉਤੇ ਪੜ੍ਹੋ

## ਤਰਨਤਾਰਨ ਦੀ ਜ਼ਿਮਨੀ ਚੋਣ ਦਾ ਅਖਾੜਾ ਵੀ ਭਖਿਆ

ਜਿੱਥੋਂ ਤੱਕ ਤਰਨਤਾਰਨ ਦੀ ਜ਼ਿਮਨੀ ਚੋਣ ਦਾ ਸਵਾਲ ਹੈ, ਇਸ ਵਾਸਤੇ ਤਕਰੀਬਨ ਸਾਰੀਆਂ ਪਾਰਟੀਆਂ ਨੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। 'ਆਪ' ਨੇ ਸਾਬਕਾ ਅਕਾਲੀ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ; ਜਦਕਿ ਅੰਮ੍ਰਿਤਪਾਲ ਸਿੰਘ ਵਾਲੇ ਅਕਾਲੀ ਦਲ ਵੱਲੋਂ ਸੂਰੀ ਕਤਲ ਕੇਸ ਵਿੱਚ ਜੇਲ੍ਹ ਵਿੱਚ ਬੰਦ ਅਤੇ ਇੱਕ ਬਦਨਾਮ ਪੁਲਿਸ ਅਫਸਰ ਨੂੰ ਹਾਲ ਹੀ ਵਿੱਚ ਮਾਰਨ ਦਾ ਦੋਸ਼ ਝੱਲ ਰਹੇ ਸੰਦੀਪ ਸਿੰਘ ਦੇ ਭਰਾ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਸੁਖਬੀਰ ਸਿੰਘ ਬਾਦਲ ਤੋਂ ਇਲਾਵਾ ਬਾਕੀ ਅਕਾਲੀ ਦਲਾਂ ਵੱਲੋਂ ਵੀ ਇਸ ਉਮੀਦਵਾਰ ਦਾ ਸਾਥ ਦੇਣ ਤੋਂ ਬਿਨਾ ਕੋਈ ਚਾਰਾ ਨਹੀਂ ਹੈ। ਭਾਜਪਾ ਇਸ ਵਾਰ ਇੱਥੇ ਇਕੱਲਿਆਂ ਚੋਣ ਲੜੇਗੀ। ਬਾਦਲ ਦਲ ਨੇ ਆਪਣਾ ਅਲੱਗ ਉਮੀਦਵਾਰ ਦਿੱਤਾ ਹੈ।

ਇਸ ਹਾਲਤ ਵਿੱਚ ਇਹ ਮੁਕਾਬਲਾ ਭਾਵੇਂ ਚਾਰ ਕੋਣਾ ਹੋ ਗਿਆ ਹੈ, ਪਰ ਮੁੱਖ ਮੁਕਾਬਲਾ ਮਨਦੀਪ ਸਿੰਘ ਅਤੇ ਆਮ ਆਦਮੀ ਪਾਰਟੀ ਵਿਚਕਾਰ ਹੀ ਹੋਣ ਦੀ ਉਮੀਦ ਹੈ। 'ਆਪ' ਨੂੰ ਸੱਤਾਧਾਰੀ ਹੋਣ ਦਾ ਲਾਭ ਮਿਲ ਸਕਦਾ ਹੈ। ਭਾਰਤੀ ਜਨਤਾ ਪਾਰਟੀ ਵੱਲੋਂ ਹਰਜੀਤ ਸਿੰਘ ਸੰਧੂ ਨੂੰ ਤਰਨਤਾਰਨ ਤੋਂ ਆਪਣਾ ਉਮੀਦਵਾਰ ਐਲਾਨਿਆ ਗਿਆ ਹੈ, ਜਦਕਿ ਅਕਾਲੀ ਦਲ (ਬਾਦਲ) ਨੇ ਬੀਬੀ ਸੁਖਵਿੰਦਰ ਕੌਰ ਨੂੰ ਉਮੀਦਵਾਰ ਐਲਾਨਿਆ ਹੈ। ਹਰਮੀਤ ਸਿੰਘ ਸੰਧੂ ਅਕਾਲੀ ਦਲ ਵੱਲੋਂ ਦੋ ਵਾਰ ਅਸੈਂਬਲੀ ਮੈਂਬਰ ਰਹਿ ਚੁੱਕੇ ਹਨ। ਇੱਕ ਵਾਰ ਉਹ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੇ ਸਨ।

ਕਾਂਗਰਸ ਪਾਰਟੀ ਵੱਲੋਂ ਕਰਨਬੀਰ ਸਿੰਘ ਬੁਰਜ ਮੈਦਾਨ ਵਿੱਚ ਹਨ। 'ਆਪ' ਅਤੇ ਕਾਂਗਰਸ ਦੇ ਉਮੀਦਵਾਰਾਂ ਦੀ ਜੇਬ ਭਾਰੀ ਹੈ ਅਤੇ ਬਾਦਲ ਦਲ ਕੋਲ ਵੀ ਮਾਲ-ਮੱਤੇ ਦੀ ਕਮੀ ਨਹੀਂ ਹੈ; ਪਰ ਜੇ ਅੰਮ੍ਰਿਤਪਾਲ ਦਾ ਕ੍ਰਿਸ਼ਮਾ ਚੱਲ ਗਿਆ ਤਾਂ ਬਾਕੀ ਦੇ ਫੌਂਗੀ ਰਹਿਣਗੇ। ਇਸ ਵਾਰ ਹੜ੍ਹਾਂ ਅਤੇ ਨਸ਼ੇ ਦਾ ਮੁੱਦਾ ਵੀ ਇਸ ਚੋਣ ਵਿੱਚ ਮੁੱਖ ਮੁੱਦੇ ਬਣਨਗੇ। ਇਸ ਦਾ ਸਰਕਾਰ ਨੂੰ ਨਿਸ਼ਚਤ ਨੁਕਸਾਨ ਹੋ ਸਕਦਾ ਹੈ, ਪਰ ਹੜ੍ਹ ਵਿੱਚ ਹੜ੍ਹੀਆਂ ਪੇਂਡੂ ਸੜਕਾਂ ਬਣਾਉਣ ਦੀ ਇਸ ਜ਼ਿਲ੍ਹੇ ਤੋਂ ਸ਼ੁਰੂਆਤ ਅਤੇ ਸੱਤਾ ਦੇ ਸਾਧਨ 'ਆਪ' ਲਈ ਵਰਦਾਨ ਬਣ ਸਕਦੇ ਹਨ। ਫਿਰ ਵੀ ਮੁਕਾਬਲਾ ਬੇਹੱਦ ਸਖਤ ਹੋਣ ਦੇ ਆਸਾਰ ਹਨ।

## ਸਨਾਤਨ ਧਰਮੀ ਵਕੀਲ ਨੇ ਚੀਫ ਜਸਟਿਸ ਗਵਈ ਵੱਲ ਜੁੱਤੀ ਸੁੱਟੀ

***ਬਾਰ ਕੌਂਸਲ ਵੱਲੋਂ ਸੰਬੰਧਤ ਵਕੀਲ ਰਾਕੇਸ਼ ਕਿਸ਼ੋਰ ਮੁਅੱਤਲ**

***ਚੀਫ ਜਸਟਿਸ ਬੀ.ਆਰ. ਗਵਈ ਨੇ ਮਾਮਲੇ ਨੂੰ ਨਜ਼ਰਅੰਦਾਜ਼ ਕੀਤਾ**

**ਜਸਵੀਰ ਸਿੰਘ ਸ਼ੀਰੀ**



ਚੀਫ ਜਸਟਿਸ ਬੀ.ਆਰ. ਗਵਈ

ਕੇਂਦਰੀ ਮਨਿਸਟਰਾਂ, ਮੁੱਖ ਮੰਤਰੀਆਂ ਤੋਂ ਹੁੰਦਾ ਹੋਇਆ ਅਹਿਮ ਵਿਅਕਤੀਆਂ 'ਤੇ ਜੁੱਤੀ ਸੁਟਣ ਦਾ ਵਰਤਾਰਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੱਕ ਪਹੁੰਚ ਗਿਆ ਹੈ। ਸੁਪਰੀਮ ਕੋਰਟ ਦੇ ਹੀ ਇੱਕ 71 ਸਾਲਾ ਵਕੀਲ ਨੇ ਕਥਿਤ ਤੌਰ 'ਤੇ ਚੀਫ ਜਸਟਿਸ ਵੱਲ ਜੁੱਤੀ ਸੁੱਟੀ ਅਤੇ ਬਾਅਦ ਵਿੱਚ ਜਦੋਂ ਉਸ ਨੂੰ ਸੁਰੱਖਿਆ ਮੁਲਾਜ਼ਮਾਂ ਵੱਲੋਂ ਧੂਹ ਕੇ ਬਾਹਰ ਲਿਜਾਇਆ ਜਾ ਰਿਹਾ ਸੀ ਤਾਂ ਉਸ ਨੇ ਨਾਹਰੇ ਲਗਾਏ; 'ਸਨਾਤਨ ਧਰਮ ਦਾ ਅਪਮਾਨ ਨਹੀਂ ਸਹਾਂਗੇ।'

ਯਾਦ ਰਹੇ, ਕਈ ਦਹਾਕੇ ਪਹਿਲਾਂ ਹਿੰਦੀ ਭਾਸ਼ਾ ਦੇ ਇੱਕ ਅਖਬਾਰ 'ਦੈਨਿਕ ਜਾਗਰਣ' ਦੇ ਪੱਤਰਕਾਰ ਜਰਨੈਲ ਸਿੰਘ ਨੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣ ਦੇ ਰੋਸ ਵਜੋਂ ਕੇਂਦਰੀ ਮੰਤਰੀ ਪੀ. ਚਿਦੰਬਰਮ ਵੱਲ ਜੁੱਤੀ ਸੁੱਟ ਦਿੱਤੀ ਸੀ। ਇਸ ਘਟਨਾ 'ਤੇ ਭਾਰਤ ਅਤੇ ਦੇਸ਼ ਤੋਂ ਬਾਹਰ ਵੱਸਦੇ ਭਾਰਤੀ ਪਰਵਾਸੀਆਂ ਵਿੱਚ ਵੱਡੀ ਪੱਧਰ 'ਤੇ ਚਰਚਾ ਹੋਈ ਸੀ ਅਤੇ ਪੱਤਰਕਾਰ ਜਰਨੈਲ ਸਿੰਘ ਦਿਨਾਂ ਵਿੱਚ ਹੀ ਲਾਈਮਲਾਈਟ ਵਿੱਚ ਆ ਗਏ ਸਨ। ਇਸ ਤੋਂ ਬਾਅਦ ਛੋਟੇ-ਵੱਡੇ ਸਿਆਸੀ ਲੀਡਰਾਂ 'ਤੇ ਗਾਹੇ-ਬਗਾਹੇ ਜੁੱਤੀਆਂ ਸੁੱਟੀਆਂ ਜਾਂਦੀਆਂ ਰਹੀਆਂ ਹਨ। ਪੱਤਰਕਾਰ ਜਰਨੈਲ ਸਿੰਘ ਨੇ ਬਾਅਦ ਵਿੱਚ ਪੱਤਰਕਾਰੀ ਛੱਡ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਸੀ। ਉਹ ਦਿੱਲੀ ਵਿਧਾਨ ਸਭਾ ਦੇ ਮੈਂਬਰ ਵੀ ਰਹੇ। ਬਾਅਦ ਵਿੱਚ ਉਹ ਸੰਖੇਪ ਬਿਮਾਰੀ ਪਿੱਛੋਂ ਇਸ ਸੰਸਾਰ ਨੂੰ ਅਲਵਿਦਾ ਆਖ ਗਏ ਸਨ।

ਤਾਜ਼ਾ ਘਟਨਾ ਵਿੱਚ ਸੁਪਰੀਮ ਕੋਰਟ ਦੇ ਹੀ ਇੱਕ ਸੀਨੀਅਰ ਵਕੀਲ ਰਾਕੇਸ਼ ਕਿਸ਼ੋਰ ਵੱਲੋਂ 6 ਅਕਤੂਬਰ ਵਾਲੇ ਦਿਨ ਇੱਕ ਕੇਸ ਦੀ ਸੁਣਵਾਈ ਦੌਰਾਨ ਭਾਰਤ ਦੇ ਚੀਫ ਜਸਟਿਸ ਬੀ.ਆਰ. ਗਵਈ ਵੱਲ ਕਥਿਤ ਤੌਰ 'ਤੇ ਜੁੱਤੀ ਸੁੱਟ ਦਿੱਤੀ। ਉਂਝ ਇਹ ਇੱਕ ਤਰ੍ਹਾਂ ਨਾਲ ਇਸ ਵਕੀਲ ਦਾ ਸੰਕੇਤਕ ਪ੍ਰਤੀਰੋਧ ਸੀ। ਇਸ ਘਟਨਾ ਦਾ ਕਾਰਨ ਚੀਫ ਜਸਟਿਸ ਦੀ ਉਸ ਟਿੱਪਣੀ ਨੂੰ ਸਮਝਿਆ ਜਾ ਰਿਹਾ ਹੈ, ਜਿਸ ਵਿੱਚ ਉਨ੍ਹਾਂ ਨੇ ਖੁਜਾਰਾਹੋ ਵਿੱਚ ਵਿਸ਼ਨੂ ਭਗਵਾਨ ਦੀ ਮੂਰਤੀ ਦੀ ਪੁਨਰ ਸਥਾਪਨਾ ਕਰਨ ਦੇ ਮਾਮਲੇ ਵਿੱਚ ਦਾਖਲ ਕੀਤੀ ਗਈ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ ਅਤੇ ਇਸ ਬਾਰੇ ਕੁਝ ਟਿੱਪਣੀਆਂ ਵੀ ਕੀਤੀਆਂ ਸਨ। ਚੀਫ ਜਸਟਿਸ ਨੇ ਆਖ ਦਿੱਤਾ ਸੀ, 'ਇਹ ਪਬਲਿਸਿਟੀ ਹਾਸਲ ਕਰਨ ਲਈ ਦਾਇਰ ਕੀਤੀ ਗਈ ਪਟੀਸ਼ਨ ਹੈ, ਜਾ ਕੇ ਭਗਵਾਨ ਨੂੰ ਕੁਝ ਕਰਨ ਲਈ ਆਖੋ। ਜੇ ਤੁਸੀਂ ਭਗਵਾਨ ਵਿਸ਼ਨੂੰ ਪ੍ਰਤੀ ਡੂੰਘੀ ਆਸਥਾ ਰੱਖਦੇ ਹੋ ਤਾਂ ਪ੍ਰਾਰਥਨਾ ਕਰੋ ਅਤੇ ਥੋੜ੍ਹਾ ਧਿਆਨ ਲਗਾਉ।'

ਚੀਫ ਜਸਟਿਸ ਦੇ ਇਸ ਬਿਆਨੀਏ ਵਿੱਚ ਹਲਕੇ ਜਿਹੇ

⇒ ਬਾਕੀ ਸਫਾ 7 ਉਤੇ ਪੜ੍ਹੋ







# ਦਵਾ ਕਿ ਜ਼ਹਿਰ: ਪੰਜਾਬ ’ਚ ਕੋਲਡਰਿਫ਼ ਸਿਰਪ ’ਤੇ ਪਾਬੰਦੀ

## *ਮੱਧ ਪ੍ਰਦੇਸ਼ ਤੇ ਰਾਜਸਥਾਨ ਵਿੱਚ ਬੱਚਿਆਂ ਦੀਆਂ ਮੌਤਾਂ ਤੋਂ ਬਾਅਦ ਲਿਆ ਫ਼ੈਸਲਾ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਸਰਕਾਰ ਨੇ ਬੱਚਿਆਂ ਲਈ ਜਾਨਲੇਵਾ ਬਣ ਗਏ ਕੋਲਡਰਿਫ਼ ਕਫ਼ ਸਿਰਪ ’ਤੇ ਤੁਰੰਤ ਪ੍ਰਭਾਵ ਨਾਲ ਪਾਬੰਦੀ ਲਗਾ ਦਿੱਤੀ ਹੈ। ਇਹ ਫ਼ੈਸਲਾ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਇਸੇ ਸਿਰਪ ਨਾਲ ਜੁੜੀਆਂ ਬੱਚਿਆਂ ਦੀਆਂ ਦਰਦਨਾਕ ਮੌਤਾਂ ਤੋਂ ਬਾਅਦ ਲਿਆ ਗਿਆ ਹੈ, ਜਿੱਥੇ ਘੱਟੋ-ਘੱਟ 14 ਨਿੱਕੀਆਂ ਜਾਨਾਂ ਨੂੰ ਇਸ ਨੇ ਨਿਗਲ ਲਿਆ ਹੈ। ਇਹ ਘਟਨਾਵਾਂ ਭਾਰਤੀ ਦਵਾ ਨਿਰਮਾਣ ਉਦਯੋਗ ਵਿੱਚ ਨਿਯਮਾਂ ਨੂੰ ਨਜ਼ਰਅੰਦਾਜ਼ ਕਰਨ ਵਾਲੀ ਹਾਲਤ ਨੂੰ ਉਜਾਗਰ ਕਰ ਰਹੀਆਂ ਹਨ ਅਤੇ ਲੋਕਾਂ ਵਿੱਚ ਡਰ ਪੈਦਾ ਕਰ ਰਹੀਆਂ ਹਨ।

ਪੰਜਾਬ ਸਰਕਾਰ ਦੇ ਫ਼ੂਡ ਐਂਡ ਡਰੱਗਜ਼ ਐਡਮਨਿਸਟ੍ਰੇਸ਼ਨ (ਡਰੱਗਜ਼ ਵਿੰਗ) ਨੇ ਇਸ ਸਿਰਪ ਦੀ ਵਿਕਰੀ, ਵੰਡ ਅਤੇ ਵਰਤੋਂ ’ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਮੱਧ ਪ੍ਰਦੇਸ਼ ਡਰੱਗਜ਼ ਟੈਸਟਿੰਗ ਲੈਬੋਰੇਟਰੀ ਵੱਲੋਂ 4 ਅਕਤੂਬਰ 2025 ਨੂੰ ਜਾਰੀ ਕੀਤੀ ਰਿਪੋਰਟ ’ਤੇ ਆਧਾਰਤ ਹੈ, ਜਿਸ ਵਿੱਚ ਇਸ ਸਿਰਪ ਨੂੰ ਨਾਨ-ਸਟੈਂਡਰਡ ਕੁਆਲਿਟੀ ਵਾਲਾ ਐਲਾਨਿਆ ਗਿਆ ਹੈ। ਜਾਂਚ ਵਿੱਚ ਪਤਾ ਲੱਗਾ ਹੈ ਕਿ ਇਸ ਵਿੱਚ ਡਾਇਇਥੀਲੀਨ ਗਲਾਇਕੌਲ (ਡੀਈਜੀ) ਦੀ ਵਧੇਰੇ ਮਾਤਰਾ (46.28%) ਮੌਜੂਦ ਹੈ, ਜੋ ਇੱਕ ਜ਼ਹਿਰੀਲਾ ਰਸਾਇਣਕ ਹੈ ਅਤੇ ਸਿਹਤ ਲਈ ਘਾਤਕ ਹੈ। ਇਹ ਸਿਰਪ ਸ੍ਰੇਸਨ ਫ਼ਾਰਮਾਸਿਊਟੀਕਲਸ, ਕਾਂਚੀਪੁਰਮ, ਤਾਮਿਲਨਾਡੂ ਵੱਲੋਂ ਮਈ 2025 ਵਿੱਚ ਨਿਰਮਿਤ ਕੀਤਾ ਗਿਆ ਸੀ ਅਤੇ ਅਪ੍ਰੈਲ 2027 ਤੱਕ ਮਾਨਤਾ ਪ੍ਰਾਪਤ ਸੀ; ਪਰ ਇਹ ਇਸ ਦੇ ਬਾਵਜੂਦ ਬੱਚਿਆਂ ਲਈ ਜ਼ਹਿਰ ਬਣ ਗਿਆ। ਮੱਧ ਪ੍ਰਦੇਸ਼ ਦੇ ਛਿੰਦਵਾੜਾ ਜ਼ਿਲ੍ਹੇ ਵਿੱਚ ਇਹ ਤਬਾਹੀ ਵਾਲੀ ਘਟਨਾ ਹੋਈ ਹੈ, ਜਿੱਥੇ ਗਲੇ ਦੀ ਖਰਾਸ਼ ਜਾਂ ਠੰਢ ਲੱਗਣ ਵਾਲੇ ਬੱਚਿਆਂ ਨੂੰ ਡਾਕਟਰਾਂ ਨੇ ਇਹ ਸਿਰਪ ਦੇਣ ਦੇ ਨਿਰਦੇਸ਼ ਦਿੱਤੇ ਸਨ। ਰਿਪੋਰਟਾਂ ਅਨੁਸਾਰ ਇੱਥੇ ਘੱਟੋ-ਘੱਟ 11 ਤੋਂ 14 ਬੱਚੇ ਇਸ ਨਾਲ ਪੀੜਤ ਹੋਏ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 5 ਸਾਲ ਤੋਂ ਘੱਟ ਉਮਰ ਦੇ ਹਨ। ਬੱਚੇ ਸਿਰਪ ਪੀਣ ਤੋਂ ਬਾਅਦ ਤੇਜ਼ ਬੁਖਾਰ, ਉਲਟੀਆਂ ਤੇ ਗੁਰਦੇ ਦੀ ਖ਼ਰਾਬੀ ਵਰਗੀਆਂ ਸਮੱਸਿਆਵਾਂ ਨਾਲ ਪੀੜਤ ਹੋ ਗਏ ਅਤੇ ਅੰਤ ਮੌਤ ਦੇ ਮੂੰਹ ਵਿੱਚ ਜਾ ਪਏ।

ਪੁਲਿਸ ਨੇ ਡਾਕਟਰ ਅਤੇ ਫ਼ਾਰਮਾ ਕੰਪਨੀ ਵਿਰੁੱਧ ਐਫ਼.ਆਈ.ਆਰ. ਦਰਜ ਕੀਤੀ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਨੇ ਪੂਰੇ ਸੂਬੇ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿੱਥੇ ਪਰਿਵਾਰ ਆਪਣੇ ਬੱਚਿਆਂ ਦੀਆਂ ਲਾਸ਼ਾਂ ਨੂੰ ਲੈ ਕੇ ਸੜਕਾਂ ‘ਤੇ ਨਿਕਲੇ ਅਤੇ ਨਿਆਂ ਦੀ ਮੰਗ ਕੀਤੀ।

ਰਾਜਸਥਾਨ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਚਿੰਤਾ ਵਧਾ ਦਿੱਤੀ ਹੈ। ਇੱਥੇ ਵੀ ਪ੍ਰਦੂਸ਼ਿਤ ਕਫ਼ ਸਿਰਪਾਂ ਨਾਲ ਜੁੜੀਆਂ ਘੱਟੋ-ਘੱਟ 4 ਤੋਂ 5 ਬੱਚਿਆਂ ਦੀਆਂ ਮੌਤਾਂ ਦੀਆਂ ਰਿਪੋਰਟਾਂ ਹਨ, ਜੋ ਕੁੱਲ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ 14 ਤੋਂ ਵੱਧ ਹੋ ਗਈਆਂ ਹਨ। ਕਈ ਰਿਪੋਰਟਾਂ ਮੁਤਾਬਕ ਇਹ ਅੰਕੜਾ 18 ਤੱਕ ਪਹੁੰਚ ਗਿਆ ਹੈ। ਰਾਜਸਥਾਨ ਵਿੱਚ ਕੇਸਨ ਫ਼ਾਰਮਾ ਵਰਗੀਆਂ ਕੰਪਨੀਆਂ ਦੀ ਜਾਂਚ ਕੀਤੀ ਜਾ ਰਹੀ ਹੈ, ਜੋ ਡੈਕਸਟ੍ਰੋਮੈਥੌਰਫ਼ੈਨ ਹਾਈਡ੍ਰੋਬ੍ਰੋਮਾਈਡ ਵਰਗੇ ਜੈਨਰਿਕ ਕਫ਼ ਸਿਰਪ ਸਪਲਾਈ ਕਰਦੀਆਂ ਹਨ। ਇੱਥੇ ਵੀ ਬੱਚੇ ਗੁਰਦੇ ਫੇਲ੍ਹ ਹੋਣ ਕਾਰਨ ਮਰ ਰਹੇ ਹਨ, ਜੋ ਡੀਈਜੀ ਦੇ ਜ਼ਹਿਰੀਲੇ ਅਸਰ ਕਾਰਨ ਹੁੰਦਾ ਹੈ। ਸੂਬਾ ਸਰਕਾਰ ਨੇ ਇਸ ’ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਵਿਸ਼ੇਸ਼ ਜਾਂਚ ਟੀਮ ਬਣਾਈ ਹੈ। ਰਾਜਸਥਾਨ ਦੇ ਡਾਕਟਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਕਿਸੇ ਵੀ ਅਜਿਹੀ ਦਵਾ ਨੂੰ ਨਾ ਵਰਤਣ।

ਇਹ ਸਮੱਸਿਆ ਸਿਰਫ਼ ਇੱਕ ਸੂਬੇ ਤੱਕ ਸੀਮਿਤ ਨਹੀਂ ਹੈ। ਭਾਰਤ ਵਿੱਚ 2025 ਵਿੱਚ ਪ੍ਰਦੂਸ਼ਿਤ ਕਫ਼ ਸਿਰਪਾਂ ਨਾਲ ਜੁੜੀਆਂ ਘਟਨਾਵਾਂ ਵਧ ਰਹੀਆਂ ਹਨ। ਕੇਂਦਰੀ ਸਿਹਤ ਮੰਤਰਾਲਾ ਨੇ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ 18 ਬੱਚਿਆਂ ਦੀਆਂ ਮੌਤਾਂ ਤੋਂ ਬਾਅਦ ਉੱਚ-ਪੱਧਰੀ ਮੀਟਿੰਗ ਕੀਤੀ ਅਤੇ ਸਾਰੇ ਰਾਜਾਂ ਨੂੰ ਅਲਰਟ ਜਾਰੀ ਕੀਤਾ। ਤਿੰਨ ਸੂਬਿਆਂ- ਪੰਜਾਬ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਨੇ ਇਸ ਸਿਰਪ ’ਤੇ ਪਾਬੰਦੀ ਲਗਾ ਦਿੱਤੀ ਹੈ।

ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ (ਐੱਨ.ਐੱਚ.ਆਰ.ਸੀ.) ਨੇ ਮੱਧ ਪ੍ਰਦੇਸ਼, ਰਾਜਸਥਾਨ ਤੇ ਉੱਤਰ ਪ੍ਰਦੇਸ਼ ਨੂੰ ਨੋਟਿਸ ਜਾਰੀ ਕੀਤੇ ਹਨ ਅਤੇ ਕੇਂਦਰੀ ਸਿਹਤ ਮੰਤਰਾਲੇ ਤੋਂ ਵਿਸਥਾਰ ਨਾਲ ਜਾਂਚ ਦੀ ਮੰਗ ਕੀਤੀ ਹੈ। ਸੁਪਰੀਮ ਕੋਰਟ ਵਿੱਚ ਇੱਕ ਪੀ.ਆਈ.ਐੱਲ. ਦਾਇਰ ਹੋਈ ਹੈ, ਜੋ ਜਾਂਚ ਕਮਿਸ਼ਨ ਦੇ ਗਠਨ, ਸੀ.ਬੀ.ਆਈ. ਜਾਂਚ ਅਤੇ ਪ੍ਰਦੂਸ਼ਿਤ ਦਵਾਵਾਂ ਦੇ ਸਟਾਕ ਨੂੰ ਜ਼ਬਤ ਕਰਨ ਦੀ ਮੰਗ ਕਰਦੀ ਹੈ। ਪੁਲਿਸ ਨੇ ਨਿਰਮਾਤਾ ਕੰਪਨੀ ਵਿਰੁੱਧ ਅਪਰਾਧਕ ਕੇਸ ਦਰਜ ਕੀਤਾ ਹੈ।



*ਜਾਂਚ ਵਿੱਚ ਪਤਾ ਲੱਗਾ ਹੈ ਕਿ ਸਿਰਪ ਵਿੱਚ ਡਾਇਇਥੀਲੀਨ ਗਲਾਇਕੌਲ ਦੀ ਵਧੇਰੇ ਮਾਤਰਾ (46.28%) ਮੌਜੂਦ ਹੈ, ਜੋ ਇੱਕ ਜ਼ਹਿਰੀਲਾ ਰਸਾਇਣਕ ਹੈ ਅਤੇ ਸਿਹਤ ਲਈ ਘਾਤਕ ਹੈ।...ਬੱਚੇ ਸਿਰਪ ਪੀਣ ਤੋਂ ਬਾਅਦ ਤੇਜ਼ ਬੁਖਾਰ, ਉਲਟੀਆਂ ਤੇ ਗੁਰਦੇ ਦੀ ਖ਼ਰਾਬੀ ਜਿਹੀਆਂ ਸਮੱਸਿਆਵਾਂ ਨਾਲ ਪੀੜਤ ਹੋ ਗਏ ਅਤੇ ਅੰਤ ਮੌਤ ਦੇ ਮੂੰਹ ਵਿੱਚ ਜਾ ਪਏ।*

ਡਾਇਇਥੀਲੀਨ ਗਲਾਇਕੌਲ ਇੱਕ ਉਦਯੋਗਿਕ ਰਸਾਇਣਕ ਹੈ, ਜੋ ਐਂਟੀਫ੍ਰੀਜ਼ ਵਿੱਚ ਵਰਤਿਆ ਜਾਂਦਾ ਹੈ ਅਤੇ ਮਨੁੱਖੀ ਸਰੀਰ ਲਈ ਘਾਤਕ ਹੈ। ਇਹ ਗੁਰਦਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਨਰਵਸ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਬੱਚਿਆਂ ਵਿੱਚ ਤੇਜ਼ੀ ਨਾਲ ਮੌਤ ਦਾ ਕਾਰਨ ਬਣ ਜਾਂਦਾ ਹੈ। ਭਾਰਤ ਵਿੱਚ ਅਜਿਹੀਆਂ ਘਟਨਾਵਾਂ ਨਵੀਆਂ ਨਹੀਂ ਹਨ।

ਇਸ ਤੋਂ ਇਲਾਵਾ 2022 ਵਿੱਚ ਜਾਂਬੀਆ ਵਿੱਚ ਭਾਰਤ ਵਿੱਚ ਬਣਾਏ ਗਏ ਸਿਰਪਾਂ ਕਾਰਨ 70 ਬੱਚੇ ਮਰ ਗਏ ਸਨ, ਜੋ ਵੀ ਡੀਈਜੀ ਨਾਲ ਪ੍ਰਦੂਸ਼ਿਤ ਸਨ। ਉਸ ਤੋਂ ਬਾਅਦ ਵੀ ਨਿਯਮਾਂ ਵਿੱਚ ਕੋਈ ਵੱਡਾ ਬਦਲਾਅ ਨਹੀਂ ਹੋਇਆ, ਜਿਸ ਕਾਰਨ ਅੱਜ ਵੀ ਅਜਿਹੀਆਂ ਤਬਾਹੀਆਂ ਹੋ ਰਹੀਆਂ ਹਨ। ਪ੍ਰਸਿੱਧ ਮੈਡੀਕਲ ਸਿਹਤ ਮਾਹਿਰ ਡਾ. ਰਾਜੇਸ਼ ਅਗਰਵਾਲ ਕਹਿੰਦੇ ਹਨ, “ਬੱਚਿਆਂ ਦੀਆਂ ਦਵਾਈਆਂ ਵਿੱਚ ਪ੍ਰੋਪੀਲੀਨ ਗਲਾਇਕੌਲ ਵਰਗੇ ਸੁਰੱਖਿਅਤ ਰਸਾਇਣ ਵਰਤਣੇ ਚਾਹੀਦੇ ਹਨ, ਪਰ ਕਈ ਕੰਪਨੀਆਂ ਖ਼ਰਚ ਘਟਾਉਣ ਲਈ ਜ਼ਹਿਰੀਲੇ ਰਸਾਇਣਕ ਵਰਤਦੀਆਂ ਹਨ।” ਉਹ ਸੁਝਾਅ ਦਿੰਦੇ ਹਨ ਕਿ ਮਾਪੇ ਡਾਕਟਰੀ ਸਲਾਹ ਤੋਂ ਬਿਨਾਂ ਕੋਈ ਦਵਾ ਨਾ ਦੇਣ ਅਤੇ ਲੇਬਲ ਚੈੱਕ ਕਰਨ।

ਪੰਜਾਬ ਵਿੱਚ ਇਸ ਪਾਬੰਦੀ ਦੇ ਹੁਕਮ ਵਿੱਚ ਸਾਰੇ ਰਿਟੇਲਰਾਂ, ਸਪਲਾਇਰਾਂ, ਹਸਪਤਾਲਾਂ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਹ ਇਸ ਨੂੰ ਨਾ ਖਰੀਦਣ, ਨਾ ਵੇਚਣ ਅਤੇ ਨਾ ਵਰਤਣ। ਪੰਜਾਬ ਦੇ ਜੁਆਇੰਟ ਕਮਿਸ਼ਨਰ (ਡਰੱਗਜ਼) ਨੇ ਇਹ ਹੁਕਮ ਜਾਰੀ ਕੀਤੇ ਹਨ ਅਤੇ ਇਸ ਦੀ ਕਾਪੀ ਸਿਹਤ ਮੰਤਰੀ ਅਤੇ ਸਬੰਧਤ ਅਧਿਕਾਰੀਆਂ ਨੂੰ ਭੇਜੀ ਗਈ ਹੈ।

ਇਹ ਘਟਨਾਵਾਂ ਭਾਰਤੀ ਸਿਹਤ ਵਿਵਸਥਾ ਲਈ ਚੇਤਾਵਨੀ ਹਨ। ਫ਼ਾਰਮਾ ਉਦਯੋਗ ਵਿੱਚ ਗੁਣਵੱਤਾ ਕੰਟਰੋਲ ਦੀ ਲੋੜ ਹੈ, ਜਿੱਥੇ ਹਰ ਬੈਚ ਦੀ ਜਾਂਚ ਲਾਜ਼ਮੀ ਹੋਵੇ। ਵਿਰੋਧੀ ਧਿਰਾਂ ਨੇ ਕੇਂਦਰ ਅਤੇ ਰਾਜ ਸਰਕਾਰਾਂ ’ਤੇ ਨਿਸ਼ਾਨਾ ਸਾਧਿਆ ਹੈ ਕਿ ਉਹ ਨਿਯਮਾਂ ਨੂੰ ਸਖ਼ਤ ਨਹੀਂ ਬਣਾ ਰਹੀਆਂ। ਵਿਰੋਧੀ ਧਿਰਾਂ ਕਹਿ ਰਹੀਆਂ ਹਨ, “ਬੱਚਿਆਂ ਦੀਆਂ ਜਾਨਾਂ ਨਾਲ ਖੇਡਣ ਵਾਲੀਆਂ ਕੰਪਨੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।”

ਇਹ ਸੰਕਟ ਦੱਸਦਾ ਹੈ ਕਿ ਸਿਹਤ ਨਾਲ ਜੁੜੀਆਂ ਚੀਜ਼ਾਂ ਵਿੱਚ ਕੋਈ ਸਮਝੌਤਾ ਨਹੀਂ ਹੋ ਸਕਦਾ। ਪੰਜਾਬ ਸਰਕਾਰ ਦਾ ਇਹ ਕਦਮ ਇੱਕ ਚੰਗਾ ਸੰਕੇਤ ਹੈ, ਪਰ ਪੂਰੇ ਦੇਸ਼ ਨੂੰ ਅਜਿਹੇ ਫ਼ੈਸਲੇ ਲੈਣੇ ਪੈਣਗੇ। ਜੇਕਰ ਨਿਯਮ ਮਜ਼ਬੂਤ ਨਹੀਂ ਹੋਏ, ਤਾਂ ਹੋਰ ਜਾਨਾਂ ਵੀ ਖ਼ਤਰੇ ਵਿੱਚ ਪੈ ਸਕਦੀਆਂ ਹਨ। ਲੋਕਾਂ ਨੂੰ ਅਲਰਟ ਰਹਿਣਾ ਚਾਹੀਦਾ ਹੈ ਅਤੇ ਸਰਕਾਰਾਂ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।





A TATA PRODUCT
www.tanishq.com
TANISHQ
USA
PRESENTS
India wali
Diwali
ZERO
DEDUCTION*
on exchange of
old Gold above 9 KT
UP TO 25% OFF*
on making charges of Gold jewelry
and on Diamond jewelry value
4300 East New York Street,
Opp. Fox Valley Mall, Aurora
*T&C Apply

# ਅਮਰੀਕੀ ਫੌਜ 'ਚ ਦਾਹੜੀ ਰੱਖਣ ਦਾ ਰੁਝਾਨ ਖਤਮ ਕਰਨ ਦੀ ਚਰਚਾ




***ਇਸ ਮਸਲੇ ਨੂੰ ਇਉਂ ਨਜਿੱਠਣਾ ਆਸਾਨ ਨਹੀਂ**

**---**

***ਸਿੱਖ, ਮੁਸਲਿਮ ਅਤੇ ਯਹੂਦੀ ਜਵਾਨਾਂ ਵਿੱਚ ਚਿੰਤਾ ਵਧੀ**



ਪੰਜਾਬੀ ਪਰਵਾਜ਼ ਬਿਊਰੋ

ਪਿਛਲੇ ਕੁਝ ਸਾਲਾਂ ਵਿੱਚ ਜਿਵੇਂ ਦੁਨੀਆਂ 'ਤੇ ਸੱਜੇ ਪੱਖੀ ਸਿਆਸਤ ਦਾ ਬੋਲਬਾਲਾ ਹੋਇਆ ਹੈ ਤਾਂ ਸੰਬੰਧਤ ਮੁਲਕਾਂ ਵਿੱਚ ਧਾਰਮਿਕ, ਭਾਸ਼ਾਈ ਜਾਂ ਨਸਲੀ ਘੱਟਗਿਣਤੀਆਂ ਦੇ ਜੀਣ-ਥੀਣ ਲਈ ਸਪੇਸ ਸੁੰਗੜਦੀ ਜਾ ਰਹੀ ਹੈ। ਇਸ ਮਾਮਲੇ ਵਿੱਚ ਕਈ ਸਾਲ ਫਰਾਂਸ ਵਿੱਚ ਸਿੱਖਾਂ ਦੀ ਪੱਗ ਦਾ ਮਸਲਾ ਉੱਠਦਾ ਰਿਹਾ ਹੈ। ਭਾਰਤ ਵਿੱਚ 1947 ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ, ਸਿੱਖ ਧਾਰਮਿਕ ਚਿੰਨ੍ਹਾਂ ਦੇ ਮਾਮਲੇ ਉਭਰਦੇ ਰਹੇ ਹਨ ਅਤੇ ਛੋਟੇ ਵੱਡੇ ਸੰਘਰਸ਼ ਤੋਂ ਬਾਅਦ ਹੱਲ ਵੀ ਹੁੰਦੇ ਰਹੇ ਹਨ।

ਲੰਘੀ 30 ਸਤੰਬਰ ਨੂੰ ਮੇਰਾਈਨ ਕੌਰਪਸ (ਇਹ ਵਿਭਾਗ ਅਮਰੀਕੀ ਨੇਵੀ ਅਧੀਨ ਹੈ ਤੇ ਜਲ, ਥਲ ਅਤੇ ਹਵਾਈ- ਤਿੰਨਾਂ ਪੱਧਰਾਂ 'ਤੇ ਕੰਮ ਕਰਦਾ ਹੈ) ਬੇਸ ਕੁਆਂਟੀਕੋ ਵਿਖੇ ਸੀਨੀਅਰ ਮਿਲਟਰੀ ਲੀਡਰਾਂ ਨੂੰ ਸੰਬੋਧਨ ਕਰਦਿਆਂ ਡਿਫੈਂਸ ਸਕੱਤਰ ਪੀਟ ਹੈਗਸੈਥ ਨੇ ਕਿਹਾ ਕਿ ਉਹ ਅਮਰੀਕੀ ਫੌਜ ਵਿੱਚ ਹਰ ਕਿਸੇ ਨੂੰ ਪ੍ਰੋਫੈਸ਼ਨਲ ਦਿੱਖ ਵਿੱਚ (ਕਲੀਨ ਸ਼ੇਵਨ) ਵੇਖਣਾ ਚਾਹੁੰਦਾ ਹੈ। ਇਸ ਬਿਆਨ ਦੇ ਛਪਣ ਨਾਲ ਦੁਨੀਆਂ ਭਰ ਦੇ ਸਿੱਖ ਹਲਕਿਆਂ ਵਿੱਚ ਇੱਕ ਹਿਲਜੁਲ ਹੋਣ ਲੱਗੀ ਹੈ। ਵਰਜੀਨੀਆ ਦੇ ਕੁਆਂਟੀਕੋ ਵਿਖੇ ਉਨ੍ਹਾਂ ਦੁਨੀਆਂ ਭਰ ਵਿੱਚ ਨਿਯੁਕਤ ਅਮਰੀਕੀ ਫੌਜੀ ਜਨਰਲਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਨ੍ਹੀਂ ਦਿਨੀਂ ਮੇਰੇ ਸਾਰੇ ਨਿਰਦੇਸ਼ਾਂ ਵਿੱਚ ਇਹ ਗੱਲ ਸਾਫ ਕੀਤੀ ਗਈ ਹੈ ਕਿ ਉਹ ਆਪਣੀ ਫੌਜੀ ਵਰਦੀ ਵਿੱਚ ਹਰ ਇੱਕ ਨੂੰ ਕਲੀਨ ਸ਼ੇਵ ਵੇਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਫੌਜ ਵਿੱਚ ਵੱਖ-ਵੱਖ ਕਿਸਮ ਦੀਆਂ ਦਾਹੜੀਆਂ ਰੱਖਣ ਦੇ ਦਿਨ ਹੁਣ ਲੱਦ ਗਏ ਹਨ।

ਇਹ ਨੀਤੀ 2010 ਤੋਂ ਪਹਿਲਾਂ ਵਾਲੇ ਸਖ਼ਤ ਨਿਯਮਾਂ ਵੱਲ ਵਾਪਸੀ ਹੈ, ਜਿਸ ਵਿੱਚ ਜ਼ਿਆਦਾਤਰ ਧਾਰਮਿਕ ਛੋਟਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਇਹ ਨੀਤੀ 1981 ਦੇ ਅਮਰੀਕੀ ਸੁਪਰੀਮ ਕੋਰਟ ਦੇ ਫ਼ੈਸਲੇ ਨਾਲ ਜੁੜੀ ਹੋਈ ਹੈ, ਜਿਸ ਵਿੱਚ ਫੌਜੀਆਂ ਲਈ ਸਖ਼ਤ ਗਰੂਮਿੰਗ ਨਿਯਮ ਬਣਾਏ ਗਏ ਸਨ। ਪਹਿਲਾਂ 2010 ਵਿੱਚ ਇਹ ਨਿਯਮ ਢਿੱਲੇ ਕੀਤੇ ਗਏ ਸਨ, ਪਰ ਹੁਣ ਵਾਪਸ ਸਖ਼ਤ ਹੋ ਰਹੇ ਹਨ। ਅਮਰੀਕੀ ਰੱਖਿਆ ਵਿਭਾਗ ਨੇ ਸਾਰੀਆਂ ਫੌਜੀ ਸ਼ਾਖਾਵਾਂ ਨੂੰ ਹੁਕਮ ਦਿੱਤਾ ਹੈ ਕਿ ਧਾਰਮਿਕ ਛੋਟਾਂ ਸਮੇਤ ਜ਼ਿਆਦਾਤਰ ਦਾਹੜੀ ਵਾਲੀਆਂ ਛੋਟਾਂ ਨੂੰ 60 ਦਿਨਾਂ ਵਿੱਚ ਹਟਾ ਦਿੱਤਾ ਜਾਵੇ। ਇਹ ਛੋਟਾਂ ਸਿਰਫ਼ ਵਿਸ਼ੇਸ਼ ਬਲਾਂ ਲਈ ਰੱਖੀਆਂ ਗਈਆਂ ਹਨ, ਜਿੱਥੇ ਸਥਾਨਕ ਲੋਕਾਂ ਵਿੱਚ ਘੁਲਣ-ਮਿਲਣ ਲਈ ਅਸਥਾਈ ਛੋਟ ਦਿੱਤੀ ਜਾਂਦੀ ਹੈ।

ਇਸ ਨੀਤੀ ਦਾ ਸਭ ਤੋਂ ਵੱਡਾ ਅਸਰ ਸਿੱਖ ਜਵਾਨਾਂ 'ਤੇ ਪੈ ਰਿਹਾ ਹੈ। ਸਿੱਖ ਭਾਈਚਾਰੇ ਲਈ ਦਾਹੜੀ ਅਤੇ ਪੱਗ ਧਾਰਮਿਕ ਪਛਾਣ ਦਾ ਅਨਿੱਖੜਵਾਂ ਹਿੱਸਾ ਹਨ। ਸਿੱਖ ਕੋਲੀਸ਼ਨ ਨੇ ਇਸ ਨੀਤੀ 'ਤੇ ਗਹਿਰੀ ਚਿੰਤਾ ਅਤੇ ਗੁੱਸਾ ਜ਼ਾਹਰ ਕੀਤਾ ਹੈ। ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਫ਼ੈਸਲਾ ਫੌਜ ਵਿੱਚ ਸੇਵਾ ਕਰ ਰਹੇ ਧਾਰਮਿਕ ਜਵਾਨਾਂ ਨੂੰ ਹਾਸ਼ੀਏ 'ਤੇ ਧੱਕ ਦੇਵੇਗਾ। ਇੱਕ ਸਿੱਖ ਜਵਾਨ ਨੇ ਸੋਸ਼ਲ ਮੀਡੀਆ 'ਤੇ ਲਿਖਿਆ, "ਮੇਰੇ ਕੇਸ ਮੇਰੀ ਪਛਾਣ ਹਨ। ਇਹ ਵਿਸ਼ਵਾਸਘਾਤ ਵਾਂਗੂੰ ਹੈ।"

ਪੀਟ ਹੈਗਸੈਥ ਦੇ ਬਿਆਨ ਦਾ ਅਮਰੀਕਾ ਵਿੱਚ ਵਿਚਰਦੀਆਂ ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਵਿੱਚ ਵਿਚਰਦੇ ਵੱਖ-ਵੱਖ ਅਕਾਲੀ ਦਲਾਂ ਨੇ ਇਸ ਮਾਮਲੇ 'ਤੇ ਚਿੰਤਾ ਜ਼ਾਹਰ ਕੀਤੀ ਹੈ ਅਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਭਾਰਤ ਤੇ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਦੀ ਮੰਗ ਕੀਤੀ ਹੈ।

ਪੀਟ ਹੈਗਸੈਥ ਅਨੁਸਾਰ ਦਾਹੜੀ ਵਧਾਉਣ ਤੋਂ ਇਲਾਵਾ ਲੰਮੇ ਕੇਸ ਰੱਖਣ ਅਤੇ ਇਸ ਸੰਬੰਧ ਵਿੱਚ ਆਪਣੀ ਪਰਸਨਲ ਦਿੱਖ ਬਣਾਉਣ ਦੀ ਇਜਾਜ਼ਤ ਵੀ ਨਹੀਂ ਹੋਏਗੀ। ਯਾਦ ਰਹੇ, ਅਮਰੀਕੀ ਡਿਫੈਂਸ ਸਕੱਤਰ ਦੇ ਉਪਰੋਕਤ ਬਿਆਨ ਵਿੱਚ ਔਰਤਾਂ ਬਾਰੇ ਬਹੁਤਾ ਕੁਝ ਨਹੀਂ ਕਿਹਾ ਗਿਆ; ਪਰ ਪੀਟ ਹੈਗਸੈਥ ਦਾ ਇਹ ਆਖਣਾ ਕਿ ਸਰੀਰਕ ਸ਼ਕਤੀ ਵਾਲੇ ਕੰਮਾਂ ਦੇ ਮਾਮਲੇ ਵਿੱਚ ਫੌਜ ਵਿੱਚ ਭਰਤੀ ਹੋਣ ਵਾਲੀਆਂ ਔਰਤਾਂ ਮਰਦਾਂ ਦੇ ਬਰਾਬਰ ਹੋਣੀਆਂ ਚਾਹੀਦੀਆਂ ਹਨ, ਹੀ ਦਰਸਾਉਂਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਫੌਜ ਵਿੱਚ ਔਰਤਾਂ ਦੀ ਭਰਤੀ ਸੰਬੰਧੀ ਅਮਰੀਕੀ ਸਰਕਾਰ ਦੀ ਪਹੁੰਚ ਕਿਹੋ ਜਿਹੀ ਹੋਵੇਗੀ। ਇੱਥੇ ਦਿਲਚਸਪ ਤੱਥ ਇਹ ਹੈ ਕਿ ਅਮਰੀਕੀ ਫੌਜ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਜ਼ਿਆਦਾ ਭਾਰੇ ਕੰਮਾਂ ਦੇ ਮਾਮਲੇ ਵਿੱਚ ਕੁਝ ਛੋਟਾਂ ਮਿਲੀਆਂ ਹੋਈਆਂ ਹਨ। ਡਿਫੈਂਸ ਸਕੱਤਰ ਨੇ 1990 ਦੇ ਨਿਯਮਾਂ ਤੋਂ ਪਹਿਲਾਂ ਵਾਲੇ ਦੌਰ ਨੂੰ ਪੁਨਰਸੁਰਜੀਤ ਕਰਨ ਦੀ ਗੱਲ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਫੌਜੀ ਦਿੱਖ ਅਤੇ ਅਨੁਸ਼ਾਸਨੀ ਨਿਯਮਾਂ ਬਾਰੇ ਪਿਛਲੇ 35 ਸਾਲ ਦਾ ਮੁਲੰਕਣ ਕਰ ਰਹੇ ਹਾਂ। ਪੀਟ ਹੈਗਸੈਥ ਨੇ ਆਪਣੇ ਨਿਰਦੇਸ਼ ਵਿੱਚ ਧਾਰਮਿਕ ਆਸਥਾ ਸਮੇਤ, ਸਾਰੀ ਕਿਸਮ ਦੀਆਂ ਦਾਹੜੀਆਂ ਰੱਖਣ ਵਾਲੇ ਫੌਜੀਆਂ ਨੂੰ ਬਾਹਰ ਦਾ ਰਸਤਾ ਵਿਖਾਉਣ ਬਾਰੇ ਕਿਹਾ ਹੈ। ਉਨ੍ਹਾਂ ਕਿਹਾ ਕਿ ਫੌਜ ਵਿੱਚ ਜਿਹੜਾ ਵੀ ਮੁਲਾਜ਼ਮ ਸ਼ੇਵ ਨਹੀਂ ਕਰਨਾ ਚਾਹੁੰਦਾ, ਉਹ ਕਿਸੇ ਹੋਰ ਰੁਜ਼ਗਾਰ ਦੀ ਤਾਲਾਸ਼ ਕਰ ਸਕਦਾ ਹੈ।

ਅਮਰੀਕੀ ਨੇਵੀ ਵਿੱਚੋਂ ਰਿਟਾਇਰ ਹੋਏ ਇੱਕ ਸਿੱਖ ਅਫਸਰ ਸੁਖਬੀਰ ਤੂਰ ਨੇ ਇਸ ਬਾਰੇ ਇੱਕ ਗੱਲਬਾਤ ਵਿੱਚ ਕਿਹਾ ਕਿ ਪੀਟ ਹੈਗਸੈਥ ਨੂੰ ਅਮਰੀਕੀ ਫੌਜ ਅੰਦਰਲੀ ਅਸਲੀਅਤ ਦਾ ਪਤਾ ਨਹੀਂ ਹੈ। ਉਨ੍ਹਾਂ ਕਿਹਾ, "ਮੈਨੂੰ ਲਗਦਾ ਹੈ, ਹੈਗਸੈਥ ਨੂੰ ਉਨ੍ਹਾਂ ਮਸਲਿਆਂ ਬਾਰੇ ਪਤਾ ਨਹੀਂ ਹੈ, ਜਿਨ੍ਹਾਂ ਬਾਰੇ ਉਹ ਗੱਲ ਕਰ ਰਿਹਾ ਹੈ। ਜਿਸ ਢੰਗ ਨਾਲ ਡਿਫੈਂਸ ਸਕੱਤਰ ਨੇ ਇਸ ਬਾਰੇ ਗੱਲ ਕੀਤੀ ਹੈ, ਇਹ ਬੇਹੱਦ ਅਪਮਾਨਜਨਕ ਹੈ।" ਸੈਂਕੜੇ ਹੋਰ ਸਿੱਖਾਂ ਸਮੇਤ ਸੁਖਬੀਰ ਨੂੰ ਵੀ ਅਮਰੀਕੀ ਫੌਜੀ ਵਰਦੀ ਵਿੱਚ ਦਾਹੜੀ ਰੱਖਣ ਅਤੇ ਪੱਗ ਬੰਨ੍ਹਣ ਦੀ ਛੂਟ ਦਿੱਤੀ ਗਈ। ਉਸ ਨੇ ਕਿਹਾ ਕਿ ਫੌਜ ਵਿੱਚ ਦਾਹੜੀ ਨਾ ਰੱਖਣ ਬਾਰੇ ਨਵੇਂ ਨਿਰਦੇਸ਼ ਬਹੁਤ ਸਾਰੇ ਮੁਸਲਮਾਨਾਂ ਅਤੇ ਸਿੱਖਾਂ ਦਾ ਕੈਰੀਅਰ ਤਬਾਹ ਕਰ ਸਕਦੇ ਹਨ। ਉਂਝ ਅਮਰੀਕੀ ਫੌਜੀ ਫੋਰਸਾਂ ਨਾਲ ਨੇੜੇ ਤੋਂ ਵਾਹ ਰੱਖਣ ਵਾਲੇ ਲੋਕਾਂ ਨੂੰ ਪਤਾ ਹੈ ਕਿ ਫੌਜੀ ਦਿੱਖ ਸਾਰੀ ਦੁਨੀਆਂ ਵਿੱਚ ਹੀ ਵੰਨ-ਸਵੰਨੀ ਹੋ ਰਹੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹੋ ਸਕਦੇ। ਧਾਰਮਿਕ ਸ਼ਰਧਾ ਤੋਂ ਲੈ ਕੇ ਚਮੜੀ ਅਤੇ ਚਿਹਰੇ ਦੇ ਰੋਗਾਂ ਤੱਕ। ਇੱਕ ਅੰਦਾਜ਼ੇ ਅਨੁਸਾਰ ਤਕਰੀਬਨ ਪੰਤਾਲੀ ਫੀਸਦੀ ਕਾਲੇ ਫੌਜੀਆਂ ਦੇ ਵਾਰ-ਵਾਰ ਸ਼ੇਵ ਕਰਨ ਨਾਲ 'ਸੂਡੋ ਫੌਲੀਕੁਲਾਇਟਸ' ਨਾਂ ਦੀ ਬਿਮਾਰੀ ਹੋ ਜਾਂਦੀ ਹੈ। ਇਨ੍ਹਾਂ ਫੌਜੀਆਂ ਨੂੰ ਸੁਚੱਜੇ ਢੰਗ ਨਾਲ ਕੱਟੀ ਹੋਈ ਛੋਟੀ ਦਾਹੜੀ ਰੱਖਣ ਦੀ ਅਮਰੀਕੀ ਫੌਜ ਵਿੱਚ ਇਜਾਜ਼ਤ ਦੇ ਦਿੱਤੀ ਜਾਂਦੀ ਹੈ। ਹਿਸਪੈਨਿਕ ਲੋਕਾਂ ਵਿੱਚ ਇਹ ਬਿਮਾਰੀ ਕਾਫੀ ਹੁੰਦੀ ਹੈ; ਪਰ ਗੋਰੇ ਫੌਜੀਆਂ ਵਿੱਚ ਸਿਰਫ ਤਿੰਨ ਫੀਸਦੀ ਹੈ।

ਅਮਰੀਕੀ ਫੌਜ ਵਿੱਚ 20 ਸਾਲ ਤੱਕ ਸਕਿੱਨ ਸਪੈਸ਼ਲਿਸਟ ਵਜੋਂ ਕੰਮ ਕਰਨ ਵਾਲੇ ਡਾਕਟਰ ਸਿਲਬਰਨ ਸੋਡਨ ਨੇ ਕਿਹਾ ਕਿ ਕੁਝ ਲੋਕਾਂ ਦੇ ਘੁੰਗਰਾਲੇ ਵਾਲ ਹੋਣ ਕਾਰਨ ਵੀ ਉਨ੍ਹਾਂ ਨੂੰ ਸ਼ੇਵ ਕਰਨ ਵਿੱਚ ਸਮੱਸਿਆ ਆਉਣ ਲਗਦੀ ਹੈ। ਇਸ ਕਾਰਨ ਵਾਲ ਅੰਦਰ ਵੱਲ ਉੱਗਣ ਲਗਦੇ ਹਨ, ਜਿਸ ਕਾਰਨ ਚਿਹਰੇ 'ਤੇ ਵੱਡੇ ਦਾਗ ਪੈ ਸਕਦੇ ਹਨ। ਯਾਦ ਰਹੇ, ਜਦੋਂ ਅਮਰੀਕੀ ਸਰਕਾਰ ਸ਼ੇਵ ਕਰਨ ਦੇ ਮਾਮਲੇ ਵਿੱਚ ਸਖਤੀ ਕਰਨ ਲੱਗੀ ਹੈ ਤਾਂ ਦੂਜੇ ਪਾਸੇ ਨਾਟੋ ਨਾਲ ਸੰਬੰਧਤ ਫੌਜਾਂ ਵਿੱਚ ਚਿਹਰੇ 'ਤੇ ਵਾਲਾਂ ਦੇ ਮਾਮਲੇ ਵਿੱਚ ਵਿਲੱਖਣਤਾਵਾਂ ਨੂੰ ਸਵੀਕਾਰ ਕਰ ਲਿਆ ਗਿਆ ਹੈ। ਪਿਛਲੇ ਸਾਲ ਬਰਤਾਨੀਆ ਦੀ ਫੌਜ ਨੇ ਚਿਹਰੇ 'ਤੇ ਦਾਹੜੀ ਰੱਖਣ ਸੰਬੰਧੀ ਬੈਨ ਖਤਮ ਕਰ ਦਿੱਤਾ ਹੈ। ਕੈਨੇਡਾ, ਡੈਨਮਾਰਕ, ਜਰਮਨੀ ਅਤੇ ਬੈਲਜੀਅਮ ਜਿਹੇ ਮੁਲਕਾਂ ਨੇ ਵੀ ਫੌਜੀਆਂ ਨੂੰ ਚਿਹਰੇ 'ਤੇ ਦਾਹੜੀ ਰੱਖਣ ਦੀ ਇਜਾਜ਼ਤ ਦਿੱਤੀ ਹੋਈ ਹੈ। ਸਾਲ 2022 ਵਿੱਚ ਆਸਟਰੇਲੀਅਨ ਏਅਰ ਫੋਰਸ ਨੇ ਦਾਹੜੀ ਵਾਲੇ ਫੌਜੀਆਂ 'ਤੇ ਬੈਨ ਖਤਮ ਕਰ ਦਿੱਤਾ ਹੈ।

ਫੌਜ ਵਿੱਚ ਦਾਹੜੀ ਰੱਖਣ ਜਾਂ ਨਾ ਰੱਖਣ ਦੇ ਮਸਲੇ ਦਾ ਇਸ ਵਕਤ ਉੱਠਣ ਦਾ ਕੀ ਕੋਈ ਰਾਜਨੀਤਿਕ ਐਂਗਲ ਵੀ ਹੋ ਸਕਦਾ ਹੈ? ਖਾਸ ਕਰਕੇ ਪੰਜਾਬੀ ਡਾਇਸਪੋਰਾ ਨਾਲ ਸੰਬੰਧਤ? ਕੁਝ ਰਾਜਨੀਤਿਕ ਵਿਸ਼ਲੇਸ਼ਕ ਆਖਦੇ ਹਨ ਕਿ ਇਹ ਹੋ ਸਕਦਾ ਹੈ। ਅਮਰੀਕਾ ਭਾਰਤ ਨੂੰ ਚੀਨ ਅਤੇ ਰੂਸ ਦੇ ਖੇਮੇ ਵਿੱਚ ਜਾਣ ਤੋਂ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਕੁਝ ਦਿਨ ਪਹਿਲਾਂ ਜਦੋਂ ਇਕ 70 ਸਾਲਾ ਪੰਜਾਬੀ ਔਰਤ ਸੁਰਜੀਤ ਕੌਰ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਤਾਂ ਅਮਰੀਕੀ ਸਰਕਾਰ ਵੱਲੋਂ ਇੱਕ ਟੀਮ ਕਿਸੇ ਬਿਜ਼ਨਸ ਸੰਬੰਧੀ ਸਮਝੌਤੇ ਦੇ ਮਾਮਲੇ ਵਿੱਚ ਭਾਰਤ ਆਈ ਹੋਈ ਸੀ। ਸੁਰਜੀਤ ਕੌਰ ਦੀ ਡਿਪੋਰਟੇਸ਼ਨ ਇਸ ਸੰਦਰਭ (ਕੌਂਟੈਕਸਟ) ਵਿੱਚ ਇੱਕ ਸੰਕੇਤਕ ਕਾਰਵਾਈ ਸੀ। ਭਾਵੇਂ ਦੋਹਾਂ ਮੁਲਕਾਂ ਵਿਚਕਾਰ ਟਰੇਡ ਟੈਰਿਫਸ ਨੂੰ ਹਟਾਉਣ ਜਾਂ 'ਫਰੀ ਟਰੇਡ ਐਗਰੀਮੈਂਟ' ਕਰਨ ਵਿੱਚ ਹਾਲੇ ਕੋਈ ਸਫਲਤਾ ਨਹੀਂ ਮਿਲੀ, ਪਰ ਭਾਰਤ ਨੂੰ ਆਪਣੇ ਪੱਖ ਵਿੱਚ ਜਿੱਤਣ ਲਈ ਅਮਰੀਕਾ ਭਾਰਤ ਨੂੰ ਯਕੀਨ ਦਿਵਾਉਣ ਦੇ ਯਤਨ ਵਿੱਚ ਹੈ ਕਿ ਸਾਡੇ ਨਾਲ ਮਿਲ ਕੇ ਚੱਲੋ, ਸਿੱਖ ਤੇ ਸਾਡੇ ਲਈ ਘੜੇ ਦੀ ਮੱਛੀ ਹਨ। ਜਦੋਂ ਚਾਹੀਏ ਕੰਨ ਮਰੋੜ ਸਕਦੇ ਹਾਂ। ਅਮਰੀਕੀ ਫੌਜ ਵਿੱਚ ਦਾਹੜੀ ਦਾ ਮਾਮਲਾ ਚੁੱਕਣ ਦੇ ਮਾਮਲੇ ਵਿੱਚ ਵੀ ਇਸ ਰਾਜਨੀਤਿਕ ਪੱਖ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿੱਚ ਸਿੱਖ ਲੀਡਰਸ਼ਿਪ ਦੇ ਕਮਜ਼ੋਰ ਹੋਣ ਕਾਰਨ ਅਜਿਹੇ ਮਾਮਲਿਆਂ ਖਿਲਾਫ ਸਿੱਖ ਲੀਡਰਾਂ ਵੱਲੋਂ ਆਵਾਜ਼ ਵੀ ਚੱਜ ਨਾਲ ਨਹੀਂ ਉਠਾਈ ਜਾ ਰਹੀ।

ਚੇਤੇ ਰਹੇ, ਸਿੱਖ ਅਮਰੀਕੀ ਫੌਜ ਵਿੱਚ 1917 ਤੋਂ ਸੇਵਾ ਦੇ ਰਹੇ ਹਨ। ਪਹਿਲੇ ਵਿਸ਼ਵ ਯੁੱਧ ਵਿੱਚ ਵੀ ਉਹ ਸ਼ਾਮਲ ਸਨ। ਭਗਤ ਸਿੰਘ ਥਿੰਦ 1917 ਵਿੱਚ ਅਮਰੀਕੀ ਫੌਜ ਵਿੱਚ ਭਰਤੀ ਹੋਣ ਵਾਲੇ ਪਹਿਲੇ ਜਾਣੇ-ਪਛਾਣੇ ਸਿੱਖ ਸਨ। ਉਨ੍ਹਾਂ ਨੂੰ ਪੱਗ ਬੰਨ੍ਹਣ ਦੀ ਇਜਾਜ਼ਤ ਮਿਲੀ ਸੀ, ਪਰ ਇਹ ਇੱਕ ਅਪਵਾਦ ਸੀ। 1980 ਦੇ ਦਹਾਕੇ ਵਿੱਚ ਸਖ਼ਤ ਨਿਯਮਾਂ ਨੇ ਦਾਹੜੀ ਅਤੇ ਪੱਗ 'ਤੇ ਪਾਬੰਦੀ ਲਗਾ ਦਿੱਤੀ। ਫਿਰ 2010 ਵਿੱਚ ਬਦਲਾਅ ਆਇਆ। ਕੈਪਟਨ ਸਿਮਰਨਪ੍ਰੀਤ ਸਿੰਘ ਲਾਂਬਾ ਅਤੇ ਡਾ. ਮੇਜਰ ਕਮਲਜੀਤ ਸਿੰਘ ਕਲਸੀ ਵਰਗੇ ਦੋ ਸਿੱਖ ਅਧਿਕਾਰੀਆਂ ਨੂੰ ਧਾਰਮਿਕ ਛੋਟ ਦਿੱਤੀ ਗਈ। ਇਹ ਇੱਕ ਮਿਸਾਲ ਬਣ ਗਈ ਅਤੇ 2017 ਵਿੱਚ ਦਾਹੜੀ, ਪੱਗ ਅਤੇ ਹੋਰ ਧਾਰਮਿਕ ਚਿੰਨ੍ਹਾਂ ਨੂੰ ਸਥਾਈ ਇਜਾਜ਼ਤ ਮਿਲ ਗਈ। ਜੁਲਾਈ 2025 ਵਿੱਚ ਨੀਤੀ ਨੂੰ ਅਪਡੇਟ ਕੀਤਾ ਗਿਆ ਸੀ, ਪਰ ਧਾਰਮਿਕ ਖੁਲ੍ਹਾਂ ਨੂੰ ਬਰਕਰਾਰ ਰੱਖਿਆ ਗਿਆ। ਹੁਣ ਇਹ ਨਵੀਂ ਨੀਤੀ ਉਨ੍ਹਾਂ ਸਾਰੇ ਪ੍ਰਗਤੀਸ਼ੀਲ ਬਦਲਾਵਾਂ ਨੂੰ ਪਿੱਛੇ ਧੱਕ ਰਹੀ ਹੈ।

ਸਿੱਖ ਜਵਾਨਾਂ ਨੇ ਬਹੁਤ ਵਾਰ ਸਾਬਤ ਕੀਤਾ ਹੈ ਕਿ ਦਾਹੜੀ ਅਤੇ ਪੱਗ ਉਨ੍ਹਾਂ ਦੇ ਫੌਜੀ ਕੰਮ ਵਿੱਚ ਰੁਕਾਵਟ ਨਹੀਂ ਬਣਦੇ। ਉਨ੍ਹਾਂ ਨੇ ਗੈਸ ਮਾਸਕ ਅਤੇ ਹੋਰ ਟੈਸਟ ਪਾਸ ਕੀਤੇ ਹਨ। ਇਸ ਦੇ ਬਾਵਜੂਦ ਇਹ ਨੀਤੀ ਉਨ੍ਹਾਂ ਦੇ ਧਾਰਮਿਕ ਅਧਿਕਾਰਾਂ ਨੂੰ ਚੁਣੌਤੀ ਦੇ ਰਹੀ ਹੈ। ਇਹ ਅਧਿਕਾਰ ਪਹਿਲੀ ਵਾਰ 1981 ਦੇ ਸੁਪਰੀਮ ਕੋਰਟ ਦੇ ਫੈਸਲੇ ਨਾਲ ਮਾਨਤਾ ਪ੍ਰਾਪਤ ਹੋਏ ਸਨ। ਅੱਜ ਜੇਕਰ ਇਹ ਨੀਤੀ ਲਾਗੂ ਹੋ ਗਈ ਤਾਂ ਸਿੱਖ ਜਵਾਨਾਂ ਨੂੰ ਆਪਣੇ ਧਰਮ ਅਤੇ ਕਰੀਅਰ ਵਿੱਚੋਂ ਇੱਕ ਚੁਣਨਾ ਪੈ ਸਕਦਾ ਹੈ। ਇਹ ਨਾ ਸਿਰਫ਼ ਉਨ੍ਹਾਂ ਦੀ ਨਿੱਜੀ ਪਛਾਣ ਨੂੰ ਠੇਸ ਪਹੁੰਚਾਏਗਾ, ਸਗੋਂ ਫੌਜ ਵਿੱਚ ਬਰਾਬਰਤਾ ਦੀ ਲੜਾਈ ਨੂੰ ਵੀ ਪ੍ਰਭਾਵਿਤ ਕਰੇਗਾ। ਸਿੱਖ ਕੋਲੀਸ਼ਨ ਵਰਗੇ ਸੰਗਠਨ ਇਸ ਵਿਰੁੱਧ ਆਵਾਜ਼ ਉਠਾ ਰਹੇ ਹਨ ਅਤੇ ਅਦਾਲਤੀ ਰਾਹ ਵੀ ਅਪਣਾ ਸਕਦੇ ਹਨ।

ਜੇਕਰ ਇਹ ਨੀਤੀ ਲਾਗੂ ਹੋ ਗਈ ਤਾਂ ਫੌਜ ਵਿੱਚ ਘੱਟ-ਗਿਣਤੀਆਂ ਵਿੱਚ ਭਾਰੀ ਵਿਰੋਧ ਫੈਲ ਸਕਦਾ ਹੈ। ਇੰਟਰਸੈਪਟ ਦੀ ਰਿਪੋਰਟ ਅਨੁਸਾਰ, ਇਹ ਨੀਤੀ ਨਸਲ ਅਤੇ ਧਰਮ ਆਧਾਰਤ ਵਿਤਕਰੇ ਨੂੰ ਵਧਾਉਂਦੀ ਹੈ। ਇਸ ਨਾਲ ਫੌਜ ਵਿੱਚ ਨਸਲੀ ਅਸਮਾਨਤਾ ਵਧ ਸਕਦੀ ਹੈ, ਜੋ ਅਮਰੀਕੀ ਫੌਜ ਦੀ ਇਕਰੂਪਤਾ ਦੇ ਨਾਂ 'ਤੇ ਲਾਗੂ ਕੀਤੀ ਜਾ ਰਹੀ ਹੈ। ਰੱਖਿਆ ਮੰਤਰੀ ਕਹਿ ਰਹੇ ਹਨ ਕਿ ਦਾਹੜੀ ਗੈਸ ਮਾਸਕ ਦੀ ਸਹੀ ਵਰਤੋਂ ਵਿੱਚ ਰੁਕਾਵਟ ਪਾਉਂਦੀ ਹੈ ਅਤੇ ਯੂਨਿਟ ਵਿੱਚ ਇਕਰੂਪਤਾ ਬਣਾਈ ਰੱਖਣ ਲਈ ਜ਼ਰੂਰੀ ਹੈ; ਪਰ ਮਾਹਿਰ ਤੇ ਭਾਈਚਾਰਕ ਸੰਗਠਨ ਕਹਿ ਰਹੇ ਹਨ ਕਿ ਇਹ ਧਾਰਮਿਕ ਆਜ਼ਾਦੀ 'ਤੇ ਹਮਲਾ ਹੈ।

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# PCO Milwaukee, WI

*Proudly Presents*

## LAKHWINDER WADALI LIVE IN CONCERT



## OCTOBER 18, 2025

(SATURDAY, 7:30PM TO 10PM)

## CROWNE PLAZA

6401 SOUTH 13TH STREET, MILWAUKEE, WI 53221

VVIP Table: $3000 VIP Table: $2000
Regular Table: $1000 *Dinner Included*



S. Darshan Singh Dhaliwal
(Chief Guest)

### For More Info., Please Call:

| | | | | |
|---|---|---|---|---|
| Kulwant Singh Dhillon | Satwinder Singh Pompi | Pavanjit Singh Hothi | Harvinder Singh Lally Sidhu | Gurpreet Singh Bratty Gill |
| 414-248-2792 | 414-406-9016 | 414-333-2902 | 414-788-9813 | 414-334-0047 |

# ਭਾਰਤ ਵਿੱਚ ਧੁਖਣ ਲੱਗਾ ਇੱਕ ਹੋਰ ਤਿੱਬਤ

***ਮਸ਼ਹੂਰ ਲੱਦਾਖੀ ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁੱਕ ‘ਤੇ ਦੇਸ਼ ਧਰੋਹ ਦਾ ਦੋਸ਼**
***ਲੱਦਾਖੀ ਨੌਜਵਾਨਾਂ ਦੀਆਂ ਪੁਲਿਸ ਨਾਲ ਝੜਪਾਂ ‘ਚ 4 ਦੀ ਮੌਤ, 80 ਜ਼ਖ਼ਮੀ**

## ਲੱਦਾਖ ਹਿੰਸਾ

**ਪੰਜਾਬੀ ਪਰਵਾਜ਼ ਬਿਊਰੋ**

ਭਾਰਤ ਦੀ ਕੇਂਦਰ ਸਰਕਾਰ ਨੇ ਬਰਫ ਵਾਂਗ ਠੰਡੇ ਸੁਭਾਅ ਦੇ ਮਾਲਕ ਲੱਦਾਖੀਆਂ ਨੂੰ ਛੇੜ ਕੇ ਇੱਕ ਹੋਰ ਤਿੱਬਤ ਭਾਰਤ ਵਾਲੇ ਪਾਸੇ ਸੁਲਘਣ ਲਾ ਲਿਆ ਹੈ। ਯਾਦ ਰਹੇ, ਬੀਤੀ 24 ਸਤੰਬਰ ਨੂੰ ਲੇਹ ਵਿੱਚ ਲੱਦਾਖੀ ਵਿਦਿਆਰਥੀਆਂ ਦਾ ਇੱਕ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਹਿੰਸਕ ਹੋ ਗਿਆ ਸੀ ਅਤੇ ਇਸ ਨੂੰ ਰੋਕਣ ਲਈ ਭਾਰਤੀ ਸੁਰੱਖਿਆ ਏਜੰਸੀਆਂ ਵੱਲੋਂ ਕੀਤੀ ਗਈ ਫਾਇਰਿੰਗ ਵਿੱਚ ਚਾਰ ਨੌਜਵਾਨ ਮਾਰੇ ਗਏ ਅਤੇ 80 ਹੋਰ ਜ਼ਖਮੀ ਹੋ ਗਏ ਸਨ। ਇਸ ਤੋਂ ਪਿੱਛੋਂ ਲੱਦਾਖ ਨੂੰ ਛੇਵੇਂ ਸ਼ਡਿਊਲ ਤਹਿਤ ਸੁਰੱਖਿਅਤ ਕਰਨ ਅਤੇ ਸਟੇਟ ਦਾ ਦਰਜਾ ਦੇਣ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਮਸ਼ਹੂਰ ਵਾਤਾਵਰਣ ਕਾਰਕੁੰਨ ਸੋਨਮ ਵਾਂਗਚੁੱਕ ਨੂੰ ਗ੍ਰਿਫਤਾਰ ਕਰ ਕੇ ਸਰਕਾਰ ਨੇ ਜੋਧਪੁਰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਸਰਕਾਰ ਦਾ ਦੋਸ਼ ਹੈ ਕਿ ਉਸ ਨੇ ਨੌਜਵਾਨਾਂ ਨੂੰ ਹਿੰਸਕ ਕਾਰਵਾਈਆਂ ਲਈ ਭੜਕਾਇਆ। ਗ੍ਰਿਫਤਾਰੀ ਤੋਂ ਪਹਿਲਾਂ ਵਾਂਗਚੁੱਕ ਨੇ ਇੱਕ ਇੰਟਰਵਿਊ ਵਿੱਚ ਕਿਹਾ, ‘ਮੈਂ ਲੇਹ ਵਿੱਚ ਹੋਈ ਹਿੰਸਾ ਕਾਰਨ ਆਪਣੀ ਭੁੱਖ ਹੜਤਾਲ ਤੋੜ ਦਿੱਤੀ ਹੈ ਅਤੇ ਗ੍ਰਿਫਤਾਰੀ ਲਈ ਤਿਆਰ ਬੈਠਾ ਹਾਂ।’ ਸੋਨਮ ਨੇ ਕਿਹਾ, ‘ਬਾਹਰ ਬੈਠਣ ਨਾਲੋਂ ਜੇਲ੍ਹ ਵਿੱਚ ਬੈਠਾ ਵਾਂਗਚੁੱਕ ਸਰਕਾਰ ਲਈ ਜ਼ਿਆਦਾ ਮਹਿੰਗਾ ਪਵੇਗਾ। ਇਹ ਉਹ ਸਟੀਲ ਹੈ, ਜਿਸ ਨੂੰ ਨਾ ਅੱਗ ਪਿਘਲਾ ਸਕਦੀ ਹੈ, ਨਾ ਬਰਫ ਠਾਰ ਸਕਦੀ ਹੈ।’ ਸੋਨਮ ਵਾਂਗਚੁੱਕ ਨੇ ਕਿਹਾ ਕਿ ਇਹ ਨਜ਼ਾਰਾ ਸਾਰੀ ਦੁਨੀਆਂ ਵੇਖੇਗੀ ਕਿ ਆਪਣੇ ਹੱਕਾਂ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਲੋਕਾਂ ਨਾਲ ਸਰਕਾਰ ਕਿਸ ਕਿਸਮ ਦਾ ਵਰਤਾਅ ਕਰ ਰਹੀ ਹੈ। ਇਸ ਨਾਲ ਸਾਡੀ ਗੱਲ ਹੋਰ ਵਿਆਪਕ ਪੱਧਰ ‘ਤੇ ਦੇਸ਼ ਦੇ ਲੋਕਾਂ ਤੱਕ ਪਹੁੰਚੇਗੀ। ਵਾਂਗਚੁੱਕ ਨੇ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਨੌਜਵਾਨਾਂ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ।

ਇੱਥੇ ਇਹ ਵੀ ਜ਼ਿਕਰਯੋਗ 2019 ਵਿੱਚ ਜਦੋਂ ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਵਿੱਚ ਧਾਰਾ 370 ਖਤਮ ਕਰ ਦਿੱਤੀ ਸੀ ਅਤੇ ਇਸ ਤੋਂ ਬਾਅਦ ਪੂਰੇ ਜੰਮੂ-ਕਸ਼ਮੀਰ, ਲੱਦਾਖ ਵੀ ਜਿਸ ਦਾ ਹਿੱਸਾ ਸੀ, ਨੂੰ ਇੱਕ ਯੂਨੀਅਨ ਟੈਰੇਟਰੀ ਵਿੱਚ ਬਦਲ ਦਿੱਤਾ ਸੀ। ਇਸ ਪਿਛੋਂ ਹਾਲ ਦੇ ਸਾਲਾਂ ਵਿੱਚ ਜੰਮੂ-ਕਸ਼ਮੀਰ ਅਸੈਂਬਲੀ ਦੀਆਂ ਚੋਣਾਂ ਤਾਂ ਕਰਵਾ ਦਿੱਤੀਆਂ ਗਈਆਂ, ਪਰ ਲੱਦਾਖ ਖੇਤਰ ਨੂੰ ਇੱਕ ਯੂਨੀਅਨ ਟੈਰੇਟਰੀ ਹੀ ਰੱਖਿਆ ਗਿਆ। ਇੱਥੇ ਹਾਲੇ ਵੀ ਇੱਕ ਤਰ੍ਹਾਂ ਨਾਲ ਗਵਰਨਰੀ ਰਾਜ ਲਾਗੂ ਹੈ; ਜਦਕਿ ਜੰਮੂ-ਕਸ਼ਮੀਰ ਅਸੈਂਬਲੀ ਵਿੱਚ ਉਨ੍ਹਾਂ ਦੇ 4 ਪ੍ਰਤੀਨਿਧ ਹੁੰਦੇ ਸਨ, ਜਿਹੜੇ ਉਨ੍ਹਾਂ ਦੀ ਮੰਗਾਂ, ਭਾਵਨਾਵਾਂ ਨੂੰ ਜਮਹੂਰੀ ਆਵਾਜ਼ ਦਿੰਦੇ ਸਨ। ਹੁਣ ਲੱਦਾਖੀਆਂ ਲਈ ਇਸ ਸੀਮਤ ਜਮਹੂਰੀਅਤ ਦਾ ਰਾਹ ਵੀ ਬੰਦ ਹੋ ਗਿਆ ਹੈ। ਲੱਦਾਖ ਦੇ ਨੌਜਵਾਨ ਮਹਿਸੂਸ ਕਰਨ ਲੱਗੇ ਹਨ ਕਿ ਉਨ੍ਹਾਂ ਨਾਲ ਭਾਰਤ ਸਰਕਾਰ ਨੇ ਧੋਖਾ ਕੀਤਾ ਹੈ। ਨਾ ਹੀ ਉੱਤਰ ਪੂਰਬ ਦੇ ਰਾਜਾਂ ਵਾਂਗ ਉਨ੍ਹਾਂ ਨੂੰ ਛੇਵੇਂ ਸ਼ਡਿਊਲ ਦੇ ਤਹਿਤ ਸੁਰੱਖਿਅਣ ਦਿੱਤਾ ਗਿਆ ਅਤੇ ਨਾ ਹੀ ਲੱਦਾਖ ਨੂੰ ਸਟੇਟ ਦਾ ਦਰਜਾ ਦਿੱਤਾ ਗਿਆ ਹੈ।




■ **ਲੇਹ-ਲੱਦਾਖ ਨੂੰ ਸੰਵਿਧਾਨ ਦੀ ਧਾਰਾ 244 ਦੇ 6ਵੇਂ ਸ਼ਡਿਊਲ ਵਿੱਚ ਲਿਆਉਣ ਲਈ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਲੱਦਾਖ ਦੇ ਹੋਰ ਪ੍ਰਦਰਸ਼ਨਕਾਰੀਆਂ ਨਾਲ ਇੱਕ ਧਰਨੇ ਵਿੱਚ ਹਿੱਸਾ ਲੈਂਦੇ ਹੋਏ ਸੋਨਮ ਵਾਂਗਚੁੱਕ (ਫਾਈਲ ਫੋਟੋ)**

ਲੱਦਾਖੀ ਲੋਕਾਂ ਦਾ ਮਹਿਬੂਬ ਆਗੂ ਸੋਨਮ ਵਾਂਗਚੁੱਕ ਲੱਦਾਖ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿੱਚ ਇੱਕ ਜਾਣੀ-ਪਛਾਣੀ ਸ਼ਖਸੀਅਤ ਹੈ। ਉਸ ਨੇ ਲੱਦਾਖ ਦੀ ਸਥਾਨਕ ਸੰਸਕ੍ਰਿਤੀ, ਭਾਸ਼ਾ ਅਤੇ ਵਾਤਾਵਰਣ ਨੂੰ ਬਚਾਉਣ ਲਈ ਵੱਡੇ ਯਤਨ ਕੀਤੇ ਹਨ। ਕਈ ਨਵੀਆਂ ਰਵਾਇਤਾਂ (ਇਨੋਵੇਸ਼ਨਜ਼) ਤੋਰੀਆਂ, ਜਿਨ੍ਹਾਂ ਨਾਲ ਇਸ ਖਿਤੇ ਦੇ ਲੋਕ ਆਪਣੇ ਗਲੇਸ਼ੀਅਰਾਂ ਨੂੰ ਬਚਾਅ ਸਕਦੇ ਹਨ। ਵਾਂਗੁਚੱਕ ਨੇ ਗਲੇਸ਼ੀਅਰਾਂ ਦੀ ਸੁਰੱਖਿਆ ਲਈ ਬਰਫ ਦੇ ਸਤੂਪ ਬਣਾਉਣ ਦੀ ਕਾਢ ਕੱਢੀ। ਇਸ ਤੋਂ ਇਲਾਵਾ ਆਪਣੇ ਭੁੱਖ ਹੜਤਾਲ ਦੇ ਤਜਰਬੇ ਵਿੱਚੋਂ ਸੋਨਮ ਵਾਂਗਚੁੱਕ ਨੇ ਸੋਲਰ ਹੀਟਿੰਗ ਟੈਂਟ ਬਣਾਉ ਦਾ ਕਾਰਜ ਵੀ ਇਜ਼ਾਦ ਕੀਤਾ। ਉਨ੍ਹਾਂ ਦੀਆਂ ਇਨ੍ਹਾਂ ਕੋਸ਼ਿਸ਼ਾਂ ਨੂੰ ਸੰਸਾਰ ਪੱਧਰ ‘ਤੇ ਬਹੁਤ ਸਾਰੀਆਂ ਯੂਨੀਵਰਸਿਟੀਆਂ ਵੱਲੋਂ ਆਨਰੇਰੀ ਡਿਗਰੀਆਂ ਨਾਲ ਸਨਮਾਨਿਆ ਗਿਆ ਹੈ। ਇਸ ਸੰਬੰਧ ਵਿੱਚ ਗਿਆਨ ਦਾ ਤਬਾਦਲਾ ਵੀ ਉਨ੍ਹਾਂ ਯੂਨੀਵਰਸਿਟੀਆਂ ਨਾਲ ਕੀਤਾ ਗਿਆ। ਇਨ੍ਹਾਂ ਯਤਨਾਂ ਕਾਰਨ ਉਨ੍ਹਾਂ ਨੂੰ ਹਾਲ ਹੀ ਵਿੱਚ ਮੈਗਾਸਾਸੇ ਐਵਾਰਡ ਨਾਲ ਸਨਮਾਨਿਆ ਗਿਆ।

2019 ਵਿੱਚ ਭਾਰਤੀ ਜਨਤਾ ਦੀ ਅਗਾਵਈ ਵਾਲੀ ਸਰਕਾਰ ਵੱਲੋਂ ਜਦੋਂ ਧਾਰਾ 370 ਤੋੜ ਕੇ ਜੰਮੂ-ਕਸ਼ਮੀਰ ਵਿੱਚ ਗਵਰਨਰੀ ਰਾਜ ਲਾਗੂ ਕੀਤਾ ਗਿਆ ਸੀ ਤਾਂ ਲੱਦਾਖ ਦੀ ਲੀਡਰਸ਼ਿੱਪ ਨੇ ਇਸ ਦਾ ਸੁਆਗਤ ਕੀਤਾ ਸੀ। ਉਨ੍ਹਾਂ ਨੂੰ ਆਸ ਸੀ ਕਿ ਇਸ ਬਿਖਰਾਅ ਤੋਂ ਬਾਅਦ ਲੱਦਾਖ ਨੂੰ ਇੱਕ ਵੱਖਰੀ ਸਟੇਟ ਮਿਲ ਜਾਵੇਗੀ। ਭਾਰਤੀ ਜਨਤਾ ਪਾਰਟੀ ਵੱਲੋਂ ਲੱਦਾਖ ਨਾਲ ਇਹ ਵਾਅਦਾ ਕੀਤਾ ਗਿਆ ਕਿ ਲੇਹ ਲੱਦਾਖ ਦੇ ਇਸ ਖੇਤਰ ਨੂੰ ਸੰਵਿਧਾਨ ਦੀ ਧਾਰਾ 244 ਦੇ 6ਵੇਂ ਸ਼ਡਿਊਲ ਵਿੱਚ ਲਿਆਂਦਾ ਜਾਵੇਗਾ। ਇਸ ਦੇ ਤਹਿਤ ਉੱਤਰੀ ਪੂਰਬੀ ਰਾਜਾਂ ਦੇ ਪਹਾੜੀ ਅਤੇ ਕਬਾਇਲੀ ਇਲਾਕਿਆਂ ਦੇ ਸੱਭਿਆਚਾਰਾਂ ਨੂੰ ਸੁਰੱਖਿਅਤ ਕੀਤਾ ਗਿਆ ਹੈ। ਬੀਤੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਸਥਾਨਕ ਲੋਕਾਂ ਨਾਲ ਇਹ ਵਾਅਦਾ ਦੁਹਰਾਇਆ ਗਿਆ, ਪਰ ਹੋਇਆ ਕੁਝ ਵੀ ਨਾ। ਸਥਾਨਕ ਨੌਜਵਾਨਾਂ ਲਈ ਰੁਜ਼ਗਾਰ ਦੇ ਵਾਅਦੇ ਵੀ ਧਰੇ ਧਰਾਏ ਰਹਿ ਗਏ। ਇਸ ਖੇਤਰ ਵਿੱਚ ਲੱਗਣ ਵਾਲੇ ਕੁਝ ਵੱਡੀਆਂ ਕੰਪਨੀਆਂ ਦੇ ਕਾਰੋਬਾਰਾਂ ਵਿੱਚ ਵੀ ਸਥਾਨਕ ਲੇਬਰ ਨੂੰ ਬਹੁਤ ਨਿਗੁਣਾ ਰੁਜ਼ਗਾਰ ਮਿਲਿਆ। ਇਸ ਸਾਰੇ ਕੁਝ ਦੀ ਪ੍ਰਾਪਤੀ ਲਈ ਸੋਨਮ ਵਾਂਗਚੁੱਕ ਸਾਂਤਮਈ ਭੁੱਖ ਹੜਤਾਲ ਕਰੀਂ ਬੈਠੇ ਸਨ, ਪਰ ਜਿਵੇਂ ਕਿ ਅਕਸਰ ਹੁੰਦਾ ਹੈ- ਲੱਦਾਖੀ ਨੌਜਵਾਨਾਂ ਦਾ ਸਬਰ ਜੁਆਬ ਦੇਣ ਲੱਗਾ। ਲੱਦਾਖੀ ਨੌਜਵਾਨਾਂ ਵਿੱਚ ਲਗਾਤਾਰ ਫੈਲ ਰਹੀ ਨਿਰਾਸ਼ਾ ਅਤੇ ਗੁੱਸਾ ਲੰਘੀ ਸੁਰੱਖਿਆ ਦਸਤਿਆਂ ਨਾਲ ਸਿੱਧੇ ਟਕਰਾਅ ਵਿੱਚ ਬਦਲ ਗਿਆ। ਭੜਕੇ ਹੋਏ ਨੌਜਵਾਨਾਂ ਨੇ ਇੱਥੇ ਬਣਾਏ ਗਏ ਭਾਰਤੀ ਜਨਤਾ ਪਾਰਟੀ ਦੇ ਦਫਤਰ ਨੂੰ ਅੱਗ ਲਗਾ ਦਿੱਤੀ। ਇਸ ਤੋਂ ਇਲਾਵਾ ਪੁਲਿਸ ਦੀਆਂ ਗੱਡੀਆਂ ਦੀ ਵੀ ਸਾੜਫੂਕ ਕੀਤੀ ਗਈ। ਨੌਜਵਾਨਾ ਉੱਤੇ ਨੀਮ ਸੁਰੱਖਿਆ ਬਲਾਂ ਵੱਲੋਂ ਲਾਠੀਚਾਰਜ ਵੀ ਕੀਤਾ ਗਿਆ। ਨੌਜਵਾਨਾਂ ਦੇ ਰੋਸ ਨੂੰ ਕਾਬੂ ਕਰਨ ਲਈ ਪੁਲਿਸ ਵੱਲੋਂ ਗੋਲੀ ਚਲਾਈ ਗਈ, ਜਿਸ ਵਿੱਚ 4 ਨੌਜਵਾਨਾਂ ਦੀ ਮੌਤ ਹੋ ਗਈ ਅਤੇ 80 ਹੋਰ ਜ਼ਖਮੀ ਹੋ ਗਏ ਸਨ। ਇਹ ਘਟਨਾਵਾਂ ਮੁੱਖ ਰੂਪ ਵਿੱਚ ਲੱਦਾਖ ਦੀ ਰਾਜਧਾਨੀ ਲੇਹ ਵਿੱਚ ਵਾਪਰੀਆਂ।

ਇਸ ਦੌਰਾਨ ਭਾਰਤ ਸਰਕਾਰ ਨੇ ਦੋਸ਼ ਲਾਇਆ ਕਿ ਅਮਨ ਪੂਰਬਕ ਸੰਘਰਸ਼ ਦਾ ਦਾਅਵਾ ਕਰ ਰਹੇ ਸੋਨਮ ਵਾਂਗਚੁੱਕ ਨੌਜਵਾਨਾਂ ਦੇ ਸੰਘਰਸ਼ ਦੀ ਅਗਵਾਈ ਕਰ ਰਹੇ ਹਨ। ਉਨ੍ਹਾਂ ਦੇ ਕਈ ਭੜਕਾਊ ਭਾਸ਼ਨਾਂ ਕਾਰਨ ਹੀ ਨੌਜਵਾਨ ਹਿੰਸਕ ਹੋਏ ਹਨ। ਵਾਂਗਚੁੱਕ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਪੁਲਿਸ ਨੇ ਜੋਧਪੁਰ ਜੇਲ੍ਹ ਵਿੱਚ ਭੇਜ ਦਿੱਤਾ ਹੈ ਅਤੇ ਉਨ੍ਹਾਂ ਉੱਪਰ ਨੈਸ਼ਨਲ ਸੁਰੱਖਿਆ ਐਕਟ (ਐਨ.ਐਸ.ਏ.) ਲਗਾ ਦਿੱਤਾ ਗਿਆ ਹੈ। ਇਸ ਮਾਮਲੇ ਵਿੱਚ ਪੁਲਿਸ ਨੇ 5 ਦਿਨਾਂ ਵਿੱਚ ਚਾਰਜਸ਼ੀਟ ਪੇਸ਼ ਕਰਨੀ ਹੁੰਦੀ ਹੈ, ਉਹ ਵੀ ਨਹੀਂ ਕੀਤੀ ਗਈ। ਸੰਭਾਵੀ ਖ਼ਤਰਿਆਂ ਨੂੰ ਭਾਂਪਦਿਆਂ ਵਾਂਗਚੁੱਕ ਦੀ ਪਤਨੀ ਨੇ ਸੁਪਰੀਮ ਵਿੱਚ ਹੈਬੀਅਸ ਕਾਰਪਸ ਦੇ ਅਧੀਨ ਰਿੱਟ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੂੰ ਆਪਣੀ ਪਤਨੀ ਅਤੇ ਹੋਰ ਨਜ਼ਦੀਕੀਆਂ ਨਾਲ ਸੰਪਰਕ ਵੀ ਨਹੀਂ ਕਰਨ ਦਿੱਤਾ ਜਾ ਰਿਹਾ। ਵਾਂਗਚੁੱਕ ਦੀ ਪਤਨੀ ਨੇ ਦੱਸਿਆ ਕਿ ਜਦੋਂ ਉਹ ਸੁਪਰੀਮ ਕੋਰਟ ਵਿੱਚ ਪਹੁੰਚ ਕਰਨ ਦਾ ਯਤਨ ਕਰ ਰਹੀ ਸੀ ਤਾਂ ਦਿੱਲੀ ਦੀਆਂ ਸੜਕਾਂ ‘ਤੇ ਇੱਕ ਗੱਡੀ ਉਸ ਦਾ ਪਿੱਛਾ ਕਰਦੀ ਰਹੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਉਨ੍ਹਾਂ ਦੇ ਪਤੀ ਉੱਤੇ ਬਿਨਾ ਵਜ੍ਹਾ ਝੂਠੇ ਦੋਸ਼ ਲਗਾਏ ਗਏ ਹਨ ਅਤੇ ਦੂਜੇ ਪਾਸੇ ਉਹ ਜਿੱਥੇ ਵੀ ਜਾਂਦੇ ਹਨ, ਉਨ੍ਹਾਂ ਦਾ ਪਿੱਛਾ ਕੀਤਾ ਜਾਂਦਾ ਹੈ। ਉਨ੍ਹਾਂ ਗੁੱਸੇ ਵਿੱਚ ਕਿਹਾ ਕਿ ਕੇਂਦਰ ਸਰਕਾਰ ਨੂੰ ਇੰਨੇ ਘਟੀਆ ਪੱਧਰ ‘ਤੇ ਨਹੀਂ ਉਤਰਨਾ ਚਾਹੀਦਾ।

ਲੱਦਾਖ ਦੀ ਆਬਾਦੀ 300,000 ਹੈ, ਜਿਸ ਵਿੱਚ ਜ਼ਿਆਦਾਤਰ ਤਿੱਬਤੀ ਬੁੱਧ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਲੋਕ ਹਨ। ਇਸ ਤੋਂ ਇਲਾਵਾ ਸ਼ੀਆ ਮੁਸਲਮਾਨ ਵੀ ਇਸ ਖੇਤਰ ਦੇ ਵਸਨੀਕ ਹਨ। ਕਾਰਗਿਲ ਜ਼ਿਲ੍ਹੇ ਵਿੱਚ ਬਹੁਗਿਣਤੀ ਮੁਸਲਮਾਨ ਭਾਈਚਾਰੇ ਦੀ ਹੈ, ਜਿਹੜੇ ਆਪਣੇ ਆਪ ਨੂੰ ਜੰਮੂ-ਕਸ਼ਮੀਰ ਵਿੱਚ ਸਮੋਅ ਲੈਣ ਦੀ ਵਕਾਲਤ ਕਰਦੇ ਹਨ। ਜਦਕਿ ਲੇਹ-ਲੱਦਾਖ ਖੇਤਰ ਆਪਣੇ ਆਪ ਲਈ ਵੱਖਰੀ ਸਟੇਟ ਦੀ ਮੰਗ ਕਰ ਰਿਹਾ ਹੈ। ਯਾਦ ਰਹੇ, ਲੇਹ-ਲੱਦਾਖ ਦਾ ਖੇਤਰ ਪਹਾੜੀ ਰੇਗਿਸਤਾਨ ਵਰਗਾ ਹੈ ਅਤੇ ਇਸ ਦੀ ਸਰਹੱਦ ਤਿੱਬਤ ਅਤੇ ਚੀਨ ਨਾਲ ਲਗਦੀ ਹੈ। ਚੀਨੀ ਫੌਜਾਂ ਦੀ ਨਕਲੋ ਹਰਕਤ ਬਾਰੇ ਭਾਰਤੀ ਫੌਜਾਂ ਨੂੰ ਪਹਿਲੀ ਸੂਹ ਇਥੋਂ ਦੇ ਚਰਵਾਹੇ ਹੀ ਦਿੰਦੇ ਹਨ। ਜਦੋਂ ਸਿਆਸੀ ਰਾਹ ਵੱਖਰੇ ਹੋਏ ਤਾਂ ਭਾਜਪਾ ਨੇ ਇਨ੍ਹਾਂ ਲੋਕਾਂ ਅਤੇ ਇਨ੍ਹਾਂ ਦੇ ਆਗੂ ਨੂੰ ਵੀ ਦੇਸ਼ ਧਰੋਹੀ ਆਖਣਾ ਸ਼ੁਰੂ ਕਰ ਦਿੱਤਾ ਹੈ। ਤਿੱਬਤ ਤੋਂ ਬਾਅਦ ਲੱਦਾਖ ਵਿੱਚ ਹੋਏ ਪ੍ਰਦਰਸ਼ਨਾਂ ਨੂੰ ਵੀ ਜੈਨ-ਜੀ ਨਾਲ ਜੋੜ ਕੇ ਵੀ ਵੇਖਿਆ ਜਾ ਰਿਹਾ ਹੈ।

Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
Retirement and Insurance Advisor
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

**ਜ਼ਰੂਰੀ**

‘ਪੰਜਾਬੀ ਪਰਵਾਜ਼’ ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ ‘ਪੰਜਾਬੀ ਪਰਵਾਜ਼’ ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh
**Punjab Incharge:**
Jasvir Singh Mangat

‘ਪੰਜਾਬੀ ਪਰਵਾਜ਼’ ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਅਮਰੀਕੀ ਸਰਕਾਰੀ ਸ਼ਟਡਾਊਨ

## ਆਮ ਨਾਗਰਿਕਾਂ ਤੇ ਨੇਟਿਵ ਅਮਰੀਕਨਾਂ ਲਈ ਵਧਦੀਆਂ ਮੁਸ਼ਕਲਾਂ

**ਪੰਜਾਬੀ ਪਰਵਾਜ਼ ਬਿਊਰੋ**

ਅਮਰੀਕਾ ਵਿੱਚ ਚੱਲ ਰਹੇ ਸਰਕਾਰੀ ਸ਼ਟਡਾਊਨ ਨੇ ਆਮ ਨਾਗਰਿਕਾਂ ਦੇ ਰੋਜ਼ਾਨਾ ਜੀਵਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਹ ਸ਼ਟਡਾਊਨ, ਜੋ ਪਹਿਲੀ ਅਕਤੂਬਰ ਨੂੰ ਸ਼ੁਰੂ ਹੋਇਆ, ਰਾਜਨੀਤਿਕ ਅਸਹਿਮਤੀ ਕਾਰਨ ਹੋਇਆ ਹੈ ਅਤੇ ਇਸ ਨਾਲ ਫੈਡਰਲ ਸੇਵਾਵਾਂ 'ਤੇ ਬੁਰਾ ਅਸਰ ਪਿਆ ਹੈ। ਆਮ ਅਮਰੀਕੀ ਨਾਗਰਿਕਾਂ ਲਈ ਇਹ ਸਿਰਫ਼ ਇੱਕ ਅਸੁਵਿਧਾ ਨਹੀਂ, ਸਗੋਂ ਆਰਥਿਕ ਅਤੇ ਸਮਾਜਿਕ ਨੁਕਸਾਨ ਦਾ ਕਾਰਨ ਬਣ ਰਿਹਾ ਹੈ। ਖ਼ਾਸ ਕਰ ਕੇ ਨੇਟਿਵ ਅਮਰੀਕਨਾਂ (ਮੂਲ ਨਿਵਾਸੀਆਂ) ਵਿੱਚ ਡਰ ਪੈ ਰਿਹਾ ਹੈ ਕਿ ਇਹ ਸ਼ਟਡਾਊਨ ਉਨ੍ਹਾਂ ਨੂੰ ਸਦੀਆਂ ਪੁਰਾਣੀਆਂ ਸੰਧੀਆਂ ਅਧੀਨ ਮਿਲੀਆਂ ਸਿਹਤ, ਸਿੱਖਿਆ ਅਤੇ ਬੁਨਿਆਦੀ ਸਹੂਲਤਾਂ ਨੂੰ ਖ਼ਤਮ ਕਰ ਸਕਦਾ ਹੈ। ਇਹ ਸ਼ਟਡਾਊਨ ਨਾ ਸਿਰਫ਼ ਅੰਦਰੂਨੀ ਚੁਣੌਤੀਆਂ ਨੂੰ ਵਧਾ ਰਿਹਾ ਹੈ, ਸਗੋਂ ਅਮਰੀਕੀ ਸਮਾਜ ਦੀ ਏਕਤਾ ਨੂੰ ਵੀ ਚੁਣੌਤੀ ਦੇ ਰਿਹਾ ਹੈ।

ਅਮਰੀਕਾ ਦੇ ਇਤਿਹਾਸ ਵਿੱਚ ਸ਼ਟਡਾਊਨ ਕੋਈ ਨਵੀਂ ਚੀਜ਼ ਨਹੀਂ ਹੈ। 1976 ਤੋਂ ਹੁਣ ਤੱਕ 20 ਤੋਂ ਵੱਧ ਵਾਰ ਸਰਕਾਰੀ ਸ਼ਟਡਾਊਨ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਛੋਟੇ ਸਨ, ਪਰ ਕੁਝ ਨੇ ਲੰਮੇ ਸਮੇਂ ਲਈ ਆਮ ਨਾਗਰਿਕਾਂ ਨੂੰ ਪ੍ਰੇਸ਼ਾਨ ਕੀਤਾ। ਮਿਸਾਲ ਵਜੋਂ, 1995-96 ਵਿੱਚ ਹੋਏ ਦੋ ਸ਼ਟਡਾਊਨਾਂ ਨੇ ਕੁੱਲ 21 ਦਿਨਾਂ ਲਈ ਸਰਵਿਸਾਂ ਬੰਦ ਕੀਤੀਆਂ, ਜਿਸ ਨਾਲ 8 ਲੱਖ ਤੋਂ ਵੱਧ ਫੈਡਰਲ ਕਰਮਚਾਰੀ ਬਿਨਾ ਤਨਖਾਹ ਰਹੇ। 2013 ਵਿੱਚ 16 ਦਿਨਾਂ ਦੇ ਸ਼ਟਡਾਊਨ ਨੇ ਆਰਥਿਕ ਨੁਕਸਾਨ ਨੂੰ 24 ਬਿਲੀਅਨ ਡਾਲਰ ਤੱਕ ਪਹੁੰਚਾ ਦਿੱਤਾ ਸੀ, ਪਰ ਸਭ ਤੋਂ ਲੰਮਾ ਅਤੇ ਵਿਨਾਸ਼ਕਾਰੀ ਸ਼ਟਡਾਊਨ 2018-19 ਵਾਲਾ ਸੀ, ਜੋ 35 ਦਿਨਾਂ ਤੱਕ ਚੱਲਿਆ ਤੇ ਇਸ ਨੇ 80 ਲੱਖ ਫੈਡਰਲ ਕਰਮਚਾਰੀਆਂ ਨੂੰ ਪ੍ਰਭਾਵਿਤ ਕੀਤਾ। ਇਸ ਨਾਲ ਅਰਥਵਿਵਸਥਾ ਨੂੰ 110 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਅਤੇ ਬੇਰੁਜ਼ਗਾਰੀ ਦਰ ਵਿੱਚ ਭਾਰੀ ਵਾਧਾ ਹੋਇਆ। ਇਨ੍ਹਾਂ ਸ਼ਟਡਾਊਨਾਂ ਨੇ ਆਮ ਨਾਗਰਿਕਾਂ ਨੂੰ ਵੀ ਨੁਕਸਾਨ ਪਹੁੰਚਾਇਆ। ਨੈਸ਼ਨਲ ਪਾਰਕਸ ਬੰਦ ਹੋਣ ਨਾਲ ਟੂਰਿਜ਼ਮ ਨੂੰ ਹਰ ਹਫ਼ਤੇ 1 ਬਿਲੀਅਨ ਡਾਲਰ ਦਾ ਘਾਟਾ ਹੋਇਆ ਅਤੇ ਛੋਟੇ ਵਪਾਰੀਆਂ ਨੂੰ ਲੋਨ ਅਰਜ਼ੀਆਂ ਵਿੱਚ ਦੇਰੀ ਕਾਰਨ ਮੁਸ਼ਕਲਾਂ ਹੋਈਆਂ।

ਵਰਤਮਾਨ ਸ਼ਟਡਾਊਨ ਵਿੱਚ ਵੀ ਆਮ ਅਮਰੀਕੀ ਨਾਗਰਿਕਾਂ ਨੂੰ ਭਾਰੀ ਪ੍ਰੇਸ਼ਾਨੀ ਹੋ ਰਹੀ ਹੈ। ਫੈਡਰਲ ਵਰਕਫੋਰਸ ਦੇ 40% ਤੋਂ ਵੱਧ, ਯਾਨੀ ਲਗਭਗ 7.5 ਲੱਖ ਲੋਕ, ਬਿਨਾ ਤਨਖਾਹ ਛੁੱਟੀ 'ਤੇ ਭੇਜੇ ਗਏ ਹਨ। ਇਨ੍ਹਾਂ ਵਿਚ ਸੈਨਿਕ ਪਰਿਵਾਰ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਖਾਣ-ਪੀਣ ਦੀਆਂ ਮੁਸ਼ਕਲਾਂ ਹੋਣ ਲੱਗੀਆਂ ਹਨ। ਵ੍ਹਾਈਟ ਹਾਊਸ ਦੀ ਸਪੋਕਸਵੂਮਨ ਕੈਰੋਲੀਨ ਲੈਵਿਟ ਨੇ ਕਿਹਾ ਕਿ ਦੇਸ਼ ਦੇ ਕਰੀਬ 13 ਲੱਖ ਸੈਨਿਕ ਬਿਨਾ ਤਨਖਾਹ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭੋਜਨ ਸਮੱਸਿਆਵਾਂ ਸਾਹਮਣੇ ਆ ਰਹੀਆਂ ਹਨ। ਇਹ ਸਮੱਸਿਆ ਆਮ ਨਾਗਰਿਕਾਂ ਲਈ ਵੀ ਚਿੰਤਾ ਦਾ ਵਿਸ਼ਾ ਹੈ, ਕਿਉਂਕਿ ਸੈਨਿਕ ਪਰਿਵਾਰ ਅਕਸਰ ਕਮਿਊਨਿਟੀਆਂ ਦਾ ਹਿੱਸਾ ਹੁੰਦੇ ਹਨ ਅਤੇ ਉਨ੍ਹਾਂ ਦੀ ਮੁਸ਼ਕਲ ਆਸ-ਪਾਸ ਵਾਲੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਉਸੇ ਤਰ੍ਹਾਂ, ਸੋਸ਼ਲ ਸਿਕਿਉਰਿਟੀ ਚੈੱਕਸ ਅਤੇ ਸਟੂਡੈਂਟ ਲੋਨ ਪੇਮੈਂਟਸ ਵਿੱਚ ਦੇਰੀ ਨਾਲ ਲੱਖਾਂ ਨਾਗਰਿਕ ਪ੍ਰਭਾਵਿਤ ਹੋ ਰਹੇ ਹਨ। ਟਰੈਵਲ ਇੰਡਸਟਰੀ ਵੀ ਪੀੜਤ ਹੈ - 86% ਅਮਰੀਕੀ ਮੰਨਦੇ ਹਨ ਕਿ ਸ਼ਟਡਾਊਨ ਏਅਰ ਟਰੈਵਲ ਨੂੰ ਅਸੁਵਿਧਾ ਪੈਦਾ ਕਰਦਾ ਹੈ।




ਨੇਟਿਵ ਭਾਵ ਮੂਲ ਅਮਰੀਕਨਾਂ ਲਈ ਇਹ ਸ਼ਟਡਾਊਨ ਇੱਕ ਵੱਡੀ ਚੁਣੌਤੀ ਹੈ। ਅਮਰੀਕਾ ਦੇ ਮੂਲ ਨਿਵਾਸੀ, ਜਿਨ੍ਹਾਂ ਦੀ ਆਬਾਦੀ ਲਗਭਗ 5.2 ਮਿਲੀਅਨ ਹੈ, ਬਹੁਤ ਹੱਦ ਤੱਕ ਫੈਡਰਲ ਫੰਡਾਂ 'ਤੇ ਨਿਰਭਰ ਹਨ। 19ਵੀਂ ਸਦੀ ਵਿੱਚ ਕੀਤੀਆਂ ਗਈਆਂ ਸੰਧੀਆਂ ਅਨੁਸਾਰ, ਉਨ੍ਹਾਂ ਨੂੰ ਜ਼ਮੀਨ ਛੱਡਣ ਬਦਲੇ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ ਵਿੱਚ ਵਿਸ਼ੇਸ਼ ਮਦਦ ਮਿਲਣੀ ਹੈ। ਪਰ ਨੇਟਿਵ ਅਮਰੀਕਨ ਅਮਰੀਕੀਆਂ ਵਿੱਚ ਸਿਹਤ ਅਤੇ ਸਿੱਖਿਆ ਵਿੱਚ ਸਭ ਤੋਂ ਪਿੱਛੇ ਹਨ - ਉਨ੍ਹਾਂ ਵਿੱਚ ਬੇਰੁਜ਼ਗਾਰੀ ਦਰ 9% ਤੋਂ ਵੱਧ ਹੈ ਅਤੇ ਸਿਹਤ ਸੇਵਾਵਾਂ ਵਿੱਚ ਤੋਟ ਹੈ। ਵਰਤਮਾਨ ਸ਼ਟਡਾਊਨ ਵਿੱਚ ਨੇਵਾਡਾ ਦੇ ਰੀਨੋ ਵਿੱਚ ਪਿਰਾਮਿਡ ਲੇਕ ਪਾਈਯੂਟ ਜਨਜਾਤੀ ਨੇ ਪਹਿਲੀ ਅਕਤੂਬਰ ਤੋਂ ਘੱਟੋ-ਘੱਟ 25 ਕਰਮਚਾਰੀਆਂ ਨੂੰ ਛੁੱਟੀ 'ਤੇ ਭੇਜ ਦਿੱਤਾ ਹੈ ਅਤੇ ਆਪਣੇ ਮਿਊਜ਼ਿਮਾਂ, ਸੱਭਿਆਚਾਰਕ ਕੇਂਦਰਾਂ, ਉੱਚ ਸਿੱਖਿਆ ਵਿਭਾਗ ਅਤੇ ਸਕੂਲਾਂ ਵਿੱਚ ਨੇਟਿਵ ਬੱਚਿਆਂ ਲਈ ਸੇਵਾਵਾਂ ਬੰਦ ਕਰ ਦਿੱਤੀਆਂ ਹਨ। ਇਹ ਬੰਦ ਅਸਥਾਈ ਹਨ, ਪਰ ਜੇ ਸ਼ਟਡਾਊਨ ਲੰਮਾ ਚੱਲਿਆ ਤਾਂ ਇਹ ਸਥਾਈ ਹੋ ਸਕਦੇ ਹਨ।

ਪਿਛਲੇ ਸ਼ਟਡਾਊਨਾਂ ਨੇ ਵੀ ਨੇਟਿਵ ਅਮਰੀਕਨਾਂ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। 2018-19 ਵਾਲੇ 35 ਦਿਨਾਂ ਦੇ ਸ਼ਟਡਾਊਨ ਨੇ ਟ੍ਰਾਈਬਲ ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਜਨਤਕ ਸੁਰੱਖਿਆ ਘਟੀ। ਨਾਵਾਜੋ ਨੈਸ਼ਨ ਵਿੱਚ ਇੱਕ ਬਰਫ਼ੀਲੇ ਤੂਫ਼ਾਨ ਨੇ ਸੜਕਾਂ ਨਾ ਸਾਫ਼ ਹੋਣ ਕਾਰਨ ਲੋਕਾਂ ਨੂੰ ਘਰਾਂ ਵਿੱਚ ਫਸਾ ਦਿੱਤਾ। ਮਿਸ਼ੀਗਨ ਦੀ ਸਾਊਲਟ ਸਿਟੀ ਮੈਰੀ ਟ੍ਰਾਈਬ ਨੇ ਰੋਜ਼ਾਨਾ 1 ਲੱਖ ਡਾਲਰ ਆਪਣੇ ਫੰਡਾਂ ਤੋਂ ਖਰਚ ਕੇ ਫੈਡਰਲ ਪ੍ਰੋਗਰਾਮ ਚਲਾਏ। ਇਸ ਨਾਲ ਭੋਜਨ ਵੰਡ ਪ੍ਰੋਗਰਾਮ ਬੰਦ ਹੋ ਗਏ, ਜੋ 90,000 ਨੇਟਿਵ ਅਮਰੀਕਨਾਂ ਨੂੰ ਖੁਆਉਂਦੇ ਸਨ। ਇੰਡੀਅਨ ਹੈਲਥ ਸਰਵਿਸ (ਆਈ.ਐਚ.ਐਸ.) ਨੇ ਫੰਡਿੰਗ ਰੋਕਣ ਕਾਰਨ ਕਲੀਨਿਕ ਬੰਦ ਕੀਤੇ ਅਤੇ ਹੈੱਡਸਟਾਰਟ ਸਿੱਖਿਆ ਪ੍ਰੋਗਰਾਮ ਰੁਕ ਗਏ। ਇੱਕ ਅੰਕੜੇ ਅਨੁਸਾਰ ਇਸ ਸ਼ਟਡਾਊਨ ਨੇ ਟ੍ਰਾਈਬਲ ਕਮਿਊਨਿਟੀਆਂ ਵਿੱਚ ਐਮਰਜੈਂਸੀ ਰਿਸਪਾਂਸ ਟਾਈਮ ਨੂੰ ਵਧਾ ਦਿੱਤਾ ਅਤੇ ਬੱਚਿਆਂ ਦੀ ਸਿੱਖਿਆ ਨੂੰ ਪ੍ਰਭਾਵਿਤ ਕੀਤਾ। ਨੈਸ਼ਨਲ ਅਮਰੀਕਨ ਇੰਡੀਅਨ ਹਾਊਸਿੰਗ ਕੌਂਸਲ ਨੇ ਚੇਤਾਵਨੀ ਦਿੱਤੀ ਸੀ ਕਿ ਅਜਿਹੇ ਸ਼ਟਡਾਊਨ ਟ੍ਰਾਈਬਲ ਹਾਊਸਿੰਗ ਪ੍ਰੋਗਰਾਮਾਂ ਨੂੰ ਖ਼ਤਰੇ ਵਿੱਚ ਪਾਉਂਦੇ ਹਨ, ਜੋ ਨੇਟਿਵ ਪਰਿਵਾਰਾਂ ਲਈ ਜ਼ਰੂਰੀ ਹਨ।

ਆਮ ਅਮਰੀਕੀ ਨਾਗਰਿਕਾਂ ਲਈ ਵੀ ਇਹ ਸ਼ਟਡਾਊਨ ਚਿੰਤਾ ਵਧਾਉਣ ਵਾਲਾ ਹੈ। 81% ਅਮਰੀਕੀ ਮੰਨਦੇ ਹਨ ਕਿ ਇਹ ਆਰਥਿਕ ਨੁਕਸਾਨ ਪਹੁੰਚਾਉਂਦਾ ਹੈ। ਹਰ ਹਫ਼ਤੇ 1 ਬਿਲੀਅਨ ਡਾਲਰ ਦਾ ਘਾਟਾ ਟੂਰਿਜ਼ਮ ਅਤੇ ਛੋਟੇ ਵਪਾਰਾਂ ਨੂੰ ਹੋ ਰਿਹਾ ਹੈ। ਨੈਸ਼ਨਲ ਪਾਰਕਸ ਵਿੱਚ ਵਾਲੰਟੀਅਰਾਂ ਨੂੰ ਵੀ ਵਧੇਰੇ ਕੰਮ ਕਰਨਾ ਪੈ ਰਿਹਾ ਹੈ, ਜਿਵੇਂ 2019 ਵਿੱਚ ਜੋਸ਼ੂਆ ਟ੍ਰੀ ਨੈਸ਼ਨਲ ਪਾਰਕ ਵਿੱਚ ਡੈਮੇਜ ਨੂੰ ਠੀਕ ਕਰਨ ਲਈ ਆਲ-ਦੁਆਲੇ ਦੇ ਲੋਕਾਂ ਨੇ ਮਦਦ ਕੀਤੀ। ਸੈਨ ਫਰਾਂਸਿਸਕੋ ਵਰਗੇ ਸ਼ਹਿਰਾਂ ਵਿੱਚ ਫਲੀਟ ਵੀਕ ਵਰਗੇ ਇਵੈਂਟਸ ਵੀ ਪ੍ਰਭਾਵਿਤ ਹੋ ਰਹੇ ਹਨ। ਇਸ ਨਾਲ ਨਾ ਸਿਰਫ਼ ਨੌਕਰੀਆਂ ਜੋਖ਼ਮ ਵਿੱਚ ਹਨ, ਸਗੋਂ ਪੂਰੀ ਚੇਨ ਸਪਲਾਈ ਵੀ ਕੁਰਲਾ ਰਹੀ ਹੈ।

ਇਹ ਸ਼ਟਡਾਊਨ ਨੇਟਿਵ ਅਮਰੀਕਨਾਂ ਵਿੱਚ ਫੈਡਰਲ ਸਰਕਾਰ ਪ੍ਰਤੀ ਵਿਸ਼ਵਾਸ ਨੂੰ ਹੋਰ ਘਟਾ ਰਿਹਾ ਹੈ, ਜੋ ਪਹਿਲਾਂ ਹੀ ਘੱਟ ਹੈ। ਉਹ ਮੰਨਦੇ ਹਨ ਕਿ ਸੰਧੀਆਂ ਨੂੰ ਪੂਰਾ ਨਹੀਂ ਕੀਤਾ ਜਾਂਦਾ। ਆਮ ਅਮਰੀਕੀ ਨਾਗਰਿਕ ਵੀ ਇਸ ਨੂੰ ਆਪਣੀ ਚਿੰਤਾ ਮੰਨ ਰਹੇ ਹਨ, ਕਿਉਂਕਿ ਨੇਟਿਵ ਕਮਿਊਨਿਟੀਆਂ ਅਮਰੀਕੀ ਸਮਾਜ ਦਾ ਅਨਿੱਖੜਵਾਂ ਹਿੱਸਾ ਹਨ। ਜੇਕਰ ਇਹ ਸ਼ਟਡਾਊਨ ਲੰਮਾ ਚੱਲਿਆ ਤਾਂ ਸਭ ਲਈ ਨੁਕਸਾਨ ਵਧੇਗਾ- ਬੇਰੁਜ਼ਗਾਰੀ ਵਧੇਗੀ, ਸਿਹਤ ਸੇਵਾਵਾਂ ਘਟਣਗੀਆਂ ਅਤੇ ਆਰਥਿਕ ਵਿਕਾਸ ਰੁਕੇਗਾ। ਅਮਰੀਕੀ ਨਾਗਰਿਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਜਿਹੀਆਂ ਸਮੱਸਿਆਵਾਂ ਸਭ ਨੂੰ ਛੂੰਹਦੀਆਂ ਹਨ ਅਤੇ ਏਕਤਾ ਨਾਲ ਹੀ ਹੱਲ ਨਿਕਲ ਸਕਦਾ ਹੈ। ਆਸ ਹੈ ਕਿ ਸਿਆਸਤਦਾਨ ਜਲਦੀ ਹੀ ਸਮਝੌਤਾ ਕਰਨਗੇ ਤਾਂ ਜੋ ਆਮ ਲੋਕਾਂ ਦਾ ਨੁਕਸਾਨ ਨਾ ਹੋਵੇ।

# ਬਿਹਾਰ ਚੋਣਾਂ ਦਾ ਬਿਗਲ ਵੱਜਿਆ

ਮਿਹਨਤ ਨਾਲ ਸਾਹਮਣੇ ਲਿਆਂਦਾ। ਯਾਦ ਰਹੇ, ਇਸ ਤੋਂ ਪਹਿਲਾਂ ਚੋਣ ਕਮਿਸ਼ਨ ਕਾਂਗਰਸ ਨੂੰ ਵੋਟ ਹੇਰਾ-ਫੇਰੀ ਸੰਬੰਧੀ 'ਠੋਸ ਤੱਥ' ਪੇਸ਼ ਕਰਨ ਦੀ ਚੁਣੌਤੀ ਦਿੰਦੇ ਰਹੇ ਹਨ। ਵੋਟ ਚੋਰੀ ਦੇ ਮਸਲੇ 'ਤੇ ਹੀ ਕਾਂਗਰਸ ਪਾਰਟੀ ਅਤੇ ਤੇਜੱਸਵੀ ਯਾਦਵ ਵੱਲੋਂ ਮਿਲ ਕੇ ਸਾਰੇ ਬਿਹਾਰ ਵਿੱਚ ਇੱਕ ਮਾਰਚ ਕੀਤਾ ਗਿਆ। ਵਿਰੋਧੀ ਪਾਰਟੀਆਂ ਦੇ ਇਸ ਮਾਰਚ ਨੂੰ ਬਿਹਾਰੀ ਲੋਕਾਂ ਨੇ ਭਰਵਾਂ ਹੁੰਘਾਰਾ ਦਿੱਤਾ। ਇਸ ਦਰਮਿਆਨ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੂੰ ਚੋਣ ਕਮਿਸ਼ਨ ਵੱਲੋਂ ਬਿਹਾਰ ਵਿੱਚ ਕੀਤੀ ਗਈ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਵਿੱਚ ਕੀਤੀਆਂ ਜਾਣ ਵਾਲੀਆਂ ਸੰਭਾਵਤ ਬੇਨਿਯਮੀਆਂ ਖਿਲਾਫ ਵੀ ਲੜਨਾ ਪਿਆ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਨੇ ਭਾਰਤੀ ਨਾਗਰਿਕਾਂ ਦੇ ਇੱਕ ਪ੍ਰਮੁੱਖ ਪਛਾਣ ਪੱਤਰ, ਆਧਾਰ ਕਾਰਡ ਤੇ ਵੋਟਰ ਕਾਰਡ ਨੂੰ ਨਵੀਂ ਵੋਟ ਬਣਾਉਣ ਲਈ ਦਸਤਾਵੇਜ਼ ਵਜੋਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਨਾਗਰਿਕਾਂ ਨੂੰ ਆਪੋ ਆਪਣੀ ਨਾਗਰਿਕਤਾ ਦੇ ਸਬੂਤ ਲਈ ਜਨਮ ਸਰਟੀਫਿਕੇਟ ਦੇਣ ਲਈ ਕਿਹਾ ਸੀ। ਵਿਰੋਧੀ ਪਾਰਟੀਆਂ ਦਾ ਆਖਣਾ ਸੀ ਕਿ ਬਿਹਾਰ ਦੀ ਵੱਡੀ ਰੂਰਲ ਆਬਾਦੀ ਕੋਲ ਜਨਮ ਸਰਟੀਫਿਕੇਟ ਨਹੀਂ ਮਿਲਣਗੇ। ਇਸ ਲਈ ਇਨ੍ਹਾਂ ਲੋਕਾਂ ਦੀਆਂ ਵੋਟਾਂ ਕੱਟੀਆਂ ਜਾਣਗੀਆਂ। ਇਹ ਮਾਮਲਾ ਸੁਪਰੀਮ ਕੋਰਟ ਤੱਕ ਗਿਆ ਅਤੇ ਅਦਾਲਤ ਨੇ ਵੋਟਰ ਕਾਰਡ ਅਤੇ ਆਧਾਰ ਕਾਰਡ ਨੂੰ ਬੁਨਿਆਦੀ ਦਸਤਾਵੇਜ਼ ਮੰਨਣ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ। ਵੋਟ ਚੋਰੀ ਦੇ ਦੋਸ਼ ਲੱਗਣ ਕਾਰਨ ਚੋਣ ਕਮਿਸ਼ਨ ਵੱਲੋਂ ਵੋਟਾਂ ਬਣਾਉਣ ਦੇ ਰਾਹ ਵਿੱਚ ਹੋਰ ਅੜਿੱਕੇ ਡਾਹੁਣ ਤੋਂ ਵੀ ਗੁਰੇਜ ਨਹੀਂ ਕੀਤਾ ਗਿਆ।

ਯਾਦ ਰਹੇ, ਬੀਤੇ ਕਈ ਵਰ੍ਹਿਆਂ ਤੋਂ ਕਾਂਗਰਸ ਦੇ ਬਿਹਾਰ ਵਿੱਚ ਪੈਰ ਨਹੀਂ ਲੱਗੇ ਹਨ, ਵਿਰੋਧੀ ਪਾਰਟੀਆਂ ਵਜੋਂ ਰਾਸ਼ਟਰੀ ਜਨਤਾ ਦਲ, ਸੀ.ਪੀ.ਆਈ. (ਐਮ.ਐਲ.) ਅਤੇ ਕੁਝ ਹੋਰ ਛੋਟੀਆਂ ਪਾਰਟੀਆਂ ਕੋਲ ਹੀ ਗਿਣਨਯੋਗ ਸੀਟਾਂ ਹਨ। ਵੋਟ ਚੋਰੀ ਦੇ ਮਾਮਲੇ 'ਤੇ ਕੀਤੇ ਗਏ ਮਾਰਚ ਸਮੇਤ ਵਿਰੋਧੀ ਪਾਰਟੀਆਂ ਖਾਸ ਕਰਕੇ ਕਾਂਗਰਸ ਅਤੇ ਰਾਸ਼ਟਰੀ ਦਲ ਨੇ ਸਖਤ ਮਿਹਨਤ ਕੀਤੀ ਹੈ। ਇਸ ਲਈ ਇਨ੍ਹਾਂ ਪਾਰਟੀਆਂ ਨੂੰ ਇਸ ਵਾਰ ਬਿਹਾਰ ਵਿੱਚ ਵੱਡੇ ਬਦਲਾਅ ਦੀ ਆਸ ਹੈ। ਇੱਕ ਹੋਰ ਪੱਖ ਇਹ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੈਪਟਨ ਅਮਰਿੰਦਰ ਸਿੰਘ ਅਤੇ ਮਮਤਾ ਬੈਨਰਜੀ ਸਮੇਤ ਵੱਖ-ਵੱਖ ਪਾਰਟੀਆਂ ਨਾਲ ਚੋਣ ਮਾਹਿਰ ਵਜੋਂ ਸਫਲਤਾ ਪੂਰਵਕ ਭੂਮਿਕਾ ਨਿਭਾਉਣ ਵਾਲਾ ਪ੍ਰਸ਼ਾਂਤ ਕਿਸ਼ੋਰ ਵੀ ਆਪਣੀ ਵੱਖਰੀ ਪਾਰਟੀ ਬਣਾਉਣ ਦਾ ਯਤਨ ਕਰ ਰਿਹਾ ਹੈ। ਉਹ ਪਿਛਲੇ ਦੋ ਸਾਲਾਂ ਤੋਂ ਬਿਹਾਰ ਦੇ ਹਰ ਪਿੰਡ ਦੀ ਪੈਦਲ ਯਾਤਰਾ ਕਰ ਰਿਹਾ ਹੈ। ਉਸ ਨੇ ਭਾਰਤੀ ਜਨਤਾ ਪਾਰਟੀ 'ਤੇ ਇਤਿਹਾਸ ਦੀ ਸਭ ਤੋਂ ਭ੍ਰਿਸ਼ਟ ਰਾਜਨੀਤੀ ਕਰਨ ਦੇ ਦੋਸ਼ ਵੀ ਲਾਏ ਹਨ ਅਤੇ ਕਈ ਵੱਡੇ ਘੁਟਾਲਿਆਂ ਦਾ ਜ਼ਿਕਰ ਕੀਤਾ ਹੈ। ਉਸ ਦਾ ਦਾਅਵਾ ਹੈ ਕਿ ਐਨ.ਡੀ.ਏ. ਤੋਂ ਜਿਉਂ ਹੀ ਸੱਤਾ ਖੁੱਸ ਗਈ ਤਾਂ ਆਜ਼ਾਦ ਭਾਰਤ ਦੇ ਰਾਜਨੀਤਿਕ ਇਤਿਹਾਸ ਵਿੱਚ ਇਹ ਗੱਠਜੋੜ ਸਭ ਤੋਂ ਜ਼ਿਆਦਾ ਭ੍ਰਿਸ਼ਟ ਪ੍ਰਸ਼ਾਸਨ ਦੇਣ ਵਾਲਾ ਸਿਆਸੀ ਗੱਠਜੋੜ ਸਾਬਤ ਹੋਵੇਗਾ। ਇਸ ਹਾਲਤ ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਵੀ ਲਗਦਾ ਤਿੰਨ ਧਿਰੀਆਂ ਹੋਣਗੀਆਂ ਅਤੇ ਚੋਣ ਪ੍ਰਚਾਰ ਸ਼ੁਰੂ ਹੋਣ ਤੋਂ ਲੈ ਕੇ ਨਤੀਜੇ ਆਉਣ ਤੱਕ, ਸਾਰੀਆਂ ਧਿਰਾਂ ਦਾ ਵਿੱਤੋਂ ਵੱਧ ਜ਼ੋਰ ਲੱਗੇਗਾ। ਵਿਰੋਧੀ ਧਿਰਾਂ ਨੂੰ ਚੋਣ ਹੇਰਾ-ਫੇਰੀਆਂ 'ਤੇ ਵੀ ਨਜ਼ਰ ਰੱਖਣੀ ਪਏਗੀ। ਭਾਜਪਾ ਇਨ੍ਹਾਂ ਚੋਣਾਂ ਵਿੱਚ ਕੇਂਦਰੀ ਸੱਤਾ ਦੀ ਰੱਜ ਕੇ ਵਰਤੋਂ ਕਰੇਗੀ ਅਤੇ ਹਰ ਹੀਲੇ ਚੋਣਾਂ ਜਿੱਤਣ ਦਾ ਯਤਨ ਕਰੇਗੀ। ਚੋਣਾਂ ਵਿੱਚ ਸਫਲ ਰਹਿਣ ਲਈ ਵਿਰੋਧੀ ਧਿਰ ਵਿੱਚੋਂ ਕਾਂਗਰਸ ਨੂੰ ਇਸ ਵਾਰ ਵੱਡੀ ਭੂਮਿਕਾ ਅਦਾ ਕਰਨੀ ਪਵੇਗੀ। ਤਦ ਹੀ ਵਿਰੋਧੀ ਧਿਰ ਬਿਹਾਰ ਵਿੱਚ ਸਰਕਾਰ ਬਣਾਉਣ ਜੋਗਰੀ ਹੋ ਸਕਦੀ ਹੈ।

# ...ਚੀਫ ਜਸਟਿਸ ਗਵਈ ਵੱਲ ਜੁੱਤੀ ਸੁੱਟੀ

ਵਿਅੰਗ ਤੋਂ ਸਿਵਾਏ ਕੁਝ ਵੀ ਇਤਰਾਜ਼ਯੋਗ ਨਹੀਂ ਹੈ। ਉਂਝ ਬਾਅਦ ਵਿੱਚ ਚੀਫ ਜਸਟਿਸ ਸ੍ਰੀ ਗਵਈ ਇਹ ਕਹਿ ਹੀ ਚੁੱਕੇ ਹਨ ਕਿ ਉਹ ਸਾਰੇ ਧਰਮਾਂ ਦਾ ਆਦਰ ਕਰਦੇ ਹਨ। ਜੁੱਤੀ ਉਛਾਲਣ ਵਾਲੇ ਉਕਤ ਵਕੀਲ ਵੱਲੋਂ ਚੀਫ ਜਸਟਿਸ ਦੀ ਉਪਰੋਕਤ ਟਿੱਪਣੀ ਦਾ ਬੁਰਾ ਮਨਾਇਆ ਗਿਆ ਜਾਪਦਾ ਹੈ। ਇੱਥੇ ਜ਼ਿਕਰਯੋਗ ਹੈ ਕਿ ਚੀਫ ਜਸਟਿਸ ਬੀ.ਆਰ. ਗਵਈ ਡਾਕਟਰ ਅੰਬੇਦਕਰ ਅਤੇ ਬੁੱਧ ਧਰਮ ਤੋਂ ਪ੍ਰਭਾਵਤ ਰਹੇ ਹਨ। ਇੱਥੇ ਇਹ ਪੱਖ ਵੀ ਧਿਆਨ ਵਿੱਚ ਰੱਖਣਾ ਬਣਦਾ ਹੈ ਕਿ ਗਵਈ ਤੋਂ ਪਹਿਲਾਂ ਰਹੇ ਭਾਰਤ ਦੇ ਚੀਫ ਜਸਟਿਸ ਧਨੰਜਯ ਵਾਈ. ਚੰਦਰਚੂਹੜ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਨਲਾਈਨ ਹਿੰਦੂ ਪੂਜਾ ਦਾ ਦ੍ਰਿਸ਼ ਟੈਲੀਕਾਸਟ ਕੀਤਾ ਸੀ। ਕਿਸੇ ਵੀ ਜੱਜ ਦਾ ਕੋਈ ਵੀ ਧਰਮ ਹੋ ਸਕਦਾ ਹੈ, ਪਰ ਮੁਲਕ ਦੀ ਸਭ ਤੋਂ ਉਚੀ ਨਿਆਂਇਕ ਕੁਰਸੀ 'ਤੇ ਬੈਠਣ ਤੋਂ ਬਾਅਦ ਅਤੇ ਨਿਆਂ ਕਰਦਿਆਂ ਇਸ ਕਿਸਮ ਦੀਆਂ ਅਸਥਾਵਾਂ ਤੋਂ ਪ੍ਰਭਾਵਤ ਹੋ ਜਾਣਾ ਜਾਇਜ਼ ਨਹੀਂ। ਬਾਬਰੀ ਮਸਜਿਦ ਦੇ ਹੇਠਾਂ ਕਿਸੇ ਕਿਸਮ ਦੇ ਮੰਦਰ ਦੇ ਸਬੂਤ ਨਾ ਮਿਲਣ ਤੋਂ ਬਾਅਦ ਵੀ ਜਸਟਿਸ ਚੰਦਰਚੂਹੜ ਨੇ ਦੇਸ਼ ਦੇ 'ਬਹੁਗਿਣਤੀ ਲੋਕਾਂ ਦੀ ਭਾਵਨਾ ਦਾ ਖਿਆਲ' ਰੱਖਦਿਆਂ ਬਾਬਰੀ ਮਸਜਿਦ ਵਾਲੀ ਥਾਂ 'ਤੇ ਮੰਦਰ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਸੀ। ਇਹ ਫੈਸਲਾ ਕਿਸੇ ਜੱਜ ਦਾ ਫੈਸਲਾ ਨਹੀਂ ਸੀ ਲਗਦਾ, ਸਗੋਂ ਇੱਕ ਬੇਹੱਦ ਸ਼ਰਿਊਡ ਸਿਆਸਤਦਾਨ ਦਾ ਫੈਸਲਾ ਜਾਪਿਆ ਸੀ। ਇਸ ਫੈਸਲੇ ਦੀ ਬਾਅਦ ਵਿੱਚ ਉਨ੍ਹਾਂ ਬੜੀ ਢੀਠਤਾਈ ਨਾਲ ਵਕਾਲਤ ਵੀ ਕੀਤੀ। ਜੇ ਮੰਦਰ ਰਾਜਨੀਤਿਕ ਫੈਸਲੇ ਨਾਲ ਹੀ ਬਣਾਉਣਾ ਸੀ ਤਾਂ ਵਿੱਚ ਨਿਆਂਪਾਲਿਕਾ ਨੂੰ ਲਿਆਉਣ ਦੀ ਲੋੜ ਨਹੀਂ ਸੀ। ਮਸਜਿਦ ਤੇ ਢਹਿ ਹੀ ਗਈ ਸੀ, ਇੱਕ ਸਰਕਾਰੀ ਹੁਕਮ ਨਾਲ ਵੀ ਇਹ ਅਯੋਧਿਆ ਵਿੱਚ ਰਾਮ ਮੰਦਿਰ ਬਣਾਇਆ ਜਾ ਸਕਦਾ ਸੀ। ਇਨਸਾਫ ਦੇ ਬੁਲੋਡਜ਼ਰ ਅੱਗੇ ਮੁਸਲਮਾਨਾਂ ਦੀ ਇੱਕ ਨਹੀਂ ਸੀ ਚੱਲਣੀ!

ਪਰ ਇੱਕ ਦੇਸ਼ ਦੇ ਚੀਫ ਜਸਟਿਸ ਖਿਲਾਫ ਸੁਣਵਾਈ ਦੇ ਦੌਰਾਨ ਜੁੱਤੀ ਉਛਾਲ ਦੇਣੀ ਸੱਚ-ਮੁੱਚ ਇੱਕ ਮੰਦਭਾਗਾ ਮਾਮਲਾ ਹੈ। ਉਂਝ ਭਾਵੇਂ ਦੇਸ਼ ਦੀ ਕਿਸਮਤ ਦੇ ਫੈਸਲੇ ਕਰਨ ਵਿੱਚ ਸਿਆਸਤਦਾਨ ਮੁੱਖ ਭੂਮਿਕਾ ਨਿਭਾਉਂਦੇ ਹਨ, ਪਰ ਅਦਾਲਤਾਂ ਖਾਸ ਕਰਕੇ ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਸਿਆਸਦਾਨਾਂ ਵੱਲੋਂ ਬਣਾਏ ਗਏ ਕਾਨੂੰਨਾਂ ਨੂੰ ਸੰਵਿਧਾਨ ਦੇ ਮੇਚ ਦਾ ਕਰਨ ਵਿੱਚ ਜ਼ਿਆਦਾ ਅਸਰਦਾਰ ਸਾਬਤ ਹੁੰਦੀਆਂ ਹਨ। ਅਦਾਲਤਾਂ ਜੇ ਹਰ ਧਰਮ ਅਤੇ ਨਸਲ ਦੇ ਲੋਕਾਂ ਖਿਲਾਫ ਫੈਸਲੇ ਕਰਦਿਆਂ ਪੂਰੀ ਨਿਰਪੱਖਤਾ ਤੋਂ ਕੰਮ ਲੈਣ ਤਾਂ ਮੁਲਕ ਦਾ ਮਾਹੌਲ ਧਾਰਮਿਕ ਸਹਿਣਸ਼ੀਲਤਾ ਦੇ ਪੱਖ ਤੋਂ ਵਧੇਰੇ ਸਕਾਰਾਤਮਕ ਹੋ ਸਕਦਾ ਹੈ। ਇਹ ਵੀ ਕਿ ਜਦੋਂ ਕੋਈ ਪੀੜਤ ਹਰ ਪਾਸਿਓਂ ਹਾਰ ਜਾਂਦਾ ਹੈ, ਤਦ ਹੀ ਉਹ ਉੱਚ ਨਿਆਂਇਕ ਸੰਸਥਾਵਾਂ ਦਾ ਆਸਰਾ ਲੈਂਦਾ ਹੈ। ਇਸੇ ਲਈ ਨਿਆਂ ਪਾਲਿਕਾ ਨੂੰ ਰਾਜਨੀਤਿਕ, ਨਸਲੀ ਜਾਂ ਮਜਹਬੀ ਝੁਕਾਵਾਂ ਤੋਂ ਵਿੱਥ 'ਤੇ ਰੱਖਣਾ ਜ਼ਰੂਰੀ ਹੁੰਦਾ ਹੈ; ਪਰ ਜਦੋਂ ਹੁਕਮਰਾਨਾਂ ਦੀ ਅਕਲ 'ਤੇ ਪਰਦੇ ਪੈ ਜਾਂਦੇ ਹਨ ਤਾਂ ਦੁਰਘਟਨਾਵਾਂ ਵਾਪਰਨੀਆਂ ਤੈਅ ਹੁੰਦੀਆਂ ਹਨ।

ਇਹ ਨਹੀਂ ਕਿ ਅਜਿਹੇ ਪੱਖਪਾਤੀ ਝੁਕਾਅ ਪਹਿਲਾਂ ਕਦੇ ਪ੍ਰਗਟ ਨਹੀਂ ਹੋਏ। ਚੁਰਾਸੀਵਿਆਂ ਦੇ ਦੌਰ ਵਿੱਚ ਕਈ ਸਿੱਖ ਖਾੜਕੂਆਂ, ਅਤੇ ਬਾਅਦ ਵਿੱਚ ਕਸ਼ਮੀਰੀਆਂ ਨਾਲ ਨਿਪਟਦਿਆਂ ਵੀ ਭਾਰਤੀ ਅਦਾਲਤਾਂ ਹਿੰਦੂਤਵੀ ਭਾਵਨਾਵਾਂ ਵੱਲ ਝੁਕੀਆਂ ਵਿਖਾਈ ਦਿੱਤੀਆਂ ਹਨ; ਜਦਕਿ ਅਸਲ ਨਿਆਂ ਪ੍ਰਬੰਧ ਇਨ੍ਹਾਂ ਮਾਮਲਿਆਂ ਵਿੱਚ ਘੋਰ ਨਿਰਪੱਖਤਾ ਦੀ ਮੰਗ ਕਰਦਾ ਹੈ। ਧਾਰਮਿਕ ਸ਼ਰਧਾ ਅਤੇ ਭਾਵਨਾਵਾਂ ਆਪਣੀ ਥਾਂ ਠੀਕ ਹਨ, ਪਰ ਅਦਾਲਤਾਂ ਤਰਕ ਅਤੇ ਤੱਥਾਂ ਦਾ ਪੱਲਾ ਨਹੀਂ ਛੱਡ ਸਕਦੀਆਂ। ਉਂਝ ਚੀਫ ਜਸਟਿਸ ਬੀ.ਆਰ. ਗਵਈ ਦੀ ਇਹ ਨਿਆਂਇਕ ਪ੍ਰੋੜਤਾ ਹੀ ਹੈ ਕਿ ਉਨ੍ਹਾਂ ਨੇ ਸੰਬੰਧਤ ਵਕੀਲ ਨੂੰ ਮਹਿਜ਼ ਨਜ਼ਰਅੰਦਾਜ਼ ਕਰਨ ਲਈ ਕਿਹਾ। ਉਨ੍ਹਾਂ ਨੇ ਉਸ ਵਕਤ ਜਿਸ ਕੇਸ ਦੀ ਸੁਣਵਾਈ ਕਰ ਰਹੇ ਸਨ, ਉਸ ਦੀ ਸੁਣਵਾਈ ਬਿਨਾ ਰੁਕਿਆਂ ਜਾਰੀ ਰੱਖੀ।

ਬਾਰ ਕੌਂਸਲ ਨੇ ਐਡਵੋਕੇਟ ਰਾਕੇਸ਼ ਕਿਸ਼ੋਰ ਨੂੰ ਮੁਅੱਤਲ ਕਰ ਦਿੱਤਾ ਹੈ। ਉਸ ਖਿਲਾਫ ਬਾਰ ਕੌਂਸਲ ਵੱਲੋਂ ਅਨੁਸ਼ਾਸਨੀ ਕਾਰਵਾਈ ਵੀ ਅਰੰਭੀ ਗਈ ਹੈ ਅਤੇ ਪੰਦਰਾਂ ਦਿਨ ਦਾ ਨੋਟਿਸ ਦੇ ਕੇ ਜਵਾਬ ਮੰਗਿਆ ਗਿਆ ਹੈ। ਦਿੱਲੀ ਪੁਲਿਸ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ। ਫਿਰ ਵੀ ਵਕੀਲਾਂ ਦਾ ਇੱਕ ਧੜਾ ਮੰਗ ਕਰ ਰਿਹਾ ਕਿ ਜੁੱਤੀ ਸੁੱਟਣ ਵਾਲੇ ਵਕੀਲ ਨੂੰ ਗ੍ਰਿਫਤਾਰ ਕੀਤਾ ਜਾਵੇ। ਉਨ੍ਹਾਂ ਦਲੀਲ ਦਿੱਤੀ ਕੇ ਜੇ ਇਹੋ ਕਾਰਾ ਕਿਸੇ ਮੁਸਲਮਾਨ ਜਾਂ ਦਲਿੱਤ ਵਕੀਲ ਨੇ ਕੀਤਾ ਹੁੰਦਾ ਤਾਂ ਗੱਲ ਏਥੇ ਨਹੀਂ ਸੀ ਰੁਕਣੀ। ਰਾਜਨੀਤਿਕ ਪਾਰਟੀਆਂ ਵੀ ਇਸ ਮਸਲੇ ਨੂੰ ਲੈ ਕੇ ਮੰਗ ਕਰ ਰਹੀਆਂ ਹਨ ਕਿ ਮਾਮਲੇ ਦੀ ਵਿਸਥਾਰਤ ਜਾਂਚ ਕੀਤੀ ਜਾਵੇ। ਕਾਂਗਰਸ ਦੇ ਪ੍ਰਧਾਨ ਮਲਿਕਾਰੁਜਨ ਖੜਗੇ ਅਤੇ ਸੋਨੀਆ ਗਾਂਧੀ ਨੇ ਇਸ ਘਟਨਾ ਨੂੰ ਸੰਵਿਧਾਨ 'ਤੇ ਹਮਲਾ ਕਰਾਰ ਦਿੱਤਾ ਹੈ। ਕੇਰਲਾ ਦੇ ਮੁੱਖ ਮੰਤਰੀ ਤੇ ਖੱਬੇ ਪੱਖੀ ਆਗੂ ਪਿਨਰਾਈ ਵਿਜਯਨ ਨੇ ਚੀਫ ਜਸਟਿਸ 'ਤੇ ਹਮਲੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਚੀਫ ਜਸਟਿਸ 'ਤੇ ਹਮਲੇ ਦੀ ਕੋਸ਼ਿਸ਼ ਸੰਘ ਪਰਿਵਾਰ ਵੱਲੋਂ ਫੈਲਾਈ ਗਈ ਨਫਰਤ ਦਾ ਸਿੱਟਾ ਹੈ। ਖੜਗੇ ਨੇ ਆਪਣੇ ਬਿਆਨ ਕਿਹਾ ਕਿ ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਸਾਡਾ ਸਮਾਜ ਕਿਸ ਕਦਰ ਨਫਰਤੀ ਹੋ ਚੁੱਕਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਘਟਨਾ ਮਗਰੋਂ ਚੀਫ ਜਸਟਿਸ ਨਾਲ ਫੋਨ 'ਤੇ ਗੱਲਬਾਤ ਕਰਕੇ ਘਟਨਾ ਦੀ ਨਿੰਦਾ ਕੀਤੀ ਅਤੇ ਚੀਫ ਜਸਟਿਸ ਵੱਲੋਂ ਤਹੱਮਲ ਬਣਾਈ ਰੱਖਣ ਦੀ ਸ਼ਲਾਘਾ ਕੀਤੀ।

# ਇਜ਼ਰਾਈਲ ਨੇ ਮਾਨਵੀ ਮਦਦ ਲਿਜਾ ਰਿਹਾ ਕਾਫਲਾ ਰੋਕਿਆ

***ਗਰੇਟਾ ਥੰਨਬਰਗ ਸਮੇਤ ਮਾਨਵੀ ਕਾਰਕੁੰਨ ਗ੍ਰਿਫਤਾਰੀ ਪਿੱਛੋਂ ਰਿਹਾਅ**  ***ਕੋਲੰਬੀਆ ਨੇ ਇਜ਼ਰਾਈਲ ਨਾਲੋਂ ਫਰੀ ਟਰੇਡ ਸਮਝੌਤਾ ਤੋੜਿਆ**

**ਜਸਵੀਰ ਸਿੰਘ ਮਾਂਗਟ**

ਇਜ਼ਰਾਈਲ ਨੇ ਸਪੇਨ ਤੋਂ ਗਾਜ਼ਾ ਲਈ ਮਾਨਵੀ ਸਹਾਇਤਾ ਪਹੁੰਚਾਉਣ ਦੇ ਮਕਸਦ ਨਾਲ ਪਿਛਲੇ ਮਹੀਨੇ ਤੁਰੇ ਕਾਫਲੇ ਨੂੰ 2 ਅਕਤੂਬਰ ਨੂੰ ਆਖਰ ਇਜ਼ਰਾਈਲੀ ਮਿਲਟਰੀ ਅਤੇ ਫੌਜ ਨੇ ਰੋਕ ਕੇ ਗ੍ਰਿਫਤਾਰ ਕਰ ਲਿਆ। ਕੁਝ ਦਿਨ ਬਾਅਦ ਇਨ੍ਹਾਂ ਸਾਰੇ ਮਾਨਵੀ ਕਾਕੁੰਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਵਾਤਾਵਰਣ ਅਤੇ ਮਨੁੱਖੀ ਅਧਿਕਾਰਾਂ ਸੰਬੰਧੀ ਸਵੀਡਿਸ਼ ਕਾਰਕੁੰਨ ਗਰੇਟਾ ਥੰਨਬਰਗ ਦੀ ਅਗਵਾਈ ਵਿੱਚ ਇਜ਼ਰਾਈਲ ਵੱਲੋਂ ਗਾਜ਼ਾ ਨੂੰ ਜਾਣ ਵਾਲੀ ਮਾਨਵੀ ਸਹਾਇਤਾ ਨੂੰ ਮਾਰੇ ਬੰਨ੍ਹ ਨੂੰ ਤੋੜਨ ਲਈ ਕੋਈ 500 ਲੋਕਾਂ ਦਾ ਇਹ ਕਾਫਲਾ 40 ਕਿਸ਼ਤੀਆਂ ਵਿੱਚ ਸਵਾਰ ਸੀ।


ਗਾਜ਼ਾ ਵਿੱਚ ਇਜ਼ਰਾਈਲ ਅਤੇ ਹਮਾਸ ਵਿਚਕਾਰ ਚੱਲ ਰਹੀ ਜੰਗ ਵਿੱਚ ਰੁਚੀ ਰੱਖਣ ਵਾਲੇ ਦੁਨੀਆਂ ਭਰ ਦੇ ਲੋਕਾਂ ਦੀਆਂ ਨਜ਼ਰਾਂ ਇਸ ਕਾਫਲੇ 'ਤੇ ਲੱਗੀਆਂ ਹੋਈਆਂ ਸਨ, ਪਰ ਫਲਿਸਤੀਨੀ ਸਮੁੰਦਰੀ ਖੇਤਰ ਵਿੱਚ ਪਹੁੰਚਣ ਤੋਂ ਪਹਿਲਾਂ ਹੀ ਇਜ਼ਰਾਈਲ ਦੀ ਨੇਵੀ ਅਤੇ ਹੋਰ ਫੌਜੀ ਦਸਤਿਆਂ ਨੇ ਇਸ ਕਾਫਲੇ ਨੂੰ ਅੰਤਰਰਾਸ਼ਟਰੀ ਸਮੁੰਦਰੀ ਖੇਤਰ (ਭੂਮੱਧਸਾਗਰ) ਵਿੱਚ ਰੋਕ ਦਿੱਤਾ। ਇਜ਼ਰਾਈਲੀ ਸੁਰੱਖਿਆ ਦਸਤਿਆਂ ਨੇ ਇਸ ਤੋਂ ਪਹਿਲਾਂ ਮਾਨਵੀ ਸਹਾਇਤਾ ਲੈ ਕੇ ਜਾ ਰਹੇ ਇਸ ਕਾਫਲੇ (ਫਲੋਟਿਲਾ) ਨੂੰ ਚਿਤਾਵਨੀ ਦਿੱਤੀ, ਪਰ ਉਨ੍ਹਾਂ ਦੇ ਨਾ ਰੁਕਣ 'ਤੇ ਫੌਜ ਨੇ ਮਾਨਵੀ ਕਾਰਕੁੰਨਾਂ 'ਤੇ ਵਾਟਰ ਕੈਨਨ ਨਾਲ ਪਾਣੀ ਦੀਆਂ ਬੁਛਾੜਾਂ ਮਾਰੀਆਂ ਅਤੇ ਰਬੜ ਦੀਆਂ ਗੋਲੀਆਂ ਵੀ ਚਲਾਈਆਂ। ਸੋਸ਼ਲ ਮੀਡੀਆ 'ਤੇ ਜਾਰੀ ਹੋਈਆਂ ਵੀਡੀਓਜ਼ ਵਿੱਚ ਗੋਲੀਆਂ ਚੱਲਣ ਦੀ ਆਵਾਜ਼ ਵੀ ਸੁਣਾਈ ਦੇ ਰਹੀ ਹੈ। ਫੌਜੀ ਦਸਤੇ ਆਧੁਨਿਕ ਅਸਲੇ ਨਾਲ ਲੈਸ ਸਨ ਅਤੇ ਉਨ੍ਹਾਂ ਨੇ ਨਿਹੱਥੇ ਕਾਰਕੁੰਨਾਂ ਨੂੰ ਹੱਥ ਖੜ੍ਹੇ ਕਰਵਾ ਕੇ ਗ੍ਰਿਫਤਾਰ ਕੀਤਾ। ਗਾਜ਼ਾ ਲਈ ਜਾ ਰਹੇ ਉਪਰੋਕਤ ਕਾਫਲੇ ਵਿੱਚ ਕਾਫੀ ਗਿਣਤੀ ਵਿੱਚ ਪੱਤਰਕਾਰ ਅਤੇ ਵਕੀਲ ਵੀ ਸ਼ਾਮਲ ਸਨ, ਜਿਨ੍ਹਾਂ ਨੇ ਦੱਸਿਆ ਕਿ ਇਜ਼ਰਾਈਲੀ ਫੌਜ ਵੱਲੋਂ ਉਨ੍ਹਾਂ ਦਾ ਸੰਚਾਰ ਪ੍ਰਬੰਧ ਜਾਮ ਕਰ ਦਿੱਤਾ ਗਿਆ ਸੀ। ਫਲੋਟਿਲਾ ਨੂੰ ਜਥੇਬੰਦ ਕਰਨ ਵਾਲੀਆਂ ਸੰਸਥਾਵਾਂ ਨੇ ਦੱਸਿਆ ਕਿ ਕਾਫਲੇ ਵਿੱਚ ਸ਼ਾਮਲ ਕਿਸ਼ਤੀਆਂ ਨੂੰ ਅੰਤਰਰਾਸ਼ਟਰੀ ਪਾਣੀਆਂ ਵਿੱਚ ਰੋਕ ਕੇ ਗ੍ਰਿਫਤਾਰ ਕੀਤਾ ਗਿਆ। ਇਹ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਤਰ੍ਹਾਂ ਨਾਲ ਸ਼ਾਂਤਮਈ ਮਾਨਵ ਸਹਾਇਤਾ ਕਾਰਕੁੰਨਾਂ 'ਤੇ ਹਮਲਾ ਹੈ। ਉਨ੍ਹਾਂ ਹੋਰ ਕਿਹਾ ਕਿ ਇਹ ਅੰਤਰਰਾਸ਼ਟਰੀ ਪਾਣੀਆਂ ਵਿੱਚ ਮਾਨਵੀ ਕਾਰਕੁੰਨਾਂ ਨੂੰ 'ਅਗਵਾ' ਕਰਨ ਵਰਗੀ ਘਟਨਾ ਹੈ। ਇਸ ਦਰਮਿਆਨ ਇਜ਼ਰਾਈਲੀ ਸਰਕਾਰ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਉਸ ਨੇ ਕਿਸ਼ਤੀਆਂ 'ਤੇ ਸਵਾਰ ਕਾਰਕੁੰਨਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਗਾਜ਼ਾ ਲਈ ਇਨ੍ਹਾਂ ਕਿਸ਼ਤੀਆਂ ਵਿੱਚ ਲਿਆਂਦੀ ਗਈ ਸਹਾਇਤਾ ਨੂੰ ਲੋੜਵੰਦ ਫਲਿਸਤੀਨੀ ਲੋਕਾਂ ਤੱਕ ਪਹੁੰਚਦਾ ਦਿੱਤਾ ਗਿਆ ਹੈ। ਇਜ਼ਰਾਈਲ ਸਰਕਾਰ ਅਨੁਸਾਰ ਗ੍ਰਿਫਤਾਰ ਗਏ ਕਾਰਕੁੰਨਾਂ ਨੂੰ ਇਜ਼ਰਾਈਲੀ ਜੇਲ੍ਹ ਵਿੱਚ ਰੱਖਿਆ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਆਪੋ ਆਪਣੇ ਮੁਲਕਾਂ ਨੂੰ ਵਾਪਸ ਭੇਜ ਦਿੱਤਾ ਗਿਆ। ਇਜ਼ਰਾਈਲ ਦੇ ਵਿਦੇਸ਼ ਮੰਤਰੀ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਸਾਰੀਆਂ ਕਿਸ਼ਤੀਆਂ ਨੂੰ ਰੋਕ ਲਿਆ ਗਿਆ ਹੈ, ਕੋਈ ਵੀ ਸੁਰਖਿਆ ਦਸਤਿਆਂ ਦਾ ਘੇਰਾ ਤੋੜ ਨਹੀਂ ਸਕਿਆ। (ਇਸ ਦੌਰਾਨ ਕਾਫਲੇ ਵਿੱਚ ਸ਼ਾਮਲ ਕੁਝ ਡਾਕਟਰਾਂ ਦੇ ਗਾਜ਼ਾ ਵਿੱਚ ਪਹੁੰਚ ਕੇ ਮਾਨਵੀ ਰਾਹਤ ਵੰਡਣ ਦੀ ਖ਼ਬਰ ਵੀ ਆ ਰਹੀ ਹੈ।) ਜ਼ਿਕਰਯੋਗ ਹੈ ਕਿ ਇਜ਼ਰਾਈਲੀ ਫੌਜ ਵੱਲੋਂ ਗਾਜ਼ਾ ਵਿੱਚ ਮਨੁੱਖੀ ਰਸਦ ਨੂੰ ਮਾਰਿਆ ਨਾਕਾ ਤੋੜਨ ਲਈ ਨਿਕਲੀਆਂ ਕਿਸ਼ਤੀਆਂ ਵਿੱਚ ਗਰੇਟਾ ਤੋਂ ਇਲਾਵਾ ਨੈਲਸਨ ਮੰਡੇਲਾ ਦਾ ਪੋਤਰਾ ਮਾਂਡਲਾ ਮੰਡੇਲਾ, ਇਟਲੀ ਦੀ ਪਾਰਲੀਮੈਂਟ ਦੇ ਕਈ ਮੈਂਬਰ ਸ਼ਾਮਲ ਸਨ। ਇਸ ਤੋਂ ਇਲਾਵਾ ਕਈ ਜਾਣੇ-ਪਛਾਣੇ ਪੱਤਰਕਾਰ, ਵਕੀਲ ਅਤੇ ਵਾਤਾਰਵਰਣ ਦੀ ਰਾਖੀ ਲਈ ਕਾਰਜਸ਼ੀਲ ਕਾਰਕੁੰਨ ਵੀ ਸ਼ਾਮਲ ਸਨ।

ਯਾਦ ਰਹੇ, 7 ਅਕਤੂਬਰ 2023 ਨੂੰ ਹਮਾਸ ਦੇ ਖਾੜਕੂਆਂ ਵੱਲੋਂ ਇਜ਼ਰਾਈਲ ਦੇ ਇੱਕ ਫੈਸਟੀਵਲ 'ਤੇ ਹਮਲਾ ਕਰਕੇ 1250 ਲੋਕ ਮਾਰ ਦਿੱਤੇ ਗਏ ਸਨ, ਜਦਕਿ 250 ਨੂੰ ਅਗਵਾ ਕਰ ਲਿਆ ਗਿਆ ਸੀ। ਇਸ ਹਮਲੇ ਤੋਂ ਬਾਅਦ ਇਜ਼ਰਾਈਲ ਵੱਲੋਂ ਗਾਜ਼ਾ 'ਤੇ ਭਿਆਨਕ ਹਮਲਾ ਕੀਤਾ ਗਿਆ, ਜਿਸ ਵਿੱਚ ਗਜ਼ਾ ਪੱਟੀ ਲਗਪਗ ਥੇਹ ਬਣਾ ਦਿੱਤੀ ਗਈ। ਇਜ਼ਰਾਈਲ ਦੇ ਹਮਲੇ ਹਾਲੇ ਵੀ ਜਾਰੀ ਹਨ ਅਤੇ ਦਰਜਨਾਂ ਲੋਕ ਮਾਰੇ ਜਾ ਰਹੇ ਹਨ। ਉਪਰੋਕਤ ਹਮਲੇ ਤੋਂ ਬਾਅਦ ਇਜ਼ਰਾਈਲੀ ਸਰਕਾਰ ਨੇ ਗਾਜ਼ਾ ਵਿੱਚ ਜਾ ਰਹੀ ਅੰਤਰਰਾਸ਼ਟਰ ਮਾਨਵੀ ਸਹਾਇਤਾ ਨੂੰ ਤਕਰੀਬਨ ਬੰਦ ਕਰ ਦਿੱਤਾ ਹੈ। ਇਸ ਦੇ ਸਿੱਟੇ ਵਜੋਂ ਗਾਜ਼ਾ ਪੱਟੀ ਵਿੱਚ ਲੋਕ ਭੁੱਖ ਨਾਲ ਮਰਨ ਲੱਗੇ ਹਨ। ਖਾਸ ਕਰਕੇ ਬੱਚੇ ਅਤੇ ਔਰਤਾਂ ਭੁੱਖਮਰੀ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਤੋਂ ਇਲਾਵਾ ਇਜ਼ਰਾਈਲ ਅਤੇ ਅਮਰੀਕਾ ਦੀ ਫੂਡ ਏਡ ਏਜੰਸੀ ਵੱਲੋਂ ਲੋਕਾਂ ਨੂੰ ਖੁਰਾਕ ਵੰਡਣ ਦਾ ਝਾਂਸਾ ਦੇ ਕੇ ਵੀ ਮਾਰਿਆ ਜਾ ਰਿਹਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ 7 ਅਕਤੂਬਰ ਤੋਂ ਬਾਅਦ ਹਮਾਸ ਅਤੇ ਇਜ਼ਰਾਈਲ ਵਿਚਕਾਰ ਸ਼ੁਰੂ ਹੋਈ ਜੰਗ ਵਿੱਚ ਤਕਰੀਬਨ 60,000 ਤੋਂ ਵੱਧ ਫਲਿਸਤੀਨੀ ਮਾਰੇ ਗਏ ਹਨ। ਇਨ੍ਹਾਂ ਵਿੱਚ ਬਹੁਤੇ ਆਮ ਫਲਿਸਤੀਨੀ ਨਾਗਰਿਕ ਹਨ। ਔਰਤਾਂ ਅਤੇ ਬੱਚਿਆਂ ਦੀਆਂ ਵੱਡੀ ਪੱਧਰ 'ਤੇ ਮੌਤਾਂ ਹੋਈਆਂ ਹਨ। ਇਸ ਤੋਂ ਇਲਾਵਾ 12-15 ਹਜ਼ਾਰ ਲੋਕ ਲਾਪਤਾ ਹਨ, ਜਿਨ੍ਹਾਂ ਬਾਰੇ ਸਮਝਿਆ ਜਾ ਰਿਹਾ ਹੈ ਕਿ ਉਹ ਮਲਬੇ ਹੇਠਾਂ ਦਬ ਕੇ ਮਾਰੇ ਗਏ ਹਨ। 14,000 ਲੋਕ ਗੰਭੀਰ ਰੂਪ ਵਿੱਚ ਅਪਹਾਜ ਹੋ ਗਏ ਹਨ।

ਯਾਦ ਰਹੇ, ਬਰਤਾਨੀਆ ਅਤੇ ਫਰਾਂਸ ਸਮੇਤ ਬਹੁਤ ਸਾਰੇ ਯੂਰਪੀਅਨ ਮੁਲਕਾਂ ਨੇ ਫਲਿਸਤੀਨ ਨੂੰ ਇੱਕ ਆਜ਼ਾਦ ਮੁਲਕ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ। ਇਸ ਨਾਲ ਡੋਨਾਲਡ ਟਰੰਪ ਅਤੇ ਨੇਤਨਯਾਹੂ 'ਤੇ ਜੰਗਬੰਦੀ ਦਾ ਦਬਾਅ ਵਧ ਗਿਆ ਹੈ। ਇਜ਼ਰਾਈਲੀ ਫੌਜ ਵੱਲੋਂ ਕਤਰ 'ਤੇ ਕੀਤੇ ਗਏ ਹਮਲਿਆਂ ਕਾਰਨ ਵੀ ਇਜ਼ਰਾਈਲ ਕਾਫੀ ਦਬਾਅ ਵਿੱਚ ਰਿਹਾ ਅਤੇ ਅਖੀਰ ਉਸ ਨੂੰ ਕਤਰ ਦੀ ਸਰਕਾਰ ਕੋਲੋਂ ਉਪਰੋਕਤ ਹਮਲਿਆਂ ਅਤੇ ਇਸ ਦੌਰਾਨ ਹੋਈਆਂ ਹੱਤਿਆਵਾਂ ਲਈ ਮੁਆਫੀ ਮੰਗਣੀ ਪਈ। ਇਸ ਦੌਰਾਨ ਕਈ ਮੁਲਕਾਂ ਦੇ ਆਗੂਆਂ ਨੇ ਨਿਹੱਥੇ ਕਾਰਕੁੰਨਾਂ ਨੂੰ ਜ਼ਬਰਦਸਤੀ ਗ੍ਰਿਫਤਾਰ ਕਰਨ ਦੀ ਨਿਖੇਧੀ ਕੀਤੀ। ਇੱਕ ਫਲਿਸਤੀਨੀ ਆਗੂ ਨੇ ਕਿਹਾ ਕਿ ਇਹ ਕਾਫਲੇ ਨੂੰ ਅੰਤਰਰਾਸ਼ਟਰੀ ਸਮੁੰਦਰੀ ਖੇਤਰ ਵਿੱਚੋਂ ਗ੍ਰਿਫਤਾਰ ਕਰਨਾ ਮਾਨਵੀ ਸਹਾਇਤਾ ਪਹੁੰਚਾਉਣ ਲਈ ਜਾ ਰਹੇ ਕਾਰਕੁੰਨਾਂ ਨੂੰ 'ਅਗਵਾ' ਕਰਨ ਦੇ ਬਰਾਬਰ ਹੈ। ਇਸ ਫੜੋ-ਫੜਾਈ ਵਿੱਚ ਫਲੋਟਿਲਾ ਦੇ ਕਾਫਲੇ ਦੀ ਮੁੱਖ ਆਗੂ ਗਰੇਟਾ ਥੰਨਬਰਗ ਨਿਰਭੈ ਰੂਪ ਵਿੱਚ ਇਜ਼ਰਾਈਲੀ ਸੁਰੱਖਿਆ ਦਸਤਿਆਂ ਨਾਲ ਖਹਿਬੜਦੀ ਨਜ਼ਰ ਆਈ। ਆਜ਼ਾਦ ਮਨੁੱਖੀ ਕਾਰਕੁੰਨਾਂ ਦੇ ਇਸ ਕਾਫਲੇ ਦੀ ਗ੍ਰਿਫਤਾਰੀ ਤੋਂ ਪਿਛੋਂ ਕੋਲੰਬੀਆ ਨੇ ਇਜ਼ਰਾਈਲ ਨਾਲ ਆਪਣਾ ਫਰੀ ਟਰੇਡ ਸਮਝੌਤਾ ਰੱਦ ਕਰ ਦਿੱਤਾ ਅਤੇ ਇਜ਼ਰਾਈਲ ਦੇ ਡਿਪਲੋਮੈਟਿਕ ਅਮਲੇ ਨੂੰ ਆਪਣਾ ਮੁਲਕ ਛੱਡਣ ਦਾ ਹੁਕਮ ਦੇ ਦਿੱਤਾ। ਕੋਲੰਬੀਆ ਦੇ ਰਾਸ਼ਟਰਪਤੀ ਗੁਸਟਾਵੋ ਪੈਟਰੋ ਨੇ ਕਿਹਾ ਕਿ ਕੋਲੰਬੀਆ ਇਜ਼ਰਾਈਲ ਵੱਲੋਂ ਗ੍ਰਿਫਤਾਰ ਕੀਤੇ ਗਏ ਕਾਰਕੁੰਨਾਂ ਦੇ ਨਾਲ ਹੈ। ਇਸ ਮਨੁੱਖੀ ਰਾਹਤ ਕਾਰਵਾਂ ਦੇ ਗਾਜ਼ਾ ਲਾਗੇ ਪੁੱਜਣ ਦੇ ਨਾਲ ਹੀ ਦੁਨੀਆਂ ਭਰ ਵਿੱਚ ਫਲਿਸਤੀਨ ਦੀ ਆਜ਼ਾਦੀ ਦੇ ਹੱਕ ਵਿੱਚ ਅਤੇ ਇਜ਼ਰਾਈਲ ਵੱਲੋਂ ਗਾਜ਼ਾ ਵਿੱਚ ਕੀਤੀ ਜਾ ਰਹੀ ਨਸਲਕੁਸ਼ੀ ਦੇ ਖਿਲਾਫ ਵੱਡੇ ਵਿਖਾਵੇ ਹੋਣ ਲੱਗੇ। ਇਟਲੀ ਦੀ ਸਭ ਤੋਂ ਵੱਡੀ ਮਜ਼ਦੂਰ ਯੂਨੀਅਨ ਨੇ ਪਿਛਲੇ ਹਫਤੇ ਵੀਰਵਾਰ ਵਾਲੇ ਦਿਨ ਦੇਸ਼ ਭਰ ਵਿੱਚ ਮੁਕੰਮਲ ਹੜਤਾਲ ਦਾ ਸੱਦਾ ਦਿੱਤਾ। ਫਰਾਂਸ ਅਤੇ ਇਟਲੀ ਦੇ ਵਿਦੇਸ਼ ਮੰਤਰੀਆਂ ਨੇ ਕਿਹਾ ਕਿ ਉਹ ਮਾਨਵੀ ਕਾਰਕੁੰਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਇਜ਼ਰਾਈਲੀ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਨ। ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਮਾਨਵੀ ਰਾਹਤ ਪਹੁੰਚਾਉਣ ਲਈ ਜਾ ਰਹੇ ਕਾਫਲੇ ਨੂੰ ਅੰਤਰਰਾਸ਼ਟਰੀ ਪਾਣੀਆਂ ਵਿੱਚ ਰੋਕਣਾ ਇੱਕ ਘੋਰ ਅਪਰਾਧ ਹੈ। ਉਨ੍ਹਾਂ ਨੇ ਅੰਤਰਰਾਸ਼ਟਰੀ ਪਾਣੀਆਂ ਵਿੱਚ ਗ੍ਰਿਫਤਾਰ ਕੀਤੇ ਗਏ ਦੱਖਣੀ ਅਫਰੀਕਾ ਦੇ ਸ਼ਹਿਰੀਆਂ ਨੂੰ ਫੌਰੀ ਰਿਹਾਅ ਕਰਨ ਦੀ ਮੰਗ ਕੀਤੀ ਸੀ।

## ਗਰੇਟਾ ਥੰਨਬਰਗ: ਇੱਕ ਕੁੜੀ ਕੂੰਜ ਵਰਗੀ...

ਗਰੇਟਾ ਥੰਨਬਰਗ ਦਾ ਜਨਮ 3 ਜਨਵਰੀ 2003 ਨੂੰ ਸਵੀਡਨ ਦੇ ਸ਼ਹਿਰ ਸਟਕਾਹੋਮ ਵਿੱਚ ਹੋਇਆ। ਉਸ ਦਾ ਪਿਤਾ ਸਵਾਂਤੇ ਥੰਨਬਰਗ ਫਿਲਮ ਐਕਟਰ, ਡਾਇਰੈਕਟਰ ਅਤੇ ਪ੍ਰੋਡਿਊਸਰ ਹੈ। ਗਰੇਟਾ ਦੀ ਮਾਂ ਮਲੀਨਾ ਅਰਨਮੈਨ ਇੱਕ ਓਪੇਰਾ ਗਾਇਕਾ ਵਜੋਂ ਕਾਰਜਰਤ ਹੈ। ਇੱਕ ਕਲਾਕਾਰ ਜੋੜੇ ਦੀ ਇਹ ਧੀ ਛੋਟੀ ਉਮਰ ਤੋਂ ਹੀ ਵਾਤਾਵਰਣਕ ਤਬਦੀਲੀਆਂ ਬਾਰੇ ਸੁਚੇਤ ਹੋ ਗਈ ਸੀ ਅਤੇ ਇਸ ਸੰਬੰਧ ਵਿੱਚ ਪਹਿਲੀ ਸਰਗਰਮੀ ਉਸ ਨੇ ਆਪਣੇ ਘਰ-ਬਾਰ ਤੋਂ ਹੀ ਸ਼ੁਰੂ ਕੀਤੀ। 8 ਸਾਲ ਦੀ ਉਮਰ ਵਿੱਚ ਹੀ ਗਰੇਟਾ ਨੇ ਵਾਤਾਵਰਣਕ ਤਬਦੀਲੀਆਂ ਨੂੰ ਠੱਲ੍ਹ ਮਾਰਨ ਲਈ ਛੋਟੇ-ਛੋਟੇ ਐਕਸ਼ਨ ਸ਼ੁਰੂ ਕਰ ਦਿੱਤੇ ਸਨ। ਮਨੁੱਖੀ ਵਿਘਨ ਕਾਰਨ ਹੋ ਰਹੀਆਂ ਮੌਸਮੀ ਤਬਦੀਲੀਆਂ ਖਿਲਾਫ ਕੋਈ ਐਕਸ਼ਨ ਨਾ ਹੁੰਦਾ ਵੇਖ ਕੇ ਉਹ ਉਦਾਸੀ ਰੋਗ ਦਾ ਸ਼ਿਕਾਰ ਹੋਈ। ਡਾਕਟਰਾਂ ਨੇ ਗਰੇਟਾ ਨੂੰ ਇੱਕ ਮਾਨਸਿਕ ਰੋਗ 'ਅਸਪਰਜਰ ਸਿੰਡਰੋਮ' ਦਾ ਸ਼ਿਕਾਰ ਵੀ ਆਖਿਆ ਸੀ। ਅੱਜ ਕੱਲ੍ਹ ਇਸ ਨੂੰ 'ਆਟਿਸਮ ਸਪੈਕਟਰਮ ਡਿਸਆਰਡਰ' ਵੀ ਕਿਹਾ ਜਾਂਦਾ ਹੈ। ਥੰਨਬਰਗ ਆਪਣੇ ਆਟਿਸਮ ਨੂੰ 'ਸੁਪਰਪਾਵਰ' ਵੀ ਆਖਦੀ ਹੈ। ਇਸ ਮਾਨਸਿਕ ਰੋਗ ਨੇ ਉਸ ਨੂੰ ਆਪਣੀ ਪੂਰੀ ਇਕਾਗਰਤਾ ਮੌਸਮੀ ਤਬਦੀਲੀਆਂ ਵੱਲ ਲਗਾਉਣ ਵਿੱਚ ਮਦਦ ਕੀਤੀ।



ਸਾਲ 2018 ਵਿੱਚ 15 ਸਾਲ ਦੀ ਉਮਰ ਵਿੱਚ ਗਰੇਟਾ ਥੰਨਬਰਗ ਨੇ ਸਵੀਡਿਸ਼ ਪਾਰਲੀਮੈਂਟ ਅੱਗੇ 'ਸਕੂਲ ਸਟਰਾਈਕ ਫਾਰ ਕਲਾਈਮੇਟ' (ਸੋਲੋ) ਸ਼ੁਰੂ ਕੀਤੀ। ਉਸ ਦੀ ਇਸ ਹੜਤਾਲ ਨੇ 'ਫਰਾਈਡੇ ਫਾਰ ਫਿਊਚਰ' ਵਰਗੀ ਨੌਜਵਾਨ ਲਹਿਰ ਨੂੰ ਜਨਮ ਦਿੱਤਾ। ਇਹ ਹੁਣ ਇੱਕ ਨੌਜਵਾਨਾਂ ਵਿੱਚ ਸੰਸਾਰ ਪੱਧਰੀ ਲਹਿਰ ਬਣ ਗਈ ਹੈ, ਜਿਸ ਅਨੁਸਾਰ ਸ਼ੁੱਕਰਵਾਰ ਨੂੰ ਸਕੂਲੀ ਹੜਤਾਲ ਕੀਤੀ ਜਾਂਦੀ ਹੈ।

ਛੋਟੀ ਉਮਰ ਵਿੱਚ ਇੱਕ ਵਾਤਾਵਰਣ ਕਾਰਕੁੰਨ ਵਜੋਂ ਸਥਾਪਤ ਹੋਣ ਤੋਂ ਬਾਅਦ ਉਸ ਨੂੰ ਵਰਲਡ ਇਕਨਾਮਿਕ ਫੋਰਮ ਡੈਵੋਸ ਸਮੇਤ ਮਹੱਤਵਪੂਰਣ ਮੰਚਾਂ 'ਤੇ ਸੰਬੋਧਨ ਕਰਨ ਦਾ ਮੌਕਾ ਮਿਲਿਆ। ਉਸ ਨੇ ਸੰਯੁਕਤ ਰਾਸ਼ਟਰ ਦੇ ਇੱਕ ਸਮਾਗਮ ਵਿੱਚ ਸੰਸਾਰ ਰਾਜਨੀਤਿਕ ਲੀਡਰਾਂ ਨੂੰ ਮੌਸਮੀ ਤਬਦੀਲੀਆਂ ਲਈ ਕੋਈ ਐਕਸ਼ਨ ਨਾ ਕਰਨ ਬਾਰੇ ਚੁਣੌਤੀ ਭਰੇ ਲਹਿਜੇ ਵਿੱਚ ਸਵਾਲ ਕੀਤੇ ਸਨ। ਉਸ ਨੇ ਆਪਣੇ ਪਰਿਵਾਰ ਦੀ ਜੀਵਨ ਧਾਰਾ ਨੂੰ ਸਾਦਾ, ਸ਼ਾਕਾਹਾਰੀ, ਹਵਾਈ ਸਫਰ ਨਾ ਕਰਨ ਵਾਲੀ, ਜੀਵਨ ਰਾਹ 'ਤੇ ਤੋਰਿਆ। ਗਰੇਟਾ ਥੰਨਬਰਗ ਨੂੰ 2019 ਤੋਂ 2023 ਤੱਕ ਪੰਜ ਸਾਲ ਨੋਬਲ ਅਮਨ ਇਨਾਮ ਲਈ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਉਸ ਨੂੰ ਐਮੀਨਸਟੀ ਇੰਟਰਨੈਸ਼ਨਲ ਨੇ 'ਅੰਬੈਸਡਰ ਔਫ ਦਾ ਕਨਸਾਇੰਸ' ਦਾ ਇਨਾਮ ਵੀ ਦਿੱਤਾ। ਇਹ ਮਨੁੱਖੀ ਗਤੀਵਿਧੀਆਂ ਕਾਰਨ ਪੈਦਾ ਹੋਈਆਂ ਮੌਸਮੀ ਤਬਦੀਲੀਆਂ ਖਿਲਾਫ ਉਸ ਦੇ ਕੰਮ ਦਾ ਮਾਣ-ਤਾਣ ਹੈ।

# ਭਾਰਤ-ਪਾਕਿ ਵਿਚਾਲੇ ਅਮਨ ਜ਼ਰੂਰੀ, ਨਾ ਕਿ ਜੰਗ

## ਪਾਕਿਸਤਾਨ ਜਾਣਗੇ ਸਿੱਖ ਜਥੇ

ਭਾਰਤ ਅਤੇ ਪਾਕਿਸਤਾਨ ਵਿਚਕਾਰ ਚੱਲ ਰਹੇ ਤਣਾਅ ਦੇ ਬਾਵਜੂਦ ਚੰਗੀ ਖ਼ਬਰ ਆਈ ਹੈ। ਭਾਰਤ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸਮਾਗਮਾਂ ਵਿੱਚ ਹਿੱਸਾ ਲੈਣ ਲਈ ਸਿੱਖ ਜਥਿਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇ ਦਿੱਤੀ ਹੈ। ਇਹ ਯਾਤਰਾ 1974 ਦੇ ਦੁਵੱਲੇ ਪ੍ਰੋਟੋਕੋਲ ਅਧੀਨ ਧਾਰਮਿਕ ਸਥਾਨਾਂ ਦੇ ਦਰਸ਼ਨ ਲਈ ਹੋਵੇਗੀ। ਹਾਲਾਂਕਿ, ਸੂਤਰਾਂ ਨੇ ਸਪੱਸ਼ਟ ਕੀਤਾ ਹੈ ਕਿ ਰਾਜ ਸਰਕਾਰਾਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਕੁਝ ਚੁਣੇ ਹੋਏ ਜਥਿਆਂ ਨੂੰ ਹੀ ਇਜਾਜ਼ਤ ਮਿਲੇਗੀ।

ਸੂਤਰਾਂ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਸਬੰਧਤ ਰਾਜ ਸਰਕਾਰ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੂੰ ਸਿਫ਼ਾਰਸ਼ ਕਰੇਗੀ। ਵਿਦੇਸ਼ ਮੰਤਰਾਲੇ ਦੀਆਂ ਜਾਣਕਾਰੀਆਂ ਦੇ ਆਧਾਰ 'ਤੇ ਗ੍ਰਹਿ ਮੰਤਰਾਲਾ ਜਥਿਆਂ ਨੂੰ ਯਾਤਰਾ ਲਈ ਹਰੀ ਝੰਡੀ ਦੇਵੇਗਾ।

ਜ਼ਿਕਰਯੋਗ ਹੈ ਕਿ ਦੋਹਾਂ ਦੇਸ਼ਾਂ ਵਿਚਕਾਰ ਤਣਾਅ ਤੋਂ ਬਾਅਦ ਯਾਤਰਾ 'ਤੇ ਰੋਕ ਲੱਗੀ ਸੀ। ਇਹ ਕਦਮ ਇਸ ਲਈ ਵਿਸ਼ੇਸ਼ ਮਹੱਤਵਪੂਰਨ ਹੈ, ਕਿਉਂਕਿ ਭਾਰਤ ਸਰਕਾਰ ਨੇ ਅਗਸਤ 2025 ਵਿੱਚ ਸੁਰੱਖਿਆ ਚਿੰਤਾਵਾਂ ਅਤੇ ਦੋਹਾਂ ਦੇਸ਼ਾਂ ਵਿਚਕਾਰ ਹਾਲੀਆ ਤਣਾਅ ਨੂੰ ਧਿਆਨ ਵਿੱਚ ਰੱਖਦੇ ਹੋਏ ਪ੍ਰਕਾਸ਼ ਪੁਰਬ ਲਈ ਸਿੱਖ ਯਾਤਰੀਆਂ ਦੀ ਪਾਕਿਸਤਾਨ ਯਾਤਰਾ 'ਤੇ ਰੋਕ ਲਗਾ ਦਿੱਤੀ ਸੀ। ਹੁਣ ਇਸ ਰੋਕ ਨੂੰ ਹਟਾ ਕੇ ਚੁਣੇ ਹੋਏ ਜਥਿਆਂ ਨੂੰ ਅਟਾਰੀ-ਵਾਘਾ ਬਾਰਡਰ ਰਾਹੀਂ ਪਾਕਿਸਤਾਨ ਜਾਣ ਦੀ ਖੁਲ੍ਹ ਦਿੱਤੀ ਗਈ ਹੈ। ਇਹ ਜਥੇ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਮੁੱਖ ਗੁਰਦੁਆਰਿਆਂ ਜਿਵੇਂ ਨਨਕਾਣਾ ਸਾਹਿਬ (ਜਨਮ ਸਥਾਨ) ਅਤੇ ਕਰਤਾਰਪੁਰ ਸਾਹਿਬ ਵਿਖੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨਗੇ। ਇਨ੍ਹਾਂ ਜਥਿਆਂ ਨੂੰ ਸਹੂਲਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪਾਕਿਸਤਾਨ ਦੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਨਾਲ ਮਿਲ ਕੇ ਪ੍ਰਦਾਨ ਕੀਤੀਆਂ ਜਾਣਗੀਆਂ।

ਹਰ ਸਾਲ ਹਜ਼ਾਰਾਂ ਸਿੱਖ ਯਾਤਰੀ ਪ੍ਰਕਾਸ਼ ਪੁਰਬ, ਵਿਸਾਖੀ ਅਤੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਵਰਗੇ ਮੁੱਖ ਧਾਰਮਿਕ ਮੌਕਿਆਂ 'ਤੇ ਸੀਮਾ ਪਾਰ ਯਾਤਰਾ ਕਰਦੇ ਹਨ। ਇਹ ਵਿਵਸਥਾ 1974 ਦੇ ਭਾਰਤ-ਪਾਕਿਸਤਾਨ ਸਮਝੌਤੇ ਦਾ ਹਿੱਸਾ ਹੈ, ਜੋ ਤਣਾਵਪੂਰਨ ਦੁਵੱਲੇ ਸਬੰਧਾਂ ਦੇ ਬਾਵਜੂਦ ਸੀਮਤ ਯਾਤਰਾਵਾਂ ਦੀ ਇਜਾਜ਼ਤ ਦਿੰਦਾ ਹੈ।

### ਕਰਤਾਰਪੁਰ ਸਾਹਿਬ ਕਾਰੀਡੋਰ: ਧਾਰਮਿਕ ਅਦਾਨ-ਪ੍ਰਦਾਨ ਦਾ ਨਵਾਂ ਯੁੱਗ

2018 ਵਿੱਚ ਖੋਲ੍ਹੇ ਗਏ ਕਰਤਾਰਪੁਰ ਸਾਹਿਬ ਕਾਰੀਡੋਰ ਨੇ ਸਿੱਖ ਯਾਤਰੀਆਂ ਲਈ ਵੀਜ਼ਾ-ਰਹਿਤ ਪਹੁੰਚ ਦੀ ਸੌਗਾਤ ਦਿੱਤੀ ਹੈ, ਜੋ ਧਾਰਮਿਕ ਅਦਾਨ-ਪ੍ਰਦਾਨ ਨੂੰ ਵਧਾਉਣ ਵਾਲਾ ਮੁੱਖ ਮਾਧਿਅਮ ਬਣ ਗਿਆ ਹੈ। ਪਾਕਿਸਤਾਨ ਵੱਲੋਂ ਇਸ ਨੂੰ ਖੋਲ੍ਹਣ ਨਾਲ ਦੋਹਾਂ ਦੇਸ਼ਾਂ ਵਿਚਕਾਰ ਸਬੰਧਾਂ ਵਿੱਚ ਸਕਾਰਾਤਮਕ ਪ੍ਰਭਾਵ ਪਿਆ ਹੈ, ਜੋ ਧਾਰਮਿਕ ਟੂਰਿਜ਼ਮ ਨੂੰ ਉਤਸ਼ਾਹਿਤ ਕਰਦਾ ਹੈ। ਹਾਲਾਂਕਿ, ਵੱਡੇ ਜਥੇ ਅਜੇ ਵੀ ਰਵਾਇਤੀ ਪ੍ਰੋਟੋਕੋਲ ਅਧੀਨ ਯਾਤਰਾ ਕਰਦੇ ਹਨ, ਪਰ ਕਾਰੀਡੋਰ ਨੇ ਯਾਤਰੀਆਂ ਦੀ ਗਿਣਤੀ 'ਚ ਵਾਧਾ ਕੀਤਾ ਹੈ।

### ਸਦਭਾਵਨਾ ਬੱਸ ਯਾਤਰਾ: ਸ਼ਾਂਤੀ ਦਾ ਪ੍ਰਤੀਕ

ਭਾਰਤ-ਪਾਕਿਸਤਾਨ ਸਬੰਧਾਂ ਵਿੱਚ ਸ਼ਾਂਤੀ ਦੇ ਪ੍ਰਤੀਕਾਂ ਵਿੱਚ ਸਦਭਾਵਨਾ ਬੱਸ ਯਾਤਰਾ ਵੀ ਮਹੱਤਵਪੂਰਨ ਹੈ। 19 ਫ਼ਰਵਰੀ 1999 ਨੂੰ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਦਿੱਲੀ-ਲਾਹੌਰ ਬੱਸ ਯਾਤਰਾ ਸ਼ੁਰੂ ਕੀਤੀ, ਜੋ ਦੋਹਾਂ ਦੇਸ਼ਾਂ ਵਿਚਕਾਰ ਸੰਪਰਕ ਨੂੰ ਮਜ਼ਬੂਤ ਕਰਨ ਲਈ ਇੱਕ ਇਤਿਹਾਸਕ ਕਦਮ ਸੀ। ਇਸ ਯਾਤਰਾ ਨੇ 'ਹਮ ਜੰਗ ਨਾ ਹੋਨੇ ਦੇਂਗੇ' ਦੇ ਨਾਅਰੇ ਨਾਲ ਸ਼ਾਂਤੀ ਦੀ ਉਮੀਦ ਜਗਾਈ। ਇਸ ਨੇ ਲੋਕਾਂ ਵਿੱਚ ਭਾਈਚਾਰੇ ਦੀ ਭਾਵਨਾ ਪੈਦਾ ਕੀਤੀ ਅਤੇ ਵਪਾਰਕ ਅਦਾਨ-ਪ੍ਰਦਾਨ ਨੂੰ ਵੀ ਉਤਸ਼ਾਹਿਤ ਕੀਤਾ। ਹਾਲਾਂਕਿ, ਕਈ ਵਾਰ ਤਣਾਅ ਕਾਰਨ ਇਹ ਸੇਵਾ ਬੰਦ ਹੋਈ ਤੇ ਹੁਣ ਵੀ ਬੰਦ ਹੈ।

**ਦੋਹਾਂ ਮੁਲਕਾਂ ਦੀਆਂ ਇੱਕ-ਦੂਜੇ ਪ੍ਰਤੀ ਲੋੜਾਂ ਅਤੇ ਵਪਾਰਕ ਅਦਾਨ-ਪ੍ਰਦਾਨ ਦੀ ਜ਼ਰੂਰਤ:** ਭਾਰਤ ਅਤੇ ਪਾਕਿਸਤਾਨ- ਦੋਹਾਂ ਨੂੰ ਇੱਕ-ਦੂਜੇ ਦੀ ਲੋੜ ਹੈ। ਵਪਾਰਕ ਰਿਸ਼ਤੇ ਵਿੱਚ ਵਿਸ਼ਾਲ ਸੰਭਾਵਨਾਵਾਂ ਹਨ- ਹੁਣ ਵੇਚ-ਖਰੀਦ ਸਿਰਫ਼ 2 ਅਰਬ ਡਾਲਰ ਹੈ, ਪਰ ਸੰਭਾਵੀ ਵਪਾਰ 37 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ, ਜੇਕਰ ਟੈਰਿਫ਼ ਰੁਕਾਵਟਾਂ ਹਟਾਈਆਂ ਜਾਣ। ਪਾਕਿਸਤਾਨ ਲਈ ਭਾਰਤ ਨਾਲ ਵਪਾਰ ਅਰਥਵਿਵਸਥਾ ਨੂੰ ਸਥਿਰ ਕਰ ਸਕਦਾ ਹੈ, ਜਦਕਿ ਭਾਰਤ ਲਈ ਪਾਕਿਸਤਾਨ ਇੱਕ ਵਿਸ਼ਾਲ ਬਾਜ਼ਾਰ ਹੈ। ਸੱਭਿਆਚਾਰਕ ਅਦਾਨ-ਪ੍ਰਦਾਨ ਵੀ ਜ਼ਰੂਰੀ ਹੈ, ਜੋ ਲੋਕਾਂ ਵਿੱਚ ਵਿਸ਼ਵਾਸ ਵਧਾਏਗਾ ਅਤੇ ਖੇਤਰੀ ਸਹਿਯੋਗ ਨੂੰ ਮਜ਼ਬੂਤ ਕਰੇਗਾ।

**ਲੋਕ ਚਾਹੁੰਦੇ ਹਨ ਏਕਤਾ, ਪਰ ਸਿਆਸੀ ਮਸਲੇ ਦੂਰੀਆਂ ਵਧਾਉਂਦੇ ਨੇ:** ਦੋਹਾਂ ਦੇਸ਼ਾਂ ਦੇ ਲੋਕ ਏਕਤਾ ਚਾਹੁੰਦੇ ਨੇ। ਆਮ ਆਦਮੀ ਸ਼ਾਂਤੀ ਚਾਹੁੰਦਾ ਹੈ ਅਤੇ ਰਾਜਨੀਤੀ ਤੋਂ ਦੂਰ ਰਹਿਣਾ ਚਾਹੁੰਦਾ ਹੈ। ਕਲਾਇਮੇਟ ਚੇਂਜ, ਪਾਣੀ ਦੀ ਕਮੀ ਅਤੇ ਆਰਥਿਕ ਮੰਦੀ ਵਰਗੀਆਂ ਸਾਂਝੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹਿਯੋਗ ਜ਼ਰੂਰੀ ਹੈ। ਤੇਜ਼ੀ ਨਾਲ ਵਧ ਰਹੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੇ ਪਾਰ-ਸੀਮਾ ਸੰਵਾਦ ਨੂੰ ਵਧਾਇਆ ਹੈ, ਜਿੱਥੇ ਨੌਜਵਾਨ ਵੰਨ-ਸੁਵੰਨੇ ਵਿਚਾਰਾਂ ਨੂੰ ਸਾਂਝਾ ਕਰਦੇ ਹਨ, ਪਰ ਸਿਆਸੀ ਮਸਲੇ ਜਿਵੇਂ ਕਸ਼ਮੀਰ ਵਿਵਾਦ ਨੇ ਦੂਰੀਆਂ ਵਧਾਈਆਂ ਹਨ, ਜੋ ਲੋਕਾਂ ਦੀ ਇੱਛਾ ਨੂੰ ਨਜ਼ਰਅੰਦਾਜ਼ ਕਰਦੇ ਹਨ।

**ਕ੍ਰਿਕਟ ਜੋੜਨ ਵਾਲੀ ਖੇਡ, ਨਾ ਕਿ ਤੋੜਨ ਵਾਲੀ:** ਖੇਡਾਂ ਭਾਰਤ-ਪਾਕਿਸਤਾਨ ਸਬੰਧਾਂ ਵਿੱਚ ਡਿਪਲੋਮੇਸੀ ਦਾ ਇੱਕ ਮਹੱਤਵਪੂਰਨ ਹਥਿਆਰ ਹਨ। ਖੇਡਾਂ ਦਾ ਕੰਮ ਜੋੜਨਾ ਹੁੰਦਾ ਹੈ, ਨਾ ਕਿ ਤੋੜਨਾ। ਭਾਰਤ-ਪਾਕਿ ਮੈਚਾਂ ਨੇ ਲੱਖਾਂ ਦਰਸ਼ਕਾਂ ਨੂੰ ਇੱਕਠਾ ਕੀਤਾ ਹੈ ਅਤੇ ਭਾਵਨਾਤਮਕ ਡਿਪਲੋਮੇਸੀ ਨੂੰ ਜਨਮ ਦਿੱਤਾ ਹੈ। ਖੇਡ ਭਾਵਨਾ ਜ਼ਰੂਰੀ ਹੈ, ਜੋ ਵਿਰੋਧੀ ਨੂੰ ਵੀ ਬਰਾਬਰ ਮੰਨਦੀ ਹੈ। ਹਾਲੀਆ ਏਸ਼ੀਆ ਕੱਪ ਵਿੱਚ ਵੀ ਇਹ ਵਿਵਾਦ ਵਧੇ, ਪਰ ਇਹ ਦੱਸਦਾ ਹੈ ਕਿ ਕ੍ਰਿਕਟ ਨੂੰ ਫਿਰ ਤੋਂ ਸ਼ਾਂਤੀ ਲਈ ਵਰਤਿਆ ਜਾ ਸਕਦਾ ਹੈ। ਭਾਰਤ ਨੂੰ ਕ੍ਰਿਕਟ ਡਿਪਲੋਮੇਸੀ ਨਾਲ ਨੈਤਿਕ ਅਗਵਾਈ ਦੇਣੀ ਚਾਹੀਦੀ ਹੈ।

**ਅਮਨ-ਅਮਾਨ ਜ਼ਰੂਰੀ, ਨਾ ਕਿ ਜੰਗ:** ਦੋਹਾਂ ਦੇਸ਼ਾਂ ਦੀ ਭਲਾਈ ਲਈ ਅਮਨ ਅਮਾਨ ਜ਼ਰੂਰੀ ਹੈ, ਨਾ ਕਿ ਜੰਗ। ਜੰਗ ਨੇ ਸਿਰਫ਼ ਨੁਕਸਾਨ ਹੀ ਪਹੁੰਚਾਇਆ ਹੈ, ਜਦਕਿ ਸ਼ਾਂਤੀ ਨੇ ਵਿਕਾਸ ਦੇ ਰਾਹ ਖੋਲ੍ਹੇ ਹਨ। ਪ੍ਰਕਾਸ਼ ਪੁਰਬ ਵਰਗੇ ਮੌਕੇ ਲੋਕਾਂ ਨੂੰ ਜੋੜਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ 'ਨਾਨਕ ਨਾਮ ਚੜ੍ਹਦੀ ਕਲਾ' ਨੂੰ ਯਾਦ ਕਰਵਾਉਂਦੇ ਹਨ। ਇਹ ਇਜਾਜ਼ਤ ਇੱਕ ਨਵੇਂ ਸ਼ਾਂਤੀ ਪੜਾਅ ਦੀ ਸ਼ੁਰੂਆਤ ਹੋ ਸਕਦੀ ਹੈ, ਜਿੱਥੇ ਵਪਾਰ, ਸਭਿਆਚਾਰ ਅਤੇ ਖੇਡਾਂ ਸਾਂਝਾ ਭਵਿੱਖ ਬਣਾਉਣ।

***-ਪੰਜਾਬੀ ਪਰਵਾਜ਼ ਬਿਊਰੋ***

# ਆਰ.ਐਸ.ਐਸ. ਦੀ ਸ਼ਤਾਬਦੀ ਉੱਤੇ ਡਾਕ ਟਿਕਟ ਤੇ ਸਿੱਕਾ ਜਾਰੀ ਕਰਨ ‘ਤੇ ਵਿਵਾਦ

***ਵਿਰੋਧੀ ਧਿਰ ਨੇ ਕਿਹਾ, ‘ਇਤਿਹਾਸ ਨੂੰ ਝੁਠਲਾਇਆ ਜਾ ਰਿਹੈ...’**

**ਪੰਜਾਬੀ ਪਰਵਾਜ਼ ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਦਾਅਵਾ ਕੀਤਾ ਕਿ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੇ ਬਾਨੀ ਕੇ.ਬੀ. ਹੈਡਗੇਵਾਰ ਸਮੇਤ ਕਈ ਨੇਤਾ ਭਾਰਤ ਦੇ ਆਜ਼ਾਦੀ ਸੰਗਰਾਮ ਦੌਰਾਨ ਜੇਲ੍ਹਾਂ ਗਏ ਸਨ। ਉਨ੍ਹਾਂ ਨੇ ਸੰਗਠਨ ਦੀ ‘ਸ਼ਾਨਦਾਰ 100 ਸਾਲਾਂ ਦੀ ਯਾਤਰਾ’ ਨੂੰ ਦਰਸਾਉਣ ਲਈ ਡਾਕ ਟਿਕਟ ਅਤੇ 100 ਰੁਪਏ ਦਾ ਸਮਾਰਕ ਸਿੱਕਾ ਜਾਰੀ ਕੀਤਾ।

ਦੂਜੇ ਪਾਸੇ, ਵਿਰੋਧੀ ਧਿਰ ਨੇ ਕਿਹਾ ਹੈ ਕਿ ਆਜ਼ਾਦੀ ਸੰਗਰਾਮ ਦੌਰਾਨ ਆਰ.ਐਸ.ਐਸ. ਦਾ ਕੋਈ ਵੀ ਨੇਤਾ ਕਦੇ ਜੇਲ੍ਹ ਨਹੀਂ ਗਿਆ। ਉਨ੍ਹਾਂ ਨੇ ਇਸ ਸੰਗਠਨ ਨੂੰ ‘ਦੇਸ਼ ਨੂੰ ਵੰਡਣ ਵਾਲਾ’ ਕਰਾਰ ਦਿੱਤਾ। ਨਾਲ ਹੀ, ਭਾਰਤ ਮਾਤਾ ਨੂੰ ਦਰਸਾਉਣ ਵਾਲੇ ਸਮਾਰਕ ਸਿੱਕੇ ਦੀ ਆਲੋਚਨਾ ਕਰਦੇ ਹੋਏ ਇਸ ਨੂੰ ਹਿੰਦੂ ਰਾਸ਼ਟਰ ਦੇ ਫ਼ਿਰਕੂ ਸੰਕਲਪ ਨੂੰ ਵਧਾਉਣ ਵਾਲਾ ‘ਬਹੁਤ ਹੀ ਇਤਰਾਜ਼ਯੋਗ’ ਦੱਸਿਆ।

ਆਜ਼ਾਦੀ ਸੰਗਰਾਮ ਵਿੱਚ ਆਰ.ਐਸ.ਐਸ. ਦੀ ਭੂਮਿਕਾ ਦੀ ਸ਼ਲਾਘਾ ਕਰਨ ਵਾਲੀ ਮੋਦੀ ਦੀ ਟਿੱਪਣੀ, ਉਨ੍ਹਾਂ ਦੇ ਆਜ਼ਾਦੀ ਦਿਵਸ ਦੇ ਭਾਸ਼ਣ ਵਿੱਚ ਸੰਗਠਨ ਦੀ ਸ਼ਲਾਘਾ ਕਰਨ ਦੇ ਲਗਭਗ ਇੱਕ ਮਹੀਨੇ ਬਾਅਦ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਇਸ ਨੂੰ ‘ਦੁਨੀਆਂ ਦਾ ਸਭ ਤੋਂ ਵੱਡਾ ਐੱਨ.ਜੀ.ਓ’ ਕਿਹਾ ਸੀ ਅਤੇ ਇਸ ਦੀ 100 ਵਰ੍ਹਿਆਂ ਦੀ ਸੇਵਾ ਲਈ ਇਸ ਦੀ ਪ੍ਰਸ਼ੰਸਾ ਕੀਤੀ ਸੀ। ਇਹ ਘਟਨਾ ਭਾਰਤੀ ਰਾਜਨੀਤੀ ਵਿੱਚ ਵੱਡੀ ਚਰਚਾ ਪੈਦਾ ਕਰ ਰਹੀ ਹੈ, ਜਿੱਥੇ ਇਤਿਹਾਸ ਅਤੇ ਵਰਤਮਾਨ ਨੂੰ ਜੋੜਨ ਦੀ ਕੋਸ਼ਿਸ਼ ਨੂੰ ਵਿਰੋਧੀ ਧਿਰਾਂ ਵੱਲੋਂ ਚੁਣੌਤੀ ਮਿਲ ਰਹੀ ਹੈ। ਮੋਦੀ ਦੇ ਇਸ ਬਿਆਨ ਨੇ ਨਾ ਸਿਰਫ਼ ਆਰ.ਐਸ.ਐਸ. ਦੇ ਇਤਿਹਾਸ ਨੂੰ ਨਵਾਂ ਰੰਗ ਦਿੱਤਾ ਹੈ, ਸਗੋਂ ਭਾਰਤੀ ਆਜ਼ਾਦੀ ਸੰਗਰਾਮ ਦੇ ਵੱਖ-ਵੱਖ ਪਹਿਲੂਆਂ ਨੂੰ ਵੀ ਫਿਰ ਤੋਂ ਚਰਚਾ ਵਿੱਚ ਲਿਆਂਦਾ ਹੈ।

ਦਿੱਲੀ ਵਿੱਚ ਇੱਕ ਸਮਾਗਮ ਦੌਰਾਨ ਮੋਦੀ ਨੇ ਡਾਕ ਟਿਕਟ ਤੇ ਸਮਾਰਕ ਸਿੱਕਾ ਜਾਰੀ ਕੀਤਾ ਅਤੇ ਕਿਹਾ ਕਿ ਇਹ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੈ, ਜਦੋਂ ਭਾਰਤ ਮਾਤਾ ਦੀ ਚਿੱਤਰਕਲਾ ਭਾਰਤੀ ਕਰੰਸੀ ਉੱਤੇ ਛਪੀ ਹੈ, ਜੋ ਬਹੁਤ ਗੌਰਵ ਤੇ ਇਤਿਹਾਸਕ ਮਹੱਤਵ ਦਾ ਪਲ ਹੈ। ਇਸ ਨੂੰ ਉਨ੍ਹਾਂ ਨੇ ਇੱਕ ਅਜਿਹੇ ਰਾਸ਼ਟਰੀ ਗੌਰਵ ਦੇ ਪ੍ਰਤੀਕ ਵਜੋਂ ਪੇਸ਼ ਕੀਤਾ, ਜੋ ਨਾ ਸਿਰਫ਼ ਆਰ.ਐਸ.ਐਸ. ਦੀ ਸੈਂਕੜੇ ਸਾਲਾਂ ਦੀ ਯਾਤਰਾ ਨੂੰ ਦਰਸਾਉਂਦਾ ਹੈ, ਸਗੋਂ ਭਾਰਤੀ ਸੱਭਿਆਚਾਰ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਵੀ ਮਜਬੂਤ ਕਰਦਾ ਹੈ। ਇਹ ਸਿੱਕਾ ਅਤੇ ਟਿਕਟ ਨਾ ਸਿਰਫ਼ ਇੱਕ ਸਮਾਰਕ ਹਨ, ਸਗੋਂ ਉਹ ਇੱਕ ਅਜਿਹੀ ਕਹਾਣੀ ਨੂੰ ਜੀਵੰਤ ਕਰਦੇ ਹਨ, ਜੋ ਦਹਾਕਿਆਂ ਤੋਂ ਰਾਜਨੀਤਕ ਵਿਵਾਦਾਂ ਵਿੱਚ ਘਿਰੀ ਹੋਈ ਹੈ।

100 ਰੁਪਏ ਦੇ ਸਿੱਕੇ ਵਿੱਚ ਇੱਕ ਪਾਸੇ ਰਾਸ਼ਟਰੀ ਪ੍ਰਤੀਕ ਚਿੰਨ੍ਹ ਹੈ ਤੇ ਦੂਜੇ ਪਾਸੇ ‘ਭਾਰਤ ਮਾਤਾ’ ਦੀ ਚਿੱਤਰਕਲਾ ਹੈ ਅਤੇ ਨਾਲ ਹੀ ਆਰ.ਐਸ.ਐਸ. ਦੇ ਸਵੈ ਸੇਵਕਾਂ ਨੂੰ ‘ਸੰਘ ਪ੍ਰਣਾਮ’ ਦੀ ਮੁਦਰਾ ਵਿੱਚ ਦਿਖਾਇਆ ਗਿਆ ਹੈ। ਇਹ ਚਿੱਤਰ ਨਾ ਸਿਰਫ਼ ਸੰਗਠਨ ਦੀ ਵਿਰਾਸਤ ਨੂੰ ਦਰਸਾਉਂਦਾ ਹੈ, ਸਗੋਂ ਇੱਕ ਅਜਿਹੇ ਅਨੁਸ਼ਾਸਨ ਨੂੰ ਵੀ ਪ੍ਰਗਟ ਕਰਦਾ ਹੈ, ਜੋ ਆਰ.ਐਸ.ਐਸ. ਦੀ ਸ਼ਾਖਾ ਵਿਵਸਥਾ ਨਾਲ ਜੁੜਿਆ ਹੋਇਆ ਹੈ। ਇਸ ਸਿੱਕੇ ਨੂੰ ਜਾਰੀ ਕਰਨ ਨਾਲ ਨਾ ਸਿਰਫ਼ ਇਤਿਹਾਸ ਨੂੰ ਨਵਾਂ ਵਰਕਾ ਮਿਲਿਆ ਹੈ, ਸਗੋਂ ਭਵਿੱਖੀ ਪੀੜ੍ਹੀਆਂ ਲਈ ਵੀ ਇੱਕ ਪ੍ਰੇਰਨਾ ਦਾ ਸਰੋਤ ਬਣਿਆ ਹੈ।

ਮੋਦੀ ਨੇ ਕਿਹਾ ਕਿ ਆਰ.ਐਸ.ਐਸ. ਨੇ ਆਜ਼ਾਦੀ ਅੰਦੋਲਨ ਦੌਰਾਨ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ ਸੀ, ਹੈਡਗੇਵਾਰ ਵਰਗੇ ਨੇਤਾ ਵੀ ਜੇਲ੍ਹਾਂ ਗਏ ਸਨ।

### ‘ਆਰ.ਐਸ.ਐਸ. ਦੇਸ਼ ਨੂੰ ਵੰਡਦਾ ਹੈ’

ਦੂਜੇ ਪਾਸੇ, ਵਿਰੋਧੀ ਨੇ ਕਿਹਾ ਕਿ ਆਰ.ਐਸ.ਐਸ. ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਾਂਗਰਸ ਨੇ ਇੱਕ ਬਿਆਨ ਵਿੱਚ ਕਿਹਾ, ‘ਆਰ.ਐਸ.ਐਸ. ਇੱਕ ਅਜਿਹਾ ਸੰਗਠਨ ਹੈ, ਜੋ ਦੇਸ਼ ਨੂੰ ਵੰਡਦਾ ਹੈ: ਆਜ਼ਾਦੀ ਦੇ ਸਮੇਂ ਇਸ ਦੇ ਨੇਤਾ ਨਾ ਤਾਂ ਜੇਲ੍ਹ ਗਏ ਅਤੇ ਨਾ ਹੀ ਅੰਗਰੇਜ਼ਾਂ ਨੇ ਉਨ੍ਹਾਂ ਉੱਤੇ ਕਦੇ ਪਾਬੰਦੀ ਲਗਾਈ।’ ਇਹ ਆਲੋਚਨਾ ਆਰ.ਐਸ.ਐਸ. ਦੇ ਇਤਿਹਾਸ ਨੂੰ ਚੁਣੌਤੀ ਦਿੰਦੀ ਹੈ ਅਤੇ ਇਸ ਨੂੰ ਬ੍ਰਿਟਿਸ਼ ਹਕੂਮਤ ਨਾਲ ਜੁੜੇ ਹੋਣ ਦਾ ਦੋਸ਼ ਲਗਾਉਂਦੀ ਹੈ। ਕਾਂਗਰਸ ਨੇ ਇਸ ਨੂੰ ਇੱਕ ਅਜਿਹੀ ਵਿਚਾਰਧਾਰਾ ਵਜੋਂ ਵੇਖਿਆ, ਜੋ ਭਾਰਤੀ ਏਕਤਾ ਨੂੰ ਖ਼ਤਰੇ ਵਿੱਚ ਪਾਉਂਦੀ ਹੈ ਅਤੇ ਇਸ ਲਈ ਇਸ ਨੂੰ ਰਾਜਨੀਤਕ ਤੌਰ ’ਤੇ ਰੱਦ ਕਰਨ ਦੀ ਮੰਗ ਕੀਤੀ ਹੈ।

ਕਾਂਗਰਸ ਨੇ ਕਿਹਾ ਕਿ 1942 ਵਿੱਚ ਅੰਗਰੇਜ਼ਾਂ ਵਿਰੁੱਧ ਸ਼ੁਰੂ ਕੀਤੇ ਗਏ ‘ਭਾਰਤ ਛੱਡੋ ਅੰਦੋਲਨ’ ਦੌਰਾਨ ਜਦੋਂ ਪੂਰਾ ਦੇਸ਼ ਜੇਲ੍ਹ ਜਾ ਰਿਹਾ ਸੀ, ਆਰ.ਐਸ.ਐਸ. ਇਸ ਅੰਦੋਲਨ ਨੂੰ ਦਬਾਉਣ ਵਿੱਚ ਅੰਗਰੇਜ਼ਾਂ ਦੀ ਮਦਦ ਕਰ ਰਿਹਾ ਸੀ। ਇਹ ਦੋਸ਼ ਇਤਿਹਾਸਕ ਤੱਥਾਂ ਉੱਤੇ ਆਧਾਰਿਤ ਹੈ, ਜਿੱਥੇ ਆਰ.ਐਸ.ਐਸ. ਨੇ ਖੁੱਲ੍ਹੇ ਤਰੀਕੇ ਨਾਲ ਅੰਦੋਲਨ ਵਿੱਚ ਭਾਗ ਨਹੀਂ ਲਿਆ ਅਤੇ ਬ੍ਰਿਟਿਸ਼ ਨੀਤੀਆਂ ਦਾ ਸਮਰਥਨ ਕੀਤਾ। ਪਾਰਟੀ ਨੇ ਕਿਹਾ ਕਿ ਹਿੰਦੂਤਵ ਸੰਗਠਨ ਨੇ ‘ਹਿੰਦੂਆਂ ਅਤੇ ਮੁਸਲਮਾਨਾਂ’ ਵਿੱਚ ਫ਼ਿਰਕੂ ਵੰਡ ਵਧਾਈ, ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਕਾਂਗਰਸ ਨੇ ਕਿਹਾ ਕਿ ਉਸ ਦੇ ਹੱਥ ‘ਮਹਾਤਮਾ ਗਾਂਧੀ ਦੇ ਖ਼ੂਨ ਨਾਲ ਰੰਗੇ’ ਹਨ।

ਇੱਕ ਬਿਆਨ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਵੀ ਮੋਦੀ ਉੱਤੇ ਡਾਕ ਟਿਕਟ ਅਤੇ ਸਿੱਕੇ ਰਾਹੀਂ ਇਤਿਹਾਸ ਨੂੰ ਗਲਤ ਸਾਬਤ ਕਰਨ ਦਾ ਦੋਸ਼ ਲਾਇਆ। ਸੀ.ਪੀ.ਆਈ. (ਐੱਮ) ਪੋਲਿਟ ਬਿਊਰੋ ਦੇ ਬਿਆਨ ’ਚ ਕਿਹਾ ਗਿਆ ਹੈ, ‘ਆਰ.ਐਸ.ਐਸ. ਦੀ ਸਥਾਪਨਾ ਦੀ 100ਵੀਂ ਵਰ੍ਹੇਗੰਢ ਮਨਾਉਣ ਲਈ ਪ੍ਰਧਾਨ ਮੰਤਰੀ ਵੱਲੋਂ ਡਾਕ ਟਿਕਟ ਅਤੇ 100 ਰੁਪਏ ਦਾ ਸਿੱਕਾ ਜਾਰੀ ਕਰਨਾ ਭਾਰਤ ਦੇ ਸੰਵਿਧਾਨ ਉੱਤੇ ਗੰਭੀਰ ਹਮਲਾ ਹੈ।’

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਤਿਹਾਸਕ ਰਿਕਾਰਡ ਦੱਸਦੇ ਹਨ ਕਿ ਆਰ.ਐਸ.ਐਸ. ਨੇ ਅੰਗਰੇਜ਼ਾਂ ਦਾ ਸਮਰਥਨ ਕੀਤਾ ਸੀ। ਉਨ੍ਹਾਂ ਨੇ ਕਿਹਾ, ‘ਸੰਗਠਨ ਦੀ ਸ਼ੁਰੂਆਤ 1925 ਵਿੱਚ ਬ੍ਰਿਟਿਸ਼ ਸ਼ਾਸਨ ਦੌਰਾਨ ਹੋਈ ਸੀ ਅਤੇ ਇਤਿਹਾਸਕ ਸਬੂਤ ਦੱਸਦੇ ਹਨ ਕਿ ਆਰ.ਐਸ.ਐਸ. ਨੇ ਅੰਗਰੇਜ਼ਾਂ ਦਾ ਸਮਰਥਨ ਕੀਤਾ ਸੀ। ਦੂਜੇ ਵਿਸ਼ਵ ਯੁੱਧ ਦੌਰਾਨ ਆਰ.ਐਸ.ਐਸ. ਨੇਤਾਵਾਂ ਨੇ ਭਾਰਤੀਆਂ ਨੂੰ ਬ੍ਰਿਟਿਸ਼ ਫੌਜ ਵਿੱਚ ਸ਼ਾਮਲ ਹੋਣ ਅਤੇ ਅੰਗਰੇਜ਼ਾਂ ਦਾ ਸਮਰਥਨ ਕਰਨ ਲਈ ਉਤਸ਼ਾਹਿਤ ਕੀਤਾ। ਇਹ ਅਜਿਹੀਆਂ ਸੱਚਾਈਆਂ ਹਨ, ਜਿਨ੍ਹਾਂ ਨੂੰ ਭਾਰਤ ਦੇ ਲੋਕਾਂ ਨੂੰ ਜਾਣਨਾ ਅਤੇ ਉਨ੍ਹਾਂ ਉੱਤੇ ਵਿਚਾਰ ਕਰਨਾ ਚਾਹੀਦਾ ਹੈ।’

ਇਸ ਪੂਰੀ ਘਟਨਾ ਨੇ ਭਾਰਤੀ ਰਾਜਨੀਤੀ ਵਿੱਚ ਇੱਕ ਨਵਾਂ ਵਿਵਾਦ ਪੈਦਾ ਕੀਤਾ ਹੈ, ਜਿੱਥੇ ਇਤਿਹਾਸ ਨੂੰ ਤੋੜਨ-ਮਰੋੜਨ ਦੀ ਕੋਸ਼ਿਸ਼ ਨੂੰ ਵਿਰੋਧੀ ਧਿਰਾਂ ਵੱਲੋਂ ਤਿੱਖੀ ਆਲੋਚਨਾ ਮਿਲ ਰਹੀ ਹੈ।








17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill
Restaurant - Bar - Banquet
1038 N. Jackson St, Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

# ਮਨੁੱਖੀ ਵਿਕਾਸ: ਹੋਂਦ ਲਈ ਸੰਘਰਸ਼ ਦੀ ਕਹਾਣੀ

## ਤਰਜੀਹਾਂ

ਡਾ. ਪੀ. ਐੱਸ. ਤਿਆਗੀ
ਫੋਨ: +91-9855446519




ਅੱਜ ਮਨੁੱਖ ਧਰਤੀ ਉੱਤੇ ਜੀਵਨ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਪ੍ਰਜਾਤੀ ਦੇ ਮੁਕਾਬਲੇ ਹੈਰਾਨੀਜਨਕ ਤੌਰ 'ਤੇ ਸ਼ਕਤੀਸ਼ਾਲੀ ਹੈ। ਤਕਨਾਲੋਜੀ ਨੇ ਸਾਨੂੰ ਭਿਆਨਕ ਜਾਨਵਰਾਂ ਨੂੰ ਕਾਬੂ ਕਰਨ, ਸਾਡੇ ਲੈਂਡਸਕੇਪਾਂ ਨੂੰ ਮੁੜ ਆਕਾਰ ਦੇਣ, ਜੈਨੇਟਿਕ ਬਣਤਰ ਵਿੱਚ ਤਬਦੀਲੀ ਲਿਆਉਣ, ਸੂਰਜ ਦੀ ਰੌਸ਼ਨੀ ਦੀ ਵਰਤੋਂ ਕਰਨ ਅਤੇ ਇੱਥੋਂ ਤੱਕ ਕਿ ਦੂਜੇ ਗ੍ਰਹਿਆਂ ਦੀ ਯਾਤਰਾ ਕਰਨ ਦੇ ਯੋਗ ਬਣਾਇਆ ਹੈ। ਹਾਲਾਂਕਿ, ਜੇਕਰ ਅਸੀਂ ਲੱਖਾਂ ਸਾਲ ਪਹਿਲਾਂ ਪਿੱਛੇ ਮੁੜ ਕੇ ਵੇਖੀਏ, ਤਾਂ ਅਸੀਂ ਪਾਉਂਦੇ ਹਾਂ ਕਿ ਅੱਜ ਦੀ ਮਨੁੱਖੀ ਸ਼ਕਤੀ ਇੱਕ ਲੰਬੀ ਵਿਕਾਸਵਾਦੀ ਪ੍ਰਣਾਲੀ 'ਤੇ ਟਿਕੀ ਹੋਈ ਹੈ, ਜਿਸ ਵਿੱਚ ਸਾਡੇ ਪੁਰਖੇ ਜਲਵਾਯੂ, ਜੰਗਲੀ ਜਾਨਵਰਾਂ, ਬਿਮਾਰੀਆਂ ਅਤੇ ਭੋਜਨ ਦੀ ਕਮੀ ਨਾਲ ਜੂਝਦੇ ਸਨ। ਪ੍ਰਾਚੀਨ ਮਨੁੱਖਾਂ ਨੂੰ ਕੁਦਰਤੀ ਸੰਸਾਰ ਵਿੱਚ ਨਿਰੰਤਰ ਬਚਾਅ ਦੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਹੋਂਦ ਭੋਜਨ, ਗਰਮੀ ਤੇ ਠੰਡ ਤੋਂ ਆਸਰਾ ਅਤੇ ਸ਼ਿਕਾਰੀ ਜਾਨਵਰਾਂ ਤੋਂ ਸੁਰੱਖਿਆ ਲਈ ਵਾਤਾਵਰਣ 'ਤੇ ਨਿਰਭਰ ਕਰਦੀ ਸੀ। ਮੁਢਲੇ ਮਨੁੱਖ ਖਾਨਾਬਦੋਸ਼ ਸਨ; ਫਲਾਂ, ਜੜ੍ਹਾਂ, ਗਿਰੀਆਂ ਅਤੇ ਜਾਨਵਰਾਂ ਦੇ ਰੂਪ ਵਿੱਚ ਭੋਜਨ ਲੱਭਣ ਲਈ ਲਗਾਤਾਰ ਪਰਵਾਸ ਕਰਦੇ ਰਹਿੰਦੇ ਸਨ। ਜੰਗਲੀ ਜਾਨਵਰ ਮੁਢਲੇ ਮਨੁੱਖ ਲਈ ਲਗਾਤਾਰ ਖ਼ਤਰਾ ਬਣੇ ਰਹਿੰਦੇ ਸਨ। ਮਨੁੱਖ ਨੂੰ ਸੁਰੱਖਿਅਤ ਰਹਿਣ ਲਈ ਆਪਣੀ ਬੁੱਧੀ ਅਤੇ ਬੁਨਿਆਦੀ ਸੰਦਾਂ 'ਤੇ ਨਿਰਭਰ ਕਰਦਿਆਂ ਗੁਫਾਵਾਂ ਵਿੱਚ ਸ਼ਰਨ ਲੈਣ ਲਈ ਮਜਬੂਰ ਹੋਣਾ ਪੈਂਦਾ ਸੀ। ਪੱਥਰ ਦੇ ਔਜ਼ਾਰਾਂ, ਜਿਵੇਂ ਕਿ ਕੁਹਾੜੀਆਂ ਅਤੇ ਕੱਟਣ ਵਾਲੇ ਔਜ਼ਾਰਾਂ ਦੀ ਸਿਰਜਣਾ, ਇੱਕ ਵੱਡਾ ਮੀਲ ਪੱਥਰ ਸੀ।

ਅੱਗ ਦੀ ਅਚਾਨਕ ਖੋਜ ਪ੍ਰਾਚੀਨ ਮਨੁੱਖ ਦੇ ਜੀਵਨ ਵਿੱਚ ਇੱਕ ਅਨੁਕੂਲ ਮੋੜ ਸੀ। ਇਸਨੇ ਨਿੱਘ, ਭੋਜਨ ਪਕਾਉਣਾ ਅਤੇ ਜੰਗਲੀ ਜਾਨਵਰਾਂ ਦੇ ਵਿਰੁੱਧ ਇੱਕ ਸ਼ਕਤੀਸ਼ਾਲੀ ਰੋਕਥਾਮ ਵਜੋਂ ਕੰਮ ਕੀਤਾ। ਮਨੁੱਖੀ ਵਿਕਾਸ ਅਨੁਕੂਲਤਾ ਅਤੇ ਬਚਾਅ ਦੀ ਕਹਾਣੀ ਹੈ। ਮੁਢਲੇ ਮਨੁੱਖ ਨੇ ਆਪਣੇ ਆਪ ਨੂੰ ਵੱਖ-ਵੱਖ ਲੈਂਡਸਕੇਪਾਂ ਅਤੇ ਮੌਸਮਾਂ ਦੇ ਅਨੁਕੂਲ ਬਣਾ ਕੇ ਵਿਕਾਸ ਕੀਤਾ। ਇਹ ਇੱਕ ਗਤੀਸ਼ੀਲ ਪ੍ਰਕਿਰਿਆ ਸੀ, ਜਿਸ ਵਿੱਚ ਨਿਰੰਤਰ ਤਬਦੀਲੀ ਸ਼ਾਮਲ ਸੀ। ਪ੍ਰਾਚੀਨ ਮਨੁੱਖਾਂ ਦਾ ਜੀਵਨ ਕੁਦਰਤ ਨਾਲ ਗੁੰਝਲਦਾਰ ਢੰਗ ਨਾਲ ਜੁੜਿਆ ਹੋਇਆ ਸੀ, ਜਿਸਨੇ ਉਨ੍ਹਾਂ ਦੇ ਬਚਾਅ ਦੇ ਹਰ ਪਹਿਲੂ ਨੂੰ ਹੋਂਦ ਲਈ ਸੰਘਰਸ਼ ਬਣਾ ਦਿੱਤਾ।

ਆਮ ਮਨੁੱਖ ਦੇ ਮਨ ਵਿੱਚ ਇੱਕ ਸਵਾਲ ਉੱਠਦਾ ਹੈ ਕਿ ਧਰਤੀ ਉੱਤੇ ਮਨੁੱਖ ਦਾ ਵਿਕਾਸ ਕਿਵੇਂ ਹੋਇਆ? ਜ਼ਿਆਦਾਤਰ ਲੋਕ ਕਹਿਣਗੇ ਕਿ ਮਨੁੱਖ ਬਾਂਦਰਾਂ ਤੋਂ ਵਿਕਸਤ ਹੋਇਆ ਹੈ; ਪਰ 'ਮਨੁੱਖ ਦਾ ਵਿਕਾਸ ਬਾਂਦਰਾਂ ਤੋਂ ਹੋਇਆ' ਕਹਿਣਾ ਥੋੜ੍ਹਾ ਗੁੰਮਰਾਹਕੁੰਨ ਹੈ। ਸਹੀ ਕਥਨ ਇਹ ਹੈ ਕਿ ਮਨੁੱਖਾਂ ਅਤੇ ਬਾਂਦਰਾਂ ਦਾ ਇੱਕ ਸਾਂਝਾ ਪੂਰਵਜ ਸੀ, ਜਿਸਦਾ ਨਾਮ ਪੈਰਾਪੀਥੇਕਸ ਸੀ। ਇਸ ਪੂਰਵਜ ਤੋਂ ਬਾਂਦਰ ਇੱਕ ਵੱਖਰੀ ਵਿਕਾਸਵਾਦੀ ਲਾਈਨ ਵਿੱਚ ਪਹਿਲਾਂ ਹੀ ਵੱਖ ਹੋ ਗਏ। ਇਸ ਦੇ ਨਾਲ ਹੀ ਮਨੁੱਖ ਅਤੇ ਏਪਸ ਦਾ ਇੱਕ ਸਾਂਝਾ ਪੂਰਵਜ 'ਡਰਾਇਓਪੀਥੀਕਸ' ਵਿਕਸਤ ਹੋਇਆ। ਇਸ ਪੂਰਵਜ ਦਾ ਵਿਕਾਸ ਦੋ ਦਿਸ਼ਾਵਾਂ ਵਿੱਚ ਹੋਇਆ। ਇੱਕ ਦਿਸ਼ਾ ਵਿੱਚ ਏਪਸ ਜਿਵੇਂ ਕਿ ਚਿੰਪੈਂਜ਼ੀ, ਗੋਰਿਲਾ ਆਦਿ ਦਾ ਵਿਕਾਸ ਹੋਇਆ। ਦੂਜੀ ਦਿਸ਼ਾ ਵਿੱਚ ਆਧੁਨਿਕ ਮਨੁੱਖ ਲੱਖਾਂ ਸਾਲਾਂ ਦੇ ਬਦਲਾਅ ਰਾਹੀਂ ਹੌਲੀ-ਹੌਲੀ ਕਈ ਵਿਚਕਾਰਲੇ ਪੜਾਵਾਂ, ਜਿਵੇਂ ਕਿ ਅਫਰੀਕੀ ਏਪਮੈਨ, ਹੋਮੋ ਹੈਬਿਲਿਸ, ਹੋਮੋ ਈਰੈਕਟਸ, ਕ੍ਰੋਮੈਗਨਨ ਮੈਨ ਆਦਿ ਵਿੱਚੋਂ ਲੰਘਣ ਤੋਂ ਬਾਅਦ ਵਿਕਸਤ ਹੋਇਆ। ਇਸਦਾ ਮਤਲਬ ਹੈ ਕਿ ਮਨੁੱਖ ਕਿਸੇ ਵੀ ਜੀਵਤ ਬਾਂਦਰ ਜਾਂ ਏਪਸ ਪ੍ਰਜਾਤੀ ਤੋਂ ਵਿਕਸਤ ਨਹੀਂ ਹੋਇਆ। ਮਨੁੱਖ ਅਤੇ ਬਾਂਦਰਾਂ/ਏਪਸ ਵਿੱਚ ਬੁਨਿਆਦੀ ਅੰਤਰ ਇਹ ਹੈ ਕਿ ਬਾਂਦਰ/ਏਪਸ ਆਪਣੇ ਸਾਰੇ ਚਾਰ ਪੈਰ ਤੁਰਨ/ਦੌੜਨ ਲਈ ਵਰਤਦੇ ਹਨ, ਪਰ ਮਨੁੱਖ ਆਪਣੇ ਸਰੀਰ ਨੂੰ ਸਿਰਫ਼ ਦੋ ਪੈਰਾਂ 'ਤੇ ਸੰਤੁਲਿਤ ਕਰ ਸਕਦਾ ਹੈ, ਜਿਸ ਕਾਰਨ ਉਹ ਆਪਣੇ ਅਗਲੇ ਪੈਰਾਂ (ਹੱਥ) ਦੀ ਵਰਤੋਂ ਚੀਜ਼ਾਂ ਨੂੰ ਫੜਨ ਅਤੇ ਹੋਰ ਉਦੇਸ਼ਾਂ ਲਈ ਕਰ ਸਕਦਾ ਹੈ। ਇਸ ਨਾਲ ਵਿਕਾਸ ਵਿੱਚ ਫਾਇਦਾ ਹੋਇਆ। ਹੋਮੋ ਇਰੈਕਟਸ ਜੋ ਲਗਭਗ 1.7 ਮਿਲੀਅਨ ਸਾਲ ਪਹਿਲਾਂ ਵਿਕਸਤ ਹੋਇਆ ਸੀ, ਉਹ ਪਹਿਲਾ ਮਨੁੱਖ ਸੀ ਜੋ ਪੂਰੀ ਤਰ੍ਹਾਂ ਸਿੱਧਾ ਤੁਰ ਸਕਦਾ ਸੀ। ਲਗਭਗ 34,000 ਸਾਲ ਪਹਿਲਾਂ, ਅੱਜ ਦੇ ਆਧੁਨਿਕ ਮਨੁੱਖ ਦੇ ਸਿੱਧੇ ਪੂਰਵਜ ਕ੍ਰੋਮੈਗਨਨ ਮੈਨ ਦਾ ਵਿਕਾਸ ਹੋਇਆ, ਜੋ ਲਗਭਗ ਆਧੁਨਿਕ ਮਨੁੱਖ ਦੇ ਸਮਾਨ ਸੀ। ਪਰ ਉਹ 25,000 ਸਾਲ ਪਹਿਲਾਂ ਅਲੋਪ ਹੋ ਗਿਆ, ਉਸਦੀ ਜਗ੍ਹਾ ਅੱਜ ਦੇ ਆਧੁਨਿਕ ਮਨੁੱਖ 'ਹੋਮੋ ਸੇਪੀਅਨਜ਼' ਨੇ ਲੈ ਲਈ ਅਤੇ ਉਸਨੇ ਲਗਭਗ 10,000 ਸਾਲ ਪਹਿਲਾਂ ਪੂਰੀ ਦੁਨੀਆ ਵਿੱਚ ਫੈਲਣਾ ਸ਼ੁਰੂ ਕਰ ਦਿੱਤਾ।

ਸ਼ੁਰੂਆਤੀ ਮਨੁੱਖੀ ਜੀਵਨ ਲਈ ਭੋਜਨ ਪ੍ਰਾਪਤ ਕਰਨਾ ਇੱਕ ਰੋਜ਼ਾਨਾ ਦੀ ਲੜਾਈ ਸੀ। ਲਗਭਗ 11,000 ਤੋਂ 12,000 ਸਾਲ ਪਹਿਲਾਂ ਤੱਕ ਸ਼ਿਕਾਰ ਕਰਨ ਅਤੇ ਭੋਜਨ ਇਕੱਠਾ ਕਰਨ ਵਾਲਾ ਸੱਭਿਆਚਾਰ ਮੁਢਲੇ ਮਨੁੱਖਾਂ ਦਾ ਜੀਵਨ ਢੰਗ ਸੀ। ਉਨ੍ਹਾਂ ਦੀ ਖੁਰਾਕ ਵਿੱਚ ਕੁਦਰਤੀ ਵਾਤਾਵਰਣ ਵਿੱਚ ਉਪਲਬਧ ਹਰ ਚੀਜ਼ ਸ਼ਾਮਲ ਸੀ, ਜਿਸ ਵਿੱਚ ਜੰਗਲੀ ਜਾਨਵਰ, ਪੰਛੀ, ਮੱਛੀ, ਕੀੜੇ, ਛੋਟੇ ਜਾਨਵਰ ਅਤੇ ਫਲ, ਨਟਸ, ਬੀਜ, ਜੜ੍ਹਾਂ ਅਤੇ ਪੱਤੇ ਵਰਗੇ ਵੱਖ-ਵੱਖ ਪੌਦਿਆਂ-ਆਧਾਰਿਤ ਭੋਜਨ ਸ਼ਾਮਲ ਸਨ।



ਮੁਢਲੇ ਮਨੁੱਖ ਮੌਕਾਪ੍ਰਸਤ ਮਾਸਾਹਾਰੀ ਸਨ। ਭੋਜਨ ਪ੍ਰਾਪਤ ਕਰਨ ਲਈ ਜੰਗਲੀ ਜਾਨਵਰਾਂ ਦਾ ਸਮੂਹਿਕ ਸ਼ਿਕਾਰ, ਮਾਸਾਹਾਰੀ ਜਾਨਵਰਾਂ ਦੁਆਰਾ ਮਾਰੇ ਗਏ ਜਾਨਵਰਾਂ 'ਤੇ ਬਚਿਆ ਮਾਸ ਅਤੇ ਹੱਡੀਆਂ ਵਿੱਚੋਂ ਬੋਨ ਮੈਰੋ ਕੱਢਣਾ, ਜ਼ਿੰਦਗੀ ਦਾ ਇੱਕ ਹਿੱਸਾ ਸਨ। ਪੱਥਰ ਦੇ ਸੰਦਾਂ, ਜਿਵੇਂ ਕਿ ਕੁਹਾੜੀਆਂ ਅਤੇ ਤੀਰ ਦਾ ਵਿਕਾਸ ਇੱਕ ਮਹੱਤਵਪੂਰਨ ਨਵੀਨਤਾ ਸੀ, ਜਿਸਨੇ ਵਧੇਰੇ ਪ੍ਰਭਾਵਸ਼ਾਲੀ ਸ਼ਿਕਾਰ ਲਈ ਮਦਦ ਕੀਤੀ। ਅੱਗ ਦੀ ਖੋਜ ਅਤੇ ਖਾਣਾ ਪਕਾਉਣ ਦੀ ਮੁਹਾਰਤ ਨੇ ਮਨੁੱਖੀ ਖੁਰਾਕ ਵਿੱਚ ਕਾਫ਼ੀ ਬਦਲਾਅ ਲਿਆਂਦਾ। ਇਸਨੇ ਸਖ਼ਤ ਰੇਸ਼ਿਆਂ ਨੂੰ ਤੋੜ ਦਿੱਤਾ ਅਤੇ ਭੋਜਨ, ਖਾਸ ਕਰਕੇ ਮਾਸ ਤੋਂ ਪੌਸ਼ਟਿਕ ਤੱਤਾਂ ਅਤੇ ਕੈਲੋਰੀਆਂ ਦੀ ਜੈਵ-ਉਪਲਬਧਤਾ ਨੂੰ ਵਧਾਇਆ। ਸੰਦਾਂ ਦੀ ਵਰਤੋਂ ਦੇ ਨਾਲ-ਨਾਲ ਪਕਾਏ ਹੋਏ ਭੋਜਨ ਦੀ ਖੁਰਾਕ ਵਿੱਚ ਤਬਦੀਲੀ ਨੇ ਮਨੁੱਖੀ ਜਬਾੜਿਆਂ ਅਤੇ ਦੰਦਾਂ ਦੇ ਆਕਾਰ ਵਿੱਚ ਕਮੀ ਲਿਆਂਦੀ। ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਪਾਚਨ ਅਤੇ ਚਬਾਉਣ 'ਤੇ ਘੱਟ ਊਰਜਾ ਖਰਚ ਨੇ ਦਿਮਾਗ ਦੇ ਵਿਕਾਸ ਲਈ ਵਧੇਰੇ ਊਰਜਾ ਨਿਰਧਾਰਤ ਕਰਨ ਵਿੱਚ ਮਦਦ ਕੀਤੀ, ਅਤੇ ਮਨੁੱਖੀ ਦਿਮਾਗ ਦੇ ਵਿਕਾਸ ਵਿੱਚ ਯੋਗਦਾਨ ਪਾਇਆ।

> *ਸੈਂਟੀਨੇਲੀਜ਼ ਕਬੀਲਾ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਗੈਰ-ਦੋਸਤਾਨਾ ਸਮੂਹ ਹੈ! ਅੰਡੇਮਾਨ ਦੇ ਉੱਤਰੀ ਸੈਂਟੀਨੇਲ ਟਾਪੂ 'ਤੇ ਰਹਿਣ ਵਾਲੇ ਇਸ 60,000 ਸਾਲ ਤੋਂ ਵੱਧ ਪੁਰਾਣੇ ਕਬੀਲੇ ਦੀ ਆਧੁਨਿਕ ਜ਼ਿੰਦਗੀ ਤੋਂ ਦੂਰੀ ਇੰਨੀ ਹੈ ਕਿ ਭਾਰਤ ਸਰਕਾਰ ਨੇ ਸੈਲਾਨੀਆਂ ਅਤੇ ਯਾਤਰੀਆਂ 'ਤੇ ਉਨ੍ਹਾਂ ਦੇ ਨੇੜੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ, ਕਿਉਂਕਿ ਉਹ ਅਸੱਭਿਅਕ, ਖਤਰਨਾਕ ਹਨ ਅਤੇ ਪਲਕ ਝਪਕਦੇ ਹੀ ਬਾਹਰੀ ਲੋਕਾਂ ਨੂੰ ਮਾਰ ਸਕਦੇ ਹਨ।*



ਮਨੁੱਖੀ ਖੇਤੀਬਾੜੀ ਪਹਿਲੀ ਵਾਰ ਲਗਭਗ 10,000 ਤੋਂ 12,000 ਸਾਲ ਪਹਿਲਾਂ ਉਭਰੀ ਸੀ, ਇਹ ਇੱਕ ਮਹੱਤਵਪੂਰਨ ਘਟਨਾ ਸੀ, ਜਿਸਨੂੰ ਖੇਤੀਬਾੜੀ ਕ੍ਰਾਂਤੀ ਕਿਹਾ ਜਾਂਦਾ ਹੈ। ਇਸਨੇ ਭੋਜਨ ਇਕੱਠਾ ਕਰਨ ਵਾਲੇ ਮਨੁੱਖ ਨੂੰ ਭੋਜਨ ਉਤਪਾਦਕ ਮਨੁੱਖ ਵਿੱਚ ਬਦਲ ਦਿੱਤਾ। ਇਹ ਇੱਕ ਖਾਨਾਬਦੋਸ਼ ਸ਼ਿਕਾਰੀ ਅਤੇ ਭੋਜਨ ਇਕੱਠਾ ਕਰਨ ਵਾਲੀ ਜੀਵਨ ਸ਼ੈਲੀ ਤੋਂ ਹਟ ਕੇ ਇੱਕ ਵਸੇ ਹੋਏ ਖੇਤੀ ਭਾਈਚਾਰਿਆਂ ਵਿੱਚ ਤਬਦੀਲੀ ਸੀ। ਇਸ ਤਬਦੀਲੀ ਨੇ ਆਦਮੀ ਨੂੰ ਇੱਕ ਥਾਂ 'ਤੇ ਰਹਿਣ ਅਤੇ ਸੈਟਲ ਹੋਣ ਵਿੱਚ ਮਦਦ ਕੀਤੀ। ਜਦੋਂ ਮਨੁੱਖ ਖਾਨਾਬਦੋਸ਼ ਜੀਵਨ ਸ਼ੈਲੀ ਤੋਂ ਸੈਟਲ ਖੇਤੀ ਵੱਲ ਤਬਦੀਲ ਹੋਇਆ, ਤਾਂ ਉਸਨੇ ਜੌਂ, ਕਣਕ, ਚੌਲ ਤੇ ਮਿਲਟਸ ਵਰਗੀਆਂ ਫਸਲਾਂ ਅਤੇ ਪਸ਼ੂਆਂ, ਭੇਡਾਂ ਤੇ ਬੱਕਰੀਆਂ ਵਰਗੇ ਜਾਨਵਰਾਂ ਦਾ ਪਾਲਣ-ਪੋਸ਼ਣ ਸ਼ੁਰੂ ਕੀਤਾ। ਸ਼ੁਰੂਆਤੀ ਕਿਸਾਨਾਂ ਨੇ ਕੁਸ਼ਲਤਾ ਵਧਾਉਣ ਲਈ ਰੰਬੀਆ ਅਤੇ ਦਾਤਰੀ ਵਰਗੇ ਬੁਨਿਆਦੀ ਸੰਦ ਅਤੇ ਬਾਅਦ ਵਿੱਚ ਹਲ ਵਿਕਸਤ ਕੀਤੇ। ਖੇਤੀਬਾੜੀ, ਵਿਲੱਖਣ ਤਕਨੀਕਾਂ ਅਤੇ ਫਸਲਾਂ ਵਿਕਸਤ ਕਰਕੇ, ਵਿਸ਼ਵ ਪੱਧਰ 'ਤੇ ਫੈਲੀ ਅਤੇ ਵਧੇਰੇ ਭਰੋਸੇਮੰਦ ਭੋਜਨ ਸਪਲਾਈ ਪ੍ਰਦਾਨ ਕਰਕੇ ਇਸਨੇ ਆਬਾਦੀ ਵਾਧੇ ਨੂੰ ਸਮਰਥਨ ਦੇ ਕੇ ਸਮਾਜਾਂ ਨੂੰ ਬਦਲ ਦਿੱਤਾ। ਇੱਕ ਦੂਜੇ ਨੂੰ ਜਾਣਕਾਰੀ ਦੇਣ ਦੇ ਉਦੇਸ਼ ਨਾਲ ਸਾਡੇ ਪੁਰਖਿਆਂ ਨੇ ਪੌਦਿਆਂ ਅਤੇ ਜਾਨਵਰਾਂ ਦੇ ਨਾਮਕਰਨ ਸ਼ੁਰੂ ਕੀਤੇ। ਕਣਕ, ਚੌਲ, ਮੱਕੀ, ਆਲੂ, ਪਿਆਜ਼, ਅਦਰਕ ਆਦਿ ਨਾਮ ਜੋ ਅਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤਦੇ ਹਾਂ, ਉਹ ਸਾਡੇ ਪੁਰਖਿਆਂ ਦਾ ਯੋਗਦਾਨ ਹੈ।

ਖੇਤੀਬਾੜੀ ਤੋਂ ਪਹਿਲਾਂ, ਮਨੁੱਖੀ ਸਮੂਹ ਘੁੰਮਦੇ-ਫਿਰਦੇ ਸਨ ਅਤੇ ਰਿਵਾਜ ਤੇ ਜ਼ਰੂਰਤ ਅਨੁਸਾਰ ਖੇਤਰਾਂ ਦੀ ਵਰਤੋਂ ਕਰਦੇ ਸਨ; ਪਰ ਕੋਈ ਰਸਮੀ ਕਾਨੂੰਨੀ ਅਧਿਕਾਰ ਨਹੀਂ ਸੀ। ਖੇਤੀ, ਸਥਾਈ ਬਸਤੀਆਂ ਅਤੇ ਵਾਧੂ ਉਤਪਾਦਨ ਨੇ ਸਥਿਰ ਥਾਵਾਂ ਨੂੰ ਕੀਮਤੀ ਬਣਾ ਦਿੱਤਾ। ਲੋਕਾਂ ਨੇ ਵਾੜ ਲਗਾਉਣੀ, ਖੇਤੀ ਕਰਨੀ, ਵਿਰਾਸਤ ਵਿੱਚ ਲੈਣਾ ਅਤੇ ਜ਼ਮੀਨ ਦੀ ਰੱਖਿਆ ਕਰਨੀ ਸ਼ੁਰੂ ਕਰ ਦਿੱਤੀ। ਹੁਣ ਮਨੁੱਖੀ ਬਸਤੀਆਂ ਨੂੰ ਆਪਣੇ ਸਥਾਨਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਹਵਾਲਾ ਦੇਣ ਦੇ ਤਰੀਕਿਆਂ ਦੀ ਲੋੜ ਸੀ। ਨਾਵਾਂ ਨੇ ਭਾਈਚਾਰੇ ਦੇ ਖੇਤਰ ਨੂੰ ਪਰਿਭਾਸ਼ਿਤ ਕਰਨ ਵਿੱਚ ਮਦਦ ਕੀਤੀ ਅਤੇ ਵਸਨੀਕਾਂ ਅਤੇ ਸੈਲਾਨੀਆਂ ਲਈ ਇੱਕ ਸੰਦਰਭ ਬਿੰਦੂ ਵਜੋਂ ਕੰਮ ਕੀਤਾ। ਸ਼ਹਿਰਾਂ ਅਤੇ ਪਿੰਡਾਂ ਦੇ ਨਾਮਕਰਨ ਰਾਜਿਆਂ ਅਤੇ ਸ਼ਾਸਕਾਂ, ਜਾਂ ਇੱਥੋਂ ਤੱਕ ਕਿ ਉਨ੍ਹਾਂ ਨਾਲ ਜੁੜੇ ਲੋਕਾਂ ਦੇ ਨਾਮ 'ਤੇ ਰੱਖਣ ਦਾ ਅਭਿਆਸ ਪ੍ਰਾਚੀਨ ਹੈ, ਜਿਸਦੀਆਂ ਇਤਿਹਾਸਕ ਉਦਾਹਰਣਾਂ ਭਾਰਤ ਅਤੇ ਵਿਆਪਕ ਦੁਨੀਆ- ਦੋਹਾਂ ਵਿੱਚ ਮਿਲਦੀਆਂ ਹਨ। ਪਿੰਡਾਂ ਅਤੇ ਸ਼ਹਿਰਾਂ ਦੇ ਨਾਮਕਰਨ ਦੀ ਪ੍ਰਥਾ ਮੱਧਯੁਗੀ ਤੇ ਆਧੁਨਿਕ ਯੁੱਗਾਂ ਵਿੱਚ ਸੰਸਥਾਪਕਾਂ, ਕਬੀਲਿਆਂ ਜਾਂ ਇਤਿਹਾਸਕ ਘਟਨਾਵਾਂ ਦੇ ਨਾਮ 'ਤੇ ਜਾਰੀ ਰਹੀ। ਬਹੁਤ ਸਾਰੇ ਪਿੰਡ ਅਤੇ ਸ਼ਹਿਰਾਂ ਦੇ ਨਾਮ ਉਨ੍ਹਾਂ ਦੇ ਸੰਸਥਾਪਕਾਂ ਦੁਆਰਾ ਰੱਖੇ ਗਏ ਸਨ। ਕਿਸੇ ਸ਼ਾਸਕ ਜਾਂ ਮਹੱਤਵਪੂਰਨ ਸ਼ਖਸੀਅਤ ਦੇ ਨਾਮ 'ਤੇ ਕਿਸੇ ਬਸਤੀ ਦਾ ਨਾਮ ਰੱਖਣਾ ਇਲਾਕੇ ਉੱਤੇ ਮਾਲਕੀ ਅਤੇ ਨਿਯੰਤ੍ਰਣ ਦਾ ਦਾਅਵਾ ਕਰਨ ਦਾ ਇੱਕ ਤਰੀਕਾ ਸੀ।

ਪੰਜਾਬ ਦੇ ਸ਼ਹਿਰਾਂ ਦੇ ਨਾਵਾਂ ਦੇ ਵੱਖ-ਵੱਖ ਮੂਲ ਹਨ। ਰੂਪਨਗਰ, ਜੋ ਕਿ 11ਵੀਂ ਸਦੀ ਵਿੱਚ ਰਾਜਾ ਰੋਕੇਸ਼ਵਰ ਦੁਆਰਾ ਸਥਾਪਿਤ ਕੀਤਾ ਗਿਆ ਸੀ, ਦਾ ਨਾਮ ਉਸਦੇ ਪੁੱਤਰ ਰਾਜਾ ਰੂਪ ਸੇਨ ਦੇ ਨਾਮ 'ਤੇ ਰੱਖਿਆ ਗਿਆ ਸੀ। ਫਾਜ਼ਿਲਕਾ ਦਾ ਨਾਮ ਫਾਜ਼ਿਲ ਨਾਮ ਦੇ ਇੱਕ ਸੂਫੀ ਸੰਤ ਦੇ ਨਾਮ 'ਤੇ ਰੱਖਿਆ ਗਿਆ। ਹੁਸ਼ਿਆਰਪੁਰ ਦਾ ਨਾਮ ਇੱਕ ਸਥਾਨਕ ਮੁਖੀ ਹੁਸ਼ਿਆਰ ਖਾਨ ਦੇ ਨਾਮ 'ਤੇ ਰੱਖਿਆ ਗਿਆ ਸੀ। ਗੁਰਦਾਸਪੁਰ ਦਾ ਨਾਮ ਮਹੰਤ ਗੁਰੀਆ ਜੀ ਦੇ ਨਾਮ 'ਤੇ ਰੱਖਿਆ ਗਿਆ ਸੀ। ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ, ਰਾਏ ਭੋਇ ਦੀ ਤਲਵੰਡੀ ਦਾ ਨਾਮ ਮੱਧਯੁਗੀ ਭਾਰਤ ਵਿੱਚ ਇਸਦੇ ਸੰਸਥਾਪਕ, ਮੁਸਲਿਮ ਰਾਜਪੂਤ ਜ਼ਿਮੀਂਦਾਰ ਰਾਏ ਭੋਇ ਦੇ ਨਾਮ 'ਤੇ ਰੱਖਿਆ ਗਿਆ ਸੀ। ਸਮੇਂ ਦੇ ਨਾਲ, ਇਸ ਪਿੰਡ ਨੂੰ ਨਨਕਾਣਾ ਸਾਹਿਬ ਦਾ ਨਾਮ ਦਿੱਤਾ ਗਿਆ, ਜਿਸਦਾ ਅਰਥ ਹੈ- 'ਗੁਰੂ ਨਾਨਕ ਦੇਵ ਜੀ ਦਾ ਨਿਵਾਸ।' ਪਿੰਡਾਂ ਅਤੇ ਸ਼ਹਿਰਾਂ ਦੇ ਨਾਮ ਇਤਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਪ੍ਰਭਾਵਾਂ ਨੂੰ ਦਰਸਾਉਂਦੇ ਹਨ, ਜਿਨ੍ਹਾਂ ਨੇ ਪ੍ਰਾਚੀਨ ਸੱਭਿਅਤਾਵਾਂ ਤੋਂ ਲੈ ਕੇ ਸਥਾਨਕ ਸ਼ਾਸਕਾਂ ਅਤੇ ਸੰਤਾਂ ਦੇ ਯੁੱਗ ਤੱਕ ਸਦੀਆਂ ਤੋਂ ਇਸ ਖੇਤਰ ਨੂੰ ਆਕਾਰ ਦਿੱਤਾ।

ਜਦੋਂ ਸ਼ਾਸਕਾਂ ਨੇ ਭਾਰਤ ਵਿੱਚ ਪਰਿਭਾਸ਼ਿਤ ਖੇਤਰਾਂ ਉੱਤੇ ਨਿਯੰਤ੍ਰਣ ਦਾ ਦਾਅਵਾ ਕਰਨਾ ਸ਼ੁਰੂ ਕੀਤਾ, ਤਾਂ ਉੱਥੇ ਪਹਿਲਾਂ ਤੋਂ ਰਹਿ ਰਹੇ ਲੋਕਾਂ ਨੂੰ ਕਈ ਤਰ੍ਹਾਂ ਦੇ ਨਤੀਜਿਆਂ ਦਾ ਸਾਹਮਣਾ ਕਰਨਾ ਪਿਆ। 1. ਬਹੁਤ ਸਾਰੇ ਪਿੰਡ ਵਾਸੀ ਆਪਣੀ ਜ਼ਮੀਨ 'ਤੇ ਰਹਿੰਦੇ ਅਤੇ ਖੇਤੀ ਕਰਦੇ ਰਹੇ, ਪਰ ਹੁਣ ਉਨ੍ਹਾਂ ਨੂੰ ਨਵੀਂ ਅਥਾਰਟੀ ਨੂੰ ਟੈਕਸ ਦੇਣਾ ਪੈਂਦਾ ਸੀ। 2. ਸ਼ਾਹੀ ਘਰਾਣੇ ਵੱਡੇ ਇਲਾਕਿਆਂ ਦੇ ਰਸਮੀ ਮਾਲਕ ਬਣ ਗਏ; ਜਦੋਂ ਕਿ ਕਾਸ਼ਤਕਾਰ, ਕਿਰਾਏਦਾਰ ਜਾਂ ਹਿੱਸੇਦਾਰ ਬਣ ਗਏ। 3. ਸ਼ਾਸਕ ਅਕਸਰ ਪਿੰਡ ਦੇ ਮੁਖੀਆਂ ਅਤੇ ਜ਼ਿਮੀਂਦਾਰਾਂ ਨੂੰ ਵਿਚੋਲੇ ਵਜੋਂ ਚੁਣਦੇ ਸਨ। ਇਸਨੇ ਪਿੰਡ ਪੱਧਰ 'ਤੇ ਨਿਰੰਤਰਤਾ ਬਣਾਈ, ਪਰ ਸ਼ਕਤੀ ਸਬੰਧਾਂ ਨੂੰ ਬਦਲ ਦਿੱਤਾ। ਮੁਗਲ ਪ੍ਰਣਾਲੀ ਮਾਲੀਆ ਇਕੱਠਾ ਕਰਨ ਲਈ ਮਨਸਬਦਾਰਾਂ ਅਤੇ ਜ਼ਿਮੀਂਦਾਰਾਂ 'ਤੇ ਨਿਰਭਰ ਕਰਦੀ ਸੀ। 4. ਜਿੱਤਾਂ, ਬਸਤੀਵਾਦ ਅਤੇ ਵੱਡੇ ਪ੍ਰੋਜੈਕਟਾਂ ਨੇ ਕਈ ਵਾਰ ਲੋਕਾਂ ਨੂੰ ਵਾਂਝੇ ਇਲਾਕਿਆਂ ਵਿੱਚ ਜਾਣ ਲਈ ਮਜਬੂਰ ਕੀਤਾ। 5. ਬਹੁਤ ਸਾਰੇ ਪਛੜੇ ਆਦਿਵਾਸੀ ਕਬੀਲੇ ਦੇ ਲੋਕ ਡੂੰਘੇ ਜੰਗਲਾਂ ਵਿੱਚ ਚਲੇ ਗਏ, ਜਿੱਥੇ ਉਹ ਪੁਰਖਿਆਂ ਦੀਆਂ ਪੁਰਾਣੀਆਂ ਪਰੰਪਰਾਵਾਂ ਦੀ ਪਾਲਣਾ ਕਰਦੇ ਹੋਏ ਵਧਦੇ-ਫੁੱਲਦੇ ਰਹੇ। ਦੁਨੀਆ ਭਰ ਦੇ ਕਈ ਆਦਿਵਾਸੀ ਕਬੀਲੇ, ਜਿਵੇਂ ਕਿ ਤਨਜ਼ਾਨੀਆ ਦੇ ਹਦਜ਼ਾ ਅਤੇ ਭਾਰਤ ਦੇ ਸੈਂਟੀਨੇਲੀਜ਼, ਅਜੇ ਵੀ ਪ੍ਰਾਚੀਨ ਮਨੁੱਖਾਂ ਵਰਗੀਆਂ ਪਰੰਪਰਾਵਾਂ ਦੀ ਪਾਲਣਾ ਕਰਦੇ ਹਨ, ਜਿਸ ਵਿੱਚ ਸ਼ਿਕਾਰ ਕਰਨ ਅਤੇ ਭੋਜਨ ਇਕੱਠਾ ਕਰਨ ਵਾਲੀ ਜੀਵਨ ਸ਼ੈਲੀ, ਕੁਦਰਤ ਨਾਲ ਡੂੰਘੇ ਸਬੰਧ ਅਤੇ ਵਿਲੱਖਣ ਰਸਮਾਂ ਸ਼ਾਮਲ ਹਨ।

ਹਦਜ਼ਾ ਇੱਕ ਸਮਕਾਲੀ ਸ਼ਿਕਾਰੀ ਇਕੱਠੇ ਕਰਨ ਵਾਲੇ ਸਮਾਜ ਦੀ ਇੱਕ ਪ੍ਰਮੁੱਖ ਉਦਾਹਰਣ ਹਨ, ਜਦੋਂ ਕਿ ਸੰਪਰਕ ਤੋਂ ਰਹਿਤ ਸੈਂਟੀਨੇਲੀਜ਼ ਆਪਣੇ ਟਾਪੂ 'ਤੇ ਪੱਥਰ ਯੁੱਗ ਦੇ ਜੀਵਨ ਢੰਗ ਨੂੰ ਕਾਇਮ ਰੱਖਦੇ ਹਨ। ਸੈਂਟੀਨੇਲੀਜ਼ ਕਬੀਲਾ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਗੈਰ-ਦੋਸਤਾਨਾ ਸਮੂਹ ਹੈ! ਅੰਡੇਮਾਨ ਦੇ ਉੱਤਰੀ ਸੈਂਟੀਨੇਲ ਟਾਪੂ 'ਤੇ ਰਹਿਣ ਵਾਲੇ ਇਸ 60,000 ਸਾਲ ਤੋਂ ਵੱਧ ਪੁਰਾਣੇ ਕਬੀਲੇ ਦੀ ਆਧੁਨਿਕ ਜ਼ਿੰਦਗੀ ਤੋਂ ਦੂਰੀ ਇੰਨੀ ਹੈ ਕਿ ਭਾਰਤ ਸਰਕਾਰ ਨੇ ਸੈਲਾਨੀਆਂ ਅਤੇ ਯਾਤਰੀਆਂ 'ਤੇ ਉਨ੍ਹਾਂ ਦੇ ਨੇੜੇ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ, ਕਿਉਂਕਿ ਉਹ ਅਸੱਭਿਅਕ, ਖਤਰਨਾਕ ਹਨ ਅਤੇ ਪਲਕ ਝਪਕਦੇ ਹੀ ਬਾਹਰੀ ਲੋਕਾਂ ਨੂੰ ਮਾਰ ਸਕਦੇ ਹਨ।

ਉਪਰੋਕਤ ਚਰਚਾ ਤੋਂ ਅਸੀਂ ਇਹ ਸਿੱਟਾ ਕੱਢ ਸਕਦੇ ਹਾਂ ਕਿ ਪਿਛਲੇ ਛੇ ਤੋਂ ਸੱਤ ਮਿਲੀਅਨ ਸਾਲਾਂ ਵਿੱਚ ਮਨੁੱਖਾਂ ਦੀਆਂ ਬਹੁਤ ਸਾਰੀਆਂ ਕਿਸਮਾਂ ਮੌਜੂਦ ਰਹੀਆਂ ਹਨ। ਚਾਰ ਮਿਲੀਅਨ ਸਾਲ ਪਹਿਲਾਂ ਜੰਗਲ ਅਤੇ ਘਾਹ ਵਾਲੇ ਇਲਾਕਿਆਂ ਵਿੱਚ ਬਚਣਾ ਸਿੱਖਦੇ ਹੋਏ, ਅਸੀਂ ਸਿੱਧੇ ਤੁਰਨ ਲਈ ਵਿਕਸਤ ਹੋਏ ਸੀ। ਪਿਛਲੀਆਂ 10 ਪੀੜ੍ਹੀਆਂ ਵਿੱਚ, ਅਸੀਂ ਲੱਖਾਂ ਸਾਲਾਂ ਦੇ ਵਿਕਾਸਵਾਦੀ ਅਨੁਕੂਲਨ ਨੂੰ ਛੱਡ ਕੇ, ਆਪਣੇ ਰਹਿਣ-ਸਹਿਣ ਦੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਜੀਵਨਸ਼ੈਲੀ ਵਿੱਚ ਆਈ ਭਾਰੀ ਤਬਦੀਲੀ ਨੇ ਸਾਡੇ ਵਿਕਸਤ ਜੀਵ ਵਿਗਿਆਨ ਅਤੇ ਆਧੁਨਿਕ ਵਾਤਾਵਰਣ ਵਿੱਚ 'ਬੇਮੇਲ' ਪੈਦਾ ਕਰ ਦਿੱਤਾ ਹੈ, ਜਿਸ ਨਾਲ ਵਿਕਾਸਵਾਦੀ ਮਾੜੇ ਅਨੁਕੂਲਨ ਨਾਲ ਜੁੜੇ ਸਿਹਤ ਮੁੱਦਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਪੈਦਾ ਹੋ ਗਈ ਹੈ। ਸਾਡੇ ਪੁਰਖੇ ਸਰੀਰਕ ਗਤੀਵਿਧੀਆਂ, ਕੁਦਰਤੀ ਖੁਰਾਕਾਂ ਅਤੇ ਬਚਾਅ-ਆਧਾਰਤ ਵਿਹਾਰਾਂ 'ਤੇ ਨਿਰਭਰ ਕਰਦੇ ਸਨ, ਜਦੋਂ ਕਿ ਸਾਡੇ ਮੌਜੂਦਾ ਜੀਵਨ ਢੰਗ - ਬੈਠਣ ਵਾਲੇ ਰੁਟੀਨ ਅਤੇ ਪ੍ਰੋਸੈਸਡ ਭੋਜਨ ਦੁਆਰਾ ਚਿੰਨ੍ਹਿਤ ਹਨ। ਇਨ੍ਹਾਂ ਨੇ ਨਵੀਆਂ ਚੁਣੌਤੀਆਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਨੂੰ ਸੰਭਾਲਣ ਲਈ ਸਾਡੇ ਸਰੀਰ ਤਿਆਰ ਨਹੀਂ ਕੀਤੇ ਗਏ ਸਨ। ਖੋਜਾਂ ਤੋਂ ਪਤਾ ਲੱਗਦਾ ਹੈ ਕਿ ਤਰੱਕੀ, ਸਦੀਵੀ ਜਵਾਨੀ ਅਤੇ ਸਥਾਈ ਖੁਸ਼ੀ ਦੀ ਸਾਡੀ ਅਣਥੱਕ ਕੋਸ਼ਿਸ਼ ਉਹ ਸ਼ਕਤੀਆਂ ਹੋ ਸਕਦੀਆਂ ਹਨ, ਜੋ ਹੋਮੋ ਸੇਪੀਅਨਜ਼ ਨੂੰ ਹੋਂਦ ਤੋਂ ਬਾਹਰ ਕੱਢਦੀਆਂ ਹਨ। ਜਿਵੇਂ-ਜਿਵੇਂ ਅਸੀਂ ਆਪਣੀ ਦੁਨੀਆ ਅਤੇ ਇੱਥੋਂ ਤੱਕ ਕਿ ਆਪਣੇ ਜੀਵ-ਵਿਗਿਆਨ ਨੂੰ ਮੁੜ ਆਕਾਰ ਦਿੰਦੇ ਹਾਂ, ਇਹ ਸਵਾਲ ਬਣਿਆ ਰਹਿੰਦਾ ਹੈ: ਕੀ ਅਸੀਂ ਕਿਸੇ ਵੱਡੀ ਚੀਜ਼ ਵੱਲ ਵਿਕਸਤ ਹੋ ਰਹੇ ਹਾਂ, ਜਾਂ ਅਸੀਂ ਸਵੈ-ਵਿਨਾਸ਼ ਦੇ ਰਾਹ 'ਤੇ ਹਾਂ?

–0–

# ਟਾਹਣੀਓਂ ਟੁੱਟ ਗਿਆ ਗੁਲਾਬ ਜਿਹਾ ਇੱਕ ਸੱਜਣ

**ਕੁਲਜੀਤ ਦਿਆਲਪੁਰੀ**

ਸ਼ੁੱਕਰਵਾਰ ਯਾਨੀ 3 ਅਕਤੂਬਰ ਦੀ ਸਵੇਰ ਨੂੰ ਘਰੋਂ ਕੰਮ 'ਤੇ ਨਿਕਲਿਆ ਤਾਂ ਅਜੇ ਰਸਤੇ ਵਿੱਚ ਹੀ ਸਾਂ ਕਿ ਰੇਡੀਓ ਰੌਣਕ ਮੇਲਾ ਚਲਾਉਂਦੇ ਰਹੇ ਸ. ਮਨਜੀਤ ਸਿੰਘ ਗਿੱਲ ਦਾ ਵ੍ਹੱਟਸਐਪ 'ਤੇ ਮੈਸੇਜ ਆ ਗਿਆ, 'Sorry to give you bad news. Sunny Kular died last night.' (ਤੁਹਾਨੂੰ ਬੁਰੀ ਖ਼ਬਰ ਦੇਣ ਲਈ ਮੁਆਫ ਕਰਨਾ। ਸਨੀ ਕੁਲਾਰ ਦੀ ਕੱਲ੍ਹ ਰਾਤ ਮੌਤ ਹੋ ਗਈ।) ਮੈਸੇਜ ਪੜ੍ਹਦਿਆਂ ਇੱਕ ਦਮ ਸਦਮਾ ਲੱਗਾ। ਸੱਚਮੁੱਚ ਇਹ ਖ਼ਬਰ ਝੰਜੋੜ ਦੇਣ ਵਾਲੀ ਹੀ ਸੀ- ਅਵਿਸ਼ਵਾਸਯੋਗ ਤੇ ਅਸਹਿ ਵੀ। ਸ. ਗਿੱਲ ਨੂੰ ਮੋੜਵੀਂ ਕਾਲ ਕੀਤੀ ਤਾਂ ਉਨ੍ਹਾਂ ਨਾਲ ਗੱਲ ਨਾ ਹੋ ਸਕੀ। ਅੱਚਵੀ ਜਿਹੀ ਲੜਨ ਲੱਗੀ ਤਾਂ ਸਿੱਧਾ ਸਨੀ ਕੁਲਾਰ ਦੇ ਛੋਟੇ ਭਰਾ ਰੌਨੀ ਕੁਲਾਰ ਨੂੰ ਫੋਨ ਕਰ ਲਿਆ। ਉਨ੍ਹਾਂ ਦਾ ਫੋਨ ਵਿਅਸਥ ਸੀ ਤੇ ਗੱਲ ਨਾ ਹੋ ਸਕੀ। ਇੰਨੇ ਨੂੰ ਸ. ਗਿੱਲ ਦਾ ਫੋਨ ਆ ਗਿਆ। ਉਨ੍ਹਾਂ ਭਰੇ ਮਨ ਨਾਲ ਇਹ ਦੁਖਦਾਈ ਖ਼ਬਰ ਦੱਸੀ ਕਿ ਸਿਹਤ ਸਬੰਧੀ ਸਮੱਸਿਆ ਕਾਰਨ ਰਾਤ (ਵੀਰਵਾਰ, 2 ਅਕਤੂਬਰ) ਨੂੰ ਸਨੀ ਕੁਲਾਰ ਨੂੰ ਹਸਪਤਾਲ ਲਿਜਾਇਆ ਗਿਆ, ਪਰ...! ਥੋੜ੍ਹੀ ਹੀ ਦੇਰ ਬਾਅਦ ਡਾ. ਹਰਜਿੰਦਰ ਸਿੰਘ ਖਹਿਰਾ ਨੇ ਇਸ ਖ਼ਬਰ ਦੀ ਪੁਸ਼ਟੀ ਕੀਤੀ ਤਾਂ ਅਣਮੰਨੇ ਮਨ ਨਾਲ ਮੰਨਣਾ ਪਿਆ ਕਿ ਸਨੀ ਭਾਅ ਜੀ ਸੱਚਮੁੱਚ ਹੀ ਨਹੀਂ ਰਹੇ।

ਜਿਉਂ ਜਿਉਂ ਸਨੀ ਕੁਲਾਰ ਦੇ ਅਕਾਲ ਚਲਾਣੇ ਦਾ ਸ਼ਿਕਾਗੋਲੈਂਡ ਤੇ ਫਿਰ ਮਿਡਵੈਸਟ ਵਿੱਚ ਰਹਿੰਦੇ ਭਾਈਚਾਰੇ ਨੂੰ ਪਤਾ ਲੱਗਾ ਤਾਂ ਸਦਮੇ ਦੀ ਇੱਕ ਲਹਿਰ ਜਿਹੀ ਫਿਰ ਗਈ ਤੇ ਬਹੁਤੇ ਇਹ ਖ਼ਬਰ ਸੁਣ/ਜਾਣ ਕੇ ਨਿਸ਼ਬਦ ਤੇ ਜਜ਼ਬਾਤੀ ਹੋ ਗਏ। ਰੇਡੀਓ ਚੰਨ ਪਰਦੇਸੀ ਦੇ ਦਰਸ਼ਨ ਬਸਰਾਓਂ, ਸੋਨੀ ਜੱਜ, ਦਰਸ਼ਨ ਸਿੰਘ ਪੰਮਾ, ਸਤਿੰਦਰ ਸੁਸਾਣਾ, ਬਲਵਿੰਦਰ ਸਿੰਘ ਚੱਠਾ, ਯਾਦਵਿੰਦਰ (ਰਿੰਪੀ) ਖੱਟੜਾ, ਪਰਮਿੰਦਰ ਸਿੰਘ ਗੋਲਡੀ, ਅਮਨ ਕੁਲਾਰ, ਡਾ. ਨਵਦੀਪ ਕੌਰ ਗਿੱਲ ਸਮੇਤ ਇੱਕ ਪਿੱਛੋਂ ਇੱਕ ਦਰਜਨਾਂ ਹੀ ਫੋਨ ਅਤੇ ਮੈਸੇਜ ਆਏ; ਪਰ ਸਭ ਨੂੰ ਇਸ ਖ਼ਬਰ 'ਤੇ ਯਕੀਨ ਨਹੀਂ ਸੀ ਹੋ ਰਿਹਾ।

ਅਮਰੀਕਨ ਸਮਾਜ ਵਿੱਚ ਕੰਮਾਂ-ਕਾਰਾਂ ਵਾਲੇ, ਖਾਸ ਕਰ ਦੂਜੇ ਭਾਈਚਾਰਿਆਂ ਦੇ ਲੋਕ ਸ਼ੁੱਕਰਵਾਰ ਨੂੰ 'ਹੈਪੀ ਫਰਾਈਡੇਅ' ਦੀ ਲੋਰ ਵਿੱਚ ਹੁੰਦੇ ਹਨ। ਮੈਂ ਕੰਮ 'ਤੇ ਪਹੁੰਚਿਆ ਤਾਂ ਮੇਰੇ 4-5 ਸਹਿ-ਕਰਮੀਆਂ ਨੇ ਮੈਨੂੰ 'ਹੈਪੀ ਫਰਾਈਡੇਅ' ਆਖ ਸ਼ੁਭ ਸਵੇਰ ਆਖੀ; ਪਰ ਮੈਂ ਉਨ੍ਹਾਂ ਨੂੰ ਕਿਵੇਂ ਦੱਸਦਾ ਕਿ ਇਹ ਤਾਂ ਮੇਰੇ ਅਤੇ ਮੇਰੇ ਭਾਈਚਾਰੇ ਦੇ ਉਨ੍ਹਾਂ ਲੋਕਾਂ ਲਈ 'ਅਨਹੈਪੀ ਫਰਾਈਡੇਅ' (ਉਦਾਸੀ ਭਰਿਆ ਸ਼ੁੱਕਰਵਾਰ) ਬਣ ਕੇ ਆਇਆ ਹੈ, ਜੋ ਸਨੀ ਕੁਲਾਰ ਦੇ ਜਾਣੂ ਸਨ ਤੇ ਜਿਨ੍ਹਾਂ ਨੂੰ ਇਹ ਪਤਾ ਲੱਗਦਾ ਜਾ ਰਿਹਾ ਸੀ ਕਿ ਸਨੀ ਕੁਲਾਰ ਤਾਂ 'ਹੈ' ਤੋਂ 'ਸੀ' ਹੋ ਗਿਆ ਹੈ! ਜਿੰਨੇ ਵੀ ਸਨੀ ਕੁਲਾਰ ਦੇ ਪਹਿਚਾਣ ਵਾਲੇ ਹਨ- ਭਾਵੇਂ ਉਨ੍ਹਾਂ ਤੋਂ ਛੋਟੇ ਹਨ ਜਾਂ ਵੱਡੇ ਹਨ ਜਾਂ ਉਨ੍ਹਾਂ ਦੇ ਹਾਣੀ- ਸਭ ਉਨ੍ਹਾਂ ਨੂੰ ਆਪੋ-ਆਪਣੇ ਤਰੀਕੇ ਨਾਲ ਯਾਦ ਕਰਦੇ ਰਹੇ, ਤੇ ਹੁਣ ਵੀ ਕਰ ਰਹੇ ਹਨ।

ਲੰਘੀ 5 ਅਕਤੂਬਰ ਨੂੰ ਸਨੀ ਕੁਲਾਰ ਦੇ ਅੰਤਿਮ ਸਸਕਾਰ ਮੌਕੇ ਉਨ੍ਹਾਂ ਦੇ ਜਾਣੂਆਂ ਦੇ ਸਾਹਾਂ ਵਿੱਚ ਹਉਕੇ ਸਨ ਤੇ ਅੱਖਾਂ ਵਿੱਚ ਹੰਝੂਆਂ ਦੀਆਂ ਘਰਾਲ਼ਾਂ! ਉਨ੍ਹਾਂ ਨਮਿੱਤ ਅਖੰਡ ਪਾਠ ਦੇ ਭੋਗ ਸਮੇਂ ਸਨੇਹੀਆਂ ਵੱਲੋਂ ਉਨ੍ਹਾਂ ਨੂੰ ਯਾਦਾਂ ਭਰੀ ਅਲਵਿਦਾ ਆਖੀ ਗਈ। ਡਾ. ਬਲਵੰਤ ਸਿੰਘ ਹੰਸਰਾ, ਸ. ਹਰਦਿਆਲ ਸਿੰਘ ਦਿਓਲ, ਸ. ਸਰਵਣ ਸਿੰਘ ਰਾਜੂ ਨੇ ਆਪੋ ਆਪਣੇ ਤਰੀਕੇ ਨਾਲ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ। ਸਨੀ ਕੁਲਾਰ ਦੀ ਮਰਗ 'ਤੇ ਇਕੱਤਰ ਹੋਏ ਲੋਕ, ਭਾਈਚਾਰੇ ਵਿੱਚ ਉਸ ਦੀ ਵੁੱਕਤ ਦੀ ਸ਼ਾਹਦੀ ਭਰ ਰਹੇ ਸਨ। ਸਨੀ ਕੁਲਾਰ ਭਾਅ ਆਪਣੇ ਜਾਣੂਆਂ ਵਿੱਚ ਪਾਣੀ ਵਾਂਗ ਵਿਹਾ ਭਾਵ ਨਿਮਰਤਾ ਨਾਲ ਤੇ ਖਿੜੇ ਮੱਥੇ ਵਿਚਰਿਆ ਅਤੇ ਉਨ੍ਹਾਂ ਦੇ ਮੱਥਿਆਂ ਵਿੱਚ ਆਪਣੇ ਲਈ ਯਾਦ ਦੇ ਰੂਪ ਵਿੱਚ ਵੱਖ-ਵੱਖ ਸ਼ਬਦ ਜੜ ਗਿਆ ਹੈ, ਤੇ ਆਪਣੇ ਸੁਭਾਅ ਦੀ ਵਿਲੱਖਣ ਵਿਆਖਿਆ ਵੀ ਛੱਡ ਗਿਆ ਹੈ: ਡਿਗ ਕੇ (ਭਾਵ ਮਰ ਕੇ) ਵੀ ਉਹ ਝਰਨਾ ਬਣਿਆ, ਤੁਰਦਾ ਸੀ ਤਾਂ ਦਰਿਆ...।

ਵੱਖ-ਵੱਖ ਸੱਭਿਆਚਾਰਕ, ਖੇਡ, ਸਮਾਜਿਕ ਤੇ ਧਾਰਮਿਕ ਸੰਸਥਾਵਾਂ ਨੂੰ ਵਿੱਤੀ ਸਹਿਯੋਗ ਦੇਣ ਤੋਂ ਇਲਾਵਾ ਗੁਰਦੁਆਰਾ ਪੈਲਾਟਾਈਨ ਦੀ ਕਾਰਸੇਵਾ ਵਿੱਚ ਵੀ ਯੋਗਦਾਨ ਪਾਉਂਦੇ ਰਹੇ। ਉਨ੍ਹਾਂ 'ਪੰਜਾਬੀ ਪਰਵਾਜ਼' ਦੀਆਂ ਦੋਵੇਂ ਨਾਈਟਾਂ- ਸਾਲ 2024 ਅਤੇ ਸਾਲ 2025 ਵਿੱਚ ਵਧ ਚੜ੍ਹ ਕੇ ਇਖਲਾਕੀ ਤੇ ਵਿੱਤੀ ਸਹਿਯੋਗ ਦਿੱਤਾ। ਉਨ੍ਹਾਂ ਵੱਲੋਂ ਮਿਲਿਆ ਹੌਸਲਾ, ਸਹਿਯੋਗ ਅਤੇ ਪਿਆਰ ਹਮੇਸ਼ਾ ਦਿਲ ਵਿੱਚ ਰਹੇਗਾ; ਕਿਉਂਕਿ ਚੰਗੇ ਬੰਦੇ ਬੇਸ਼ੱਕ ਸਰੀਰਕ ਤੌਰ 'ਤੇ ਮਰ ਜਾਂਦੇ ਹਨ, ਪਰ ਅਕਸਰ ਯਾਦਾਂ ਵਿੱਚ ਜਿਉਂਦੇ ਰਹਿੰਦੇ ਹਨ।

ਬੀਤੇ ਦੇ ਝਰੋਖੇ 'ਚੋਂ ਕੁਝ ਝਲਕਾਂ ਯਾਦ ਆ ਰਹੀਆਂ ਹਨ। ਸਨੀ ਕੁਲਾਰ ਨਾਲ ਮੇਰੀ ਪਹਿਲੀ ਮੁਲਾਕਾਤ ਗੁਰਮੁੱਖ ਸਿੰਘ ਭੁੱਲਰ ਦੇ ਜ਼ਰੀਏ ਸਾਲ 2008 ਵਿੱਚ ਅਪਰੈਲ ਮਹੀਨੇ ਕੋਪਰਨਿਕਸ ਸੈਂਟਰ, ਸ਼ਿਕਾਗੋ (ਗੇਟਵੇਅ ਥੀਏਟਰ) ਵਿੱਚ ਪੀ.ਸੀ.ਐਸ. ਸ਼ਿਕਾਗੋ ਦੇ 'ਰੰਗਲਾ ਪੰਜਾਬ' ਪ੍ਰੋਗਰਾਮ ਵਿੱਚ ਹੋਈ ਸੀ। ਅਮਰੀਕਾ ਆਏ ਨੂੰ ਹਾਲੇ ਮੈਨੂੰ 15-16 ਦਿਨ ਹੀ ਹੋਏ ਸਨ। ਉਦੋਂ ਤੋਂ ਹੁਣ ਤੱਕ ਸਨੀ ਕੁਲਾਰ ਨਾਲ ਮੁਹੱਬਤ ਦੀ ਤੰਦ ਜੁੜੀ ਰਹੀ ਹੈ, ਤੇ ਨਾਲ ਹੀ ਉਨ੍ਹਾਂ ਦੇ ਛੋਟੇ ਭਰਾ ਰੌਨੀ ਕੁਲਾਰ ਨਾਲ ਵੀ। ਕਦੇ ਉਹ ਮੈਨੂੰ 'ਆੜੀ' ਕਹਿ ਕੇ ਸੰਬੋਧਿਤ ਹੁੰਦੇ ਤੇ ਕਦੇ 'ਛੋਟੇ ਵੀਰ' ਆਖ ਦੇ ਮਾਣ-ਤਾਣ ਦਿੰਦੇ। ਜਦੋਂ ਉਹ ਮਿਲਦੇ ਤਾਂ ਚਿਹਰੇ 'ਤੇ ਮੁਸਕਾਨ ਹੁੰਦੀ ਤੇ ਜ਼ੁਬਾਨ 'ਤੇ ਕੋਈ ਮਖੌਲੀਆ ਟਿੱਪਣੀ। ਹੱਥ ਮਿਲਾਉਣ ਦਾ ਉਨ੍ਹਾਂ ਦਾ ਇੱਕ ਵੱਖਰਾ ਜਿਹਾ ਅੰਦਾਜ਼ ਸੀ, ਜੋ ਮੈਂ ਕਈ ਵਾਰ ਮਹਿਸੂਸ ਕੀਤਾ; ਸ਼ਾਇਦ ਸਨੀ ਕੁਲਾਰ ਦੇ ਹੋਰ ਕਰੀਬੀ ਵੀ ਮਹਿਸੂਸ ਕਰਦੇ ਹੋਣਗੇ। ਉਹ ਹੱਥ ਮਿਲਾਉਂਦਿਆਂ ਹਲਕਾ ਜਿਹਾ ਝਟਕਾਉਂਦੇ ਤੇ ਫਿਰ ਕੋਈ ਮਜ਼ਾਹੀਆ ਵਿਅੰਗ ਕੱਸ ਕੇ ਨਾਲੇ ਹੱਥ ਘੁੱਟ ਲੈਣਾ ਤੇ ਨਾਲੇ ਉਪਰਲੇ ਦੰਦਾਂ ਥੱਲੇ ਹੇਠਲਾ ਬੁੱਲ੍ਹ ਦੱਬ ਕੇ ਸਿਰ ਛੰਡ ਦੇਣਾ; ਤੇ ਫਿਰ ਆਖ ਦੇਣਾ, 'ਓ ਮੈਂ ਤਾਂ ਮਜ਼ਾਕ ਕਰਦਾ ਸੀ ਆੜੀ, ਗੁੱਸਾ ਨਾ ਕਰ'ਜੀਂ।'

ਭਾਈਚਾਰਕ ਤੇ ਨਿੱਜੀ ਸਮਾਗਮਾਂ ਵਿੱਚ ਉਨ੍ਹਾਂ ਨਾਲ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਤੇ ਨਾਲ-ਨਾਲ ਸਾਡਾ ਹਲਕਾ-ਫੁਲਕਾ ਮਜ਼ਾਕ ਵੀ ਚੱਲਦਾ ਰਹਿੰਦਾ। ਹਾਲੇ ਪਿੱਛੇ ਜਿਹੇ ਦੀ ਗੱਲ ਹੈ, ਉਹ ਆਪਣੇ ਭਰਾ ਰੌਨੀ ਕੁਲਾਰ ਨਾਲ ਗੁਰਦੁਆਰਾ ਪੈਲਾਟਾਈਨ ਵਿਖੇ ਕਿਸੇ ਸਮਾਗਮ 'ਤੇ ਮਿਲੇ। ਉਨ੍ਹਾਂ ਇੱਕ-ਦੋ ਗੱਲਾਂ ਮੈਨੂੰ ਮਜ਼ਾਕ-ਮਜ਼ਾਕ ਵਿੱਚ ਕੀਤੀਆਂ ਤਾਂ ਨਹਿਲੇ 'ਤੇ ਦਹਿਲਾ ਮਾਰਨ ਦੀ ਕੋਸ਼ਿਸ਼ 'ਚ ਮੈਂ ਕਿਹਾ, "ਭਾਅ ਜੀ, ਪਾਰਕਿੰਗ ਲਾਟ 'ਚ ਇੱਕ ਕਾਲੇ ਰੰਗ ਦੀ ਗੱਡੀ ਨੂੰ ਟੋਅ ਕਰਨ ਲੱਗਿਆ ਕੋਈ; ਤੁਹਾਡੀ ਤਾਂ ਨਹੀਂ! ਕਾਰ ਦੀ ਨੰਬਰ ਪਲੇਟ 'ਤੇ ਸ਼ਾਇਦ 'ਕੁਲਾਰ' ਲਿਖਿਆ।" ਫਿਰ ਉਹ ਬਰਾਛਾਂ ਖਿੜਾਅ ਕੇ ਬੋਲੇ, "ਓ ਭਾਅ! ਤੂੰ ਐਵੇਂ ਨਾ ਸਾਡੀ ਗੱਡੀ ਟੋਅ ਕਰਵਾ ਦਈਂ; ਲੱਗਦਾ ਗੁਰਦੁਆਰੇ ਆਉਣਾ ਬੰਦ ਕਰਾਏਂਗਾ!"

ਰੌਨੀ ਕੁਲਾਰ ਦੀ ਬੇਟੀ ਦੇ 16ਵੇਂ ਜਨਮ ਦਿਨ ਮੌਕੇ ਵਿਲੋਬਰੁੱਕ ਵਿੱਚ ਐਸ਼ਟਨ ਪੈਲੇਸ (ਬੈਂਕੁਇਟ ਹਾਲ) ਵਿੱਚ ਪਾਰਟੀ ਰੱਖੀ ਸੀ। ਰੌਨੀ ਕੁਲਾਰ ਵੱਲੋਂ ਫੋਨ 'ਤੇ ਸੱਦਾ ਪੱਤਰ ਆ ਗਿਆ ਸੀ, ਪਰ 'ਅਪਣੱਤ ਭਰੀ ਧਮਕੀ' ਵਾਲਾ ਫੋਨ ਸਨੀ ਭਾਅ ਜੀ ਨੇ ਕੀਤਾ, "ਜੇ ਤੂੰ ਨਾ ਆਇਆ ਆੜੀ, ਫੇਰ ਦੇਖ ਲਈਂ!" ਅੱਗਿਓਂ ਮੈਂ ਵੀ ਕਹਿ ਦਿੱਤਾ, "ਭਾਅ ਜੀ, ਆਪਾਂ ਸ਼ਿਕਾਗੋ 'ਚ ਨ੍ਹੀਂ ਰਹਿਣਾ!" ਉਹ ਅੱਗਿਓਂ ਹੱਸਣ ਲੱਗੇ ਤੇ ਨਾਲੇ ਕਹਿਣ ਲੱਗੇ, "ਓ ਬਾਬਾ ਤੂੰ ਟਲ਼ ਜਾ!"

ਸੋਗ ਭਰੇ ਇਸ ਮਾਹੌਲ ਵਿੱਚ ਭਾਈਚਾਰੇ ਦਾ ਪ੍ਰਤੀਕਰਮ ਹੈ ਕਿ ਬੜੀ ਛੇਤੀ ਤੁਰ ਗਿਆ ਇੱਕ ਦਿਲਦਾਰ ਸੱਜਣ, ਯਾਰਾਂ ਦਾ ਯਾਰ ਅਤੇ ਹਰ ਇੱਕ ਨੂੰ ਮਿਲਣ-ਗਿਲਣ ਵਾਲਾ ਤੇ ਅਦਬੀ ਸ਼ਖਸੀਅਤ ਵਾਲਾ। ਮੋਹਵੰਤਾ ਇਹ ਸੱਜਣ ਆਪਣੇ ਧਰਮ, ਆਪਣੇ ਭਾਈਚਾਰੇ, ਆਪਣੇ ਸੱਭਿਆਚਾਰ ਅਤੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਸ਼ਖਸ ਸੀ। ਹੁਣ ਪਰਿਵਾਰ ਜਿਸ ਸਦਮੇ ਵਿੱਚ ਹੈ, ਉਹ ਬਿਆਨ ਤੋਂ ਬਾਹਰਾ ਹੈ। ਭਾਈਚਾਰੇ ਦੇ ਲੋਕ ਇਹ ਗੱਲ ਭਲੀਭਾਂਤ ਜਾਣਦੇ ਹਨ ਕਿ ਕੁਲਾਰ ਭਰਾ ਹਰ ਇੱਕ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੁੰਦੇ ਰਹੇ; ਪਰ 'ਭਾਈ ਮਰੇ ਬਾਂਹ ਭੱਜਦੀ ਤੇ ਨੈਣੋਂ ਨਾ ਠੱਲ੍ਹਦਾ ਨੀਰ' ਦੀ ਹੋਣੀ ਤਾਂ ਭਰਾ ਹੀ ਜਾਣਦਾ! ਹੰਸਾਂ ਦੀ ਜੋੜੀ 'ਚੋਂ ਇੱਕ ਹੰਸ ਧੁਰ ਦਰਗਾਹ ਦੀ ਉਡਾਰੀ ਮਾਰ ਗਿਆ ਹੈ! ਭਾਈਚਾਰੇ ਲਈ ਇਹ ਵੱਡਾ ਤੇ ਨਾ-ਪੂਰਿਆ ਜਾਣ ਵਾਲਾ ਘਾਟਾ ਹੈ।

ਨਾਮੀ ਕਲਮਕਾਰ ਨਵਤੇਜ ਭਾਰਤੀ ਦੇ ਸ਼ਬਦ ਯਾਦ ਆ ਗਏ ਹਨ ਕਿ 'ਇੱਕ ਰੁੱਤ ਪੱਤੇ ਦੇ ਜਾਂਦੀ ਏ, ਦੂਜੀ ਲੈ ਜਾਂਦੀ ਏ; ਬਿਰਖ ਕਿਸੇ ਰੁੱਤ ਦਾ ਹੱਥ ਨਹੀਂ ਫੜਦਾ।' ਸਨੀ ਭਾਅ ਜੀ ਦੇ ਵਿਛੋੜੇ 'ਤੇ ਮੇਰੀ ਕਲਮ ਇਉਂ ਸ਼ਰਧਾਂਜਲੀ ਭੇਟ ਕਰਦੀ ਹੈ: "ਜ਼ਿੰਦਗੀ ਦੀ ਟਾਹਣੀਓਂ ਟੁੱਟ ਗਿਆ ਗੁਲਾਬ ਜਿਹਾ ਇੱਕ ਸੱਜਣ, ਪਰ ਮਹਿਕ ਉਸ ਦੀ ਹਾਲੇ ਵੀ ਖਿੱਲਰੀ ਹੋਈ ਹੈ ਚਾਰ-ਚੁਫੇਰੇ।"

**ਅਲਵਿਦਾ ਸਨੀ ਕੁਲਾਰ ਭਾਅ ਜੀ...!**



## ਸਨੀ ਕੁਲਾਰ ਦਾ ਜੀਵਨ ਵੇਰਵਾ

ਸਨੀ ਕੁਲਾਰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਉਂਕੇ ਤੋਂ ਸਨ ਅਤੇ ਪਿਛਲੇ ਲੰਮੇ ਸਮੇਂ ਤੋਂ ਸ਼ਿਕਾਗੋ ਰਹਿ ਰਹੇ ਸਨ ਅਤੇ ਵੱਖ-ਵੱਖ ਸੰਸਥਾਵਾਂ ਨਾਲ ਸਿੱਧੇ-ਅਸਿੱਧੇ ਤੌਰ 'ਤੇ ਜੁੜੇ ਰਹੇ। ਸਥਾਨਕ ਪੰਜਾਬੀ ਸੱਭਿਆਚਾਰਕ ਸਭਾ ਯਾਨੀ ਪੀ.ਸੀ.ਐਸ. ਸ਼ਿਕਾਗੋ ਵਿੱਚ ਸ਼ੁਰੂ ਤੋਂ ਹੀ ਉਨ੍ਹਾਂ ਕਈ ਅਹੁਦਿਆਂ 'ਤੇ ਸਰਗਰਮ ਸੇਵਾ ਨਿਭਾਈ। ਉਹ ਪੀ.ਸੀ.ਐਸ. ਨਾਲ ਲੰਮਾ ਸਮਾਂ ਜੁੜੇ ਰਹੇ ਅਤੇ ਇਸਦੇ ਸਹਿ-ਸੰਸਥਾਪਕ ਮੈਂਬਰ, ਬੋਰਡ ਆਫ਼ ਗਵਰਨਰ ਅਤੇ ਇਸਦੇ ਪ੍ਰਧਾਨ ਵੀ ਰਹੇ। ਸਾਲ 2002-2003 ਵਿੱਚ ਪ੍ਰਧਾਨ ਵਜੋਂ ਸ਼ਾਨਦਾਰ ਸੇਵਾ ਲਈ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਸੀ। ਉਹ ਸਿੱਖ ਅਮਰੀਕਨ ਹੈਰੀਟੇਜ ਆਰਗੇਨਾਈਜ਼ੇਸ਼ਨ ਦੇ ਸਰਗਰਮ ਮੈਂਬਰ ਵੀ ਰਹੇ। ਸਨੀ ਕੁਲਾਰ 2003 ਵਿੱਚ ਏਸ਼ੀਅਨ ਅਮਰੀਕਨ ਕੋਲੀਸ਼ਨ ਆਫ਼ ਸ਼ਿਕਾਗੋ ਦੇ ਸਾਲਾਨਾ ਡਿਨਰ ਬੈਂਕੁਇਟਸ ਦੀ ਮਨੋਰੰਜਨ ਕਮੇਟੀ ਦੇ ਸਹਿ-ਚੇਅਰਮੈਨ ਸਨ। ਸਾਲ 2005 ਵਿੱਚ ਸ਼ਿਕਾਗੋ ਦੇ ਏਸ਼ੀਅਨ ਅਮਰੀਕਨ ਕੋਲੀਸ਼ਨ ਵੱਲੋਂ ਉਨ੍ਹਾਂ ਨੂੰ ਕਮਿਊਨਿਟੀ ਸਰਵਿਸ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਕੁਝ ਸਮਾਂ ਉਹ ਸ਼ਿਕਾਗੋ ਦੀ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ (ਐਫ.ਆਈ.ਏ.) ਨਾਲ ਵੀ ਜੁੜੇ ਰਹੇ।

ਸਨੀ ਕੁਲਾਰ ਸਾਲ 1988-89 ਦੌਰਾਨ ਸ਼ਿਕਾਗੋ ਆਪਣੇ ਮਾਮਾ ਜੀ ਡਾ. ਰੌਬਰਟ ਸਿੰਘ ਤੇ ਅਵਤਾਰ ਸਿੰਘ ਚੀਮਾ ਕੋਲ ਆਵਾਸ ਕਰ ਗਏ ਸਨ। ਸਨੀ ਕੁਲਾਰ ਡੀਪੌਲ ਤੋਂ ਦੂਰਸੰਚਾਰ ਵਿੱਚ ਪੋਸਟ ਗ੍ਰੈਜੂਏਟ ਅਤੇ ਯੂਨੀਵਰਸਿਟੀ ਆਫ ਇਲੀਨਾਏ ਸ਼ਿਕਾਗੋ (ਯੂ.ਆਈ.ਸੀ.) ਤੋਂ ਗ੍ਰੈਜੂਏਟ ਸਨ। ਉਹ ਸ਼ਿਕਾਗੋ ਵਿੱਚ ਬ੍ਰਿਟਿਸ਼ ਪੈਟਰੋਲੀਅਮ (ਬੀ.ਪੀ.) ਵਿੱਚ ਇੱਕ ਸਾਫਟਵੇਅਰ ਇੰਜੀਨੀਅਰ ਸਨ।

ਸਨੀ ਕੁਲਾਰ ਦਾ ਵਿਆਹ 1996 ਵਿੱਚ ਰੁਪਿੰਦਰ (ਰਿੰਪੀ) ਕੌਰ ਨਾਲ ਹੋਇਆ। ਡਾ. ਰਿੰਪੀ ਕੁਲਾਰ ਸ਼ਿਕਾਗੋ ਦੇ ਨੌਰਥਵੈਸਟਰਨ ਮੈਮੋਰੀਅਲ ਹਸਪਤਾਲ ਵਿੱਚ ਨਿਊਰੋਲੋਜੀ ਵਿਭਾਗ ਵਿੱਚ ਕੰਮ ਕਰਦੇ ਹਨ। ਉਹ ਅਮੈਰੀਕਨ ਇੰਡੀਆ ਮੈਡੀਕਲ ਐਸੋਸੀਏਸ਼ਨ ਆਫ ਸ਼ਿਕਾਗੋ ਨਾਲ ਵੀ ਜੁੜੇ ਰਹੇ। ਜ਼ਿਕਰਯੋਗ ਹੈ ਕਿ ਡਾ. ਰਿੰਪੀ ਕੁਲਾਰ ਆਪਣੇ ਪਰਿਵਾਰ ਅਤੇ ਆਪਣੇ ਪੇਸ਼ੇ- ਦੋਵਾਂ ਪ੍ਰਤੀ ਸਮਰਪਿਤ ਹਨ। ਸਨੀ ਕੁਲਾਰ ਵੱਲੋਂ ਭਾਈਚਾਰਕ ਸ਼ਮੂਲੀਅਤ ਨੂੰ ਧਿਆਨ ਵਿੱਚ ਰੱਖਦਿਆਂ ਡਾ. ਰਿੰਪੀ ਕੁਲਾਰ ਬੱਚਿਆਂ ਦੀ ਚੰਗੀ ਦੇਖਭਾਲ ਕਰਦੇ ਰਹੇ। ਸਨੀ ਕੁਲਾਰ ਨੇ ਆਪਣੇ ਅਤੇ ਆਪਣੇ ਛੋਟੇ ਭਰਾ ਰੌਨੀ ਕੁਲਾਰ ਦੇ ਬੱਚਿਆਂ ਨੂੰ ਪੰਜਾਬੀ ਲੋਕ ਨਾਚ ਭੰਗੜੇ ਨਾਲ ਜੋੜੀ ਰੱਖਿਆ।

ਸਨੀ ਕੁਲਾਰ ਅਤੇ ਉਨ੍ਹਾਂ ਦੇ ਪਰਿਵਾਰ- ਪਤਨੀ ਰੁਪਿੰਦਰ (ਰਿੰਪੀ) ਕੁਲਾਰ, ਧੀ ਈਸ਼ਾ ਕੌਰ ਅਤੇ ਪੁੱਤਰ ਪਰਨੀਤ ਕੁਲਾਰ ਨੂੰ ਸਾਲ 2005 ਵਿੱਚ 'ਏਸ਼ੀਅਨ ਮਾਡਲ ਫੈਮਿਲੀ 2005' ਅਵਾਰਡ ਪ੍ਰਾਪਤ ਹੋਇਆ ਸੀ। ਇਹ ਪੁਰਸਕਾਰ ਏਸ਼ੀਅਨ ਕ੍ਰੋਨਿਕਲ ਯੂ.ਐਸ.ਏ. ਵੱਲੋਂ ਸਕੋਕੀ ਵਿੱਚ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਕੁਲਾਰ ਪਰਿਵਾਰ ਨੂੰ ਉਨ੍ਹਾਂ ਦੇ ਇਕਜੁੱਟ ਪਰਿਵਾਰ ਹੋਣ, ਦੂਜਿਆਂ ਲਈ ਅਨੁਕਰਣ ਕਰਨ ਲਈ ਰੋਲ ਮਾਡਲ ਹੋਣ, ਇੱਥੇ ਤੇ ਆਪਣੇ ਜੱਦੀ ਦੇਸ਼ ਵਿੱਚ ਕਈ ਭਾਈਚਾਰਕ ਸੇਵਾਵਾਂ ਪ੍ਰਦਾਨ ਕਰਨ ਅਤੇ ਅਮਰੀਕਾ ਵਿੱਚ ਏਸ਼ੀਅਨਾਂ ਦੇ ਸਕਾਰਾਤਮਕ ਅਕਸ ਨੂੰ ਪ੍ਰਭਾਵਿਤ ਕਰਨ ਦੇ ਆਧਾਰ 'ਤੇ ਚੁਣਿਆ ਗਿਆ ਸੀ। ਇਸ ਮੌਕੇ ਕੁਲਾਰ ਪਰਿਵਾਰ ਨੂੰ ਸਮਾਜਿਕ ਸੇਵਾ ਭਾਵਨਾ ਵਾਲਾ ਦੱਸਿਆ ਗਿਆ ਅਤੇ ਉਨ੍ਹਾਂ ਨੇ ਬੱਚਿਆਂ ਤੇ ਕੁਲਾਰ ਜੋੜੇ ਨੂੰ ਸੱਭਿਆਚਾਰਕ, ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਵਿੱਚ ਸ਼ਾਮਲ ਰੱਖਿਆ ਗਿਆ ਸੀ।

ਸਨੀ ਕੁਲਾਰ ਨੇ ਸ਼ਿਕਾਗੋ ਵਿੱਚ ਕਈ ਪੰਜਾਬੀ ਸੱਭਿਆਚਾਰਕ, ਸਿੱਖ ਅਮਰੀਕੀ ਅਤੇ ਏਸ਼ੀਆਈ ਅਮਰੀਕੀ ਮੁੱਖ ਧਾਰਾ ਦੇ ਸਮਾਗਮਾਂ ਦਾ ਆਯੋਜਨ/ਸਰਗਰਮ ਸ਼ਮੂਲੀਅਤ ਕੀਤੀ ਹੈ, ਜਿਸ ਵਿੱਚ 4 ਜੁਲਾਈ ਦੀ ਪਰੇਡ, ਸ਼ਿਕਾਗੋ ਵਿੱਚ ਵਿਸਾਖੀ ਪਰੇਡ, ਖ਼ੂਨਦਾਨ ਮੁਹਿੰਮਾਂ, ਯੁਵਾ ਸੈਮੀਨਾਰ, ਖੇਡ ਉਤਸਵ, ਸ਼ਿਕਾਗੋ ਮਿਲੇਨੀਅਮ ਪਾਰਕ ਓਪਨਿੰਗ ਡੇ ਸਮਾਰੋਹ, ਸਟੇਟ ਸਟ੍ਰੀਟ ਥੈਂਕਸਗਿਵਿੰਗ ਡੇ ਪਰੇਡ ਅਤੇ ਵ੍ਹਾਈਟ ਸੌਕਸ ਪਾਰਕ ਸ਼ਿਕਾਗੋ ਸ਼ਾਮਲ ਹਨ। ਉਹ ਨੇਵੀ ਪੀਅਰ ਵਿੱਚ ਸ਼ਿਕਾਗੋ ਚਿਲਡਰਨ ਮਿਊਜ਼ੀਅਮ ਵਿਖੇ 'ਪਾਸਪੋਰਟ ਟੂ ਦ ਵਰਲਡ' ਕਮੇਟੀ ਦੇ ਸਰਗਰਮ ਮੈਂਬਰ ਵੀ ਰਹੇ। ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਸਨੀ ਕੁਲਾਰ ਨੂੰ ਵਾਸ਼ਿੰਗਟਨ ਡੀ.ਸੀ. ਤੋਂ 'ਰਾਸ਼ਟਰਪਤੀ ਵਾਲੰਟੀਅਰ ਸੇਵਾ ਪੁਰਸਕਾਰ' ਨਾਲ ਵੀ ਸਨਮਾਨਿਤ ਕੀਤਾ ਗਿਆ।




'ਪੰਜਾਬੀ ਪਰਵਾਜ਼ ਨਾਈਟ-2025' ਮੌਕੇ ਹਾਜ਼ਰ ਸਨੀ ਕੁਲਾਰ ਤੇ ਰੌਨੀ ਕੁਲਾਰ

ਯਾਦ ਝਰੋਖਾ

# ਸਨੀ ਕੁਲਾਰ ਅਤੇ ਭਾਈਚਾਰੇ ਪ੍ਰਤੀ ਉਨ੍ਹਾਂ ਦੀ ਸੇਵਾ

ਸਰਵਣ ਸਿੰਘ ਰਾਜੂ (ਬੋਲੀਨਾ)
SamSinghRaju@gmail.com







**"ਵਿਸ਼ਵ ਯੁੱਧਾਂ ਵਿੱਚ ਸਿੱਖਾਂ ਦਾ ਯੋਗਦਾਨ" ਬਾਰੇ ਸੀ.ਟੀ.ਏ. ਬੱਸ 'ਤੇ ਲੱਗੀ ਤਸਵੀਰ ਅਤੇ (ਸੱਜੇ) ਲੈਪਲ ਪਿੰਨ**

ਮੈਂ 1977 ਤੋਂ ਸ਼ਿਕਾਗੋ ਵਿੱਚ ਸਿੱਖ ਭਾਈਚਾਰੇ ਦਾ ਮੈਂਬਰ ਹਾਂ। ਮੈਨੂੰ ਯਕੀਨ ਹੈ ਕਿ ਮਿਡਵੈਸਟ ਵਿੱਚ ਸਿੱਖ/ਪੰਜਾਬੀ ਭਾਈਚਾਰੇ ਦੇ ਹਰ ਮੈਂਬਰ ਨੂੰ ਸਨੀ ਕੁਲਾਰ ਬਾਰੇ ਕੁਝ ਨਾ ਕੁਝ ਯਾਦਾਂ ਹਨ। ਉਹ ਸਭ ਤੋਂ ਮਨਮੋਹਕ ਅਤੇ ਪਿਆਰ ਕਰਨ ਵਾਲਾ ਵਿਅਕਤੀ ਸੀ। ਮਿਡਵੈਸਟ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰਿਆਂ ਲਈ ਉਨ੍ਹਾਂ ਦੀਆਂ ਸੇਵਾਵਾਂ ਅਣਗਿਣਤ ਹਨ। ਸਨੀ ਕੁਲਾਰ ਦੇ ਅਕਾਲ ਚਲਾਣੇ 'ਤੇ ਮੈਂ ਉਨ੍ਹਾਂ ਦੀਆਂ ਕੁਝ ਯਾਦਾਂ ਸਾਂਝੀਆਂ ਕਰਨਾ ਚਾਹੁੰਦਾ ਹਾਂ:

**(1) ਮਈ 2013:** ਸੀ.ਟੀ.ਏ. (ਸ਼ਿਕਾਗੋ ਟ੍ਰਾਂਜ਼ਿਟ ਅਥਾਰਟੀ) ਦੀਆਂ ਅੱਸੀ ਬੱਸਾਂ ਦੇ ਪਿਛਲੇ ਪਾਸੇ ਤੀਹ ਦਿਨਾਂ ਲਈ "ਵਿਸ਼ਵ ਯੁੱਧਾਂ ਵਿੱਚ ਸਿੱਖ ਯੋਗਦਾਨ" ਬਾਰੇ ਤਸਵੀਰ ਪ੍ਰਦਰਸ਼ਿਤ ਕੀਤੀ ਗਈ ਸੀ। ਇਸ ਪ੍ਰੋਜੈਕਟ ਲਈ ਪੈਲਾਟਾਈਨ ਗੁਰਦੁਆਰੇ ਵਿਖੇ ਬੋਰਡ ਮੈਂਬਰ ਹਰਵਿੰਦਰ ਸਿੰਘ ਲੈਲ ਦੀ ਮਦਦ ਨਾਲ ਫੰਡ ਇਕੱਠੇ ਕੀਤੇ ਗਏ ਸਨ।

ਸਨੀ ਸਿੰਘ ਕੁਲਾਰ ਸ਼ਿਕਾਗੋ ਦੇ ਡਾਊਨਟਾਊਨ ਵਿੱਚ ਇੱਕ ਉਚੀ ਇਮਾਰਤ ਵਿੱਚ ਕੰਮ ਕਰ ਰਿਹਾ ਸੀ, ਪਰ ਇੰਨੀ ਉਚੀ ਨਹੀਂ ਕਿ ਉਹ ਸੜਕਾਂ 'ਤੇ ਕੀ ਹੋ ਰਿਹਾ ਹੈ, ਇਹ ਨਾ ਦੇਖ ਸਕਣ। ਮੇਰਾ ਫ਼ੋਨ ਵੱਜ ਰਿਹਾ ਸੀ ਅਤੇ ਮੈਂ ਫ਼ੋਨ ਨਹੀਂ ਚੁੱਕ ਸਕਿਆ, ਕਿਉਂਕਿ ਮੈਂ ਵਾਰਨਵਿਲ, ਇਲੀਨਾਏ ਵਿੱਚ ਐਮਰਸਨ ਨੈੱਟਵਰਕ ਵਿਖੇ ਆਪਣੀ ਇੰਜੀਨੀਅਰਿੰਗ ਟੀਮ ਨਾਲ ਇੱਕ ਮੀਟਿੰਗ ਵਿੱਚ ਸੀ। ਮੀਟਿੰਗ ਤੋਂ ਬਾਅਦ ਮੈਂ ਸਨੀ ਕੁਲਾਰ ਨੂੰ ਫ਼ੋਨ ਕੀਤਾ। ਉਸਦਾ ਉਤਸ਼ਾਹ ਇਸ ਤਰ੍ਹਾਂ ਸੀ, ਮੈਂ ਜਿੰਨਾ ਹੋ ਸਕੇ ਸਮਝਾਉਣ ਦੀ ਕੋਸ਼ਿਸ਼ ਕਰਾਂਗਾ,

ਸੰਨੀ: ਭਾਅ ਜੀ (ਮੈਨੂੰ) ਮੇਰੇ ਸਹਿਕਰਮੀ ਨੇ ਸੀ.ਟੀ.ਏ. ਬੱਸ 'ਤੇ ਡਿਸਪਲੇਅ ਦੇਖਿਆ ਅਤੇ ਮੈਨੂੰ ਕਿਹਾ ਸਨੀ ਆਓ! ਸਨੀ ਆਓ! ਦੇਖੋ ਕਿ ਸੀ.ਟੀ.ਏ. ਬੱਸ 'ਤੇ "ਵਿਸ਼ਵ ਯੁੱਧਾਂ ਵਿੱਚ ਸਿੱਖਾਂ ਦਾ ਯੋਗਦਾਨ" ਦਾ ਬੈਨਰ ਹੈ।

(ਇਸ ਲਈ ਕਿ ਉਸਦੇ ਸਹਿਕਰਮੀ ਨੂੰ ਪਤਾ ਹੋਣਾ ਕਿ ਸਨੀ ਇੱਕ ਸਿੱਖ ਹੈ।)

ਸਰਵਣ: ਡਿਸਪਲੇਅ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਵਾਹਿਗੁਰੂ!

ਸੰਨੀ: ਭਾਅ ਜੀ, ਮੈਂ ਤੁਹਾਨੂੰ ਇਸ ਬਾਰੇ ਹੋਰ ਜਾਣਨ ਲਈ ਕਾਲ ਕਰ ਰਿਹਾਂ। ਮੈਂ ਇਸਨੂੰ ਦੇਖ ਕੇ ਬਹੁਤ ਖੁਸ਼ ਹਾਂ।

(ਫ਼ੋਨ 'ਤੇ ਉਸਦਾ ਪ੍ਰਗਟਾਵਾ ਅਤੇ ਉਤਸ਼ਾਹ ਅਜੇ ਵੀ ਮੇਰੇ ਕੰਨਾਂ ਵਿੱਚ ਗੂੰਜ ਰਿਹਾ ਹੈ। ਸੰਨੀ ਨੇ ਉਤਸੁਕਤਾ ਲਈ ਮੈਨੂੰ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਇਹ ਕਿੰਨੀਆਂ ਬੱਸਾਂ 'ਤੇ ਹੈ ਅਤੇ ਇਹ ਬੱਸਾਂ ਦੇ ਪਿਛਲੇ ਪਾਸੇ ਕਿੰਨਾ ਸਮਾਂ ਰਹੇਗਾ?)

ਸਰਵਣ: ਭਾਅ ਜੀ (ਸੰਨੀ ਨੂੰ) ਮੈਂ ਬਹੁਤ ਖੁਸ਼ ਹਾਂ ਕਿ ਤੁਹਾਨੂੰ ਇਹ ਬਹੁਤ ਪਸੰਦ ਆਇਆ।

ਇਸ ਸਬੰਧੀ ਅਸੀਂ ਲਗਭਗ ਦਸ ਮਿੰਟ ਗੱਲ ਕੀਤੀ। ਮੈਂ ਇਸ ਕਾਲ ਨੂੰ ਕਦੇ ਨਹੀਂ ਭੁੱਲ ਸਕਦਾ, ਕਿਉਂਕਿ ਇਹ ਪੈਲਾਟਾਈਨ ਗੁਰਦੁਆਰੇ ਦੀ ਸੰਗਤ ਦੁਆਰਾ ਇੱਕ ਮੀਲ ਪੱਥਰ ਸੀ।

ਸੰਨੀ: ਭਾਅ ਜੀ (ਮੈਨੂੰ) ਕਿਰਪਾ ਕਰਕੇ ਮੈਨੂੰ ਦੱਸੋ ਕਿ ਮੈਂ ਕਿਵੇਂ ਮਦਦ ਕਰ ਸਕਦਾ ਹਾਂ? ਕਿਸੇ ਫੰਡ ਦੀ ਲੋੜ ਹੈ?

ਸਰਵਣ: ਧੰਨਵਾਦ ਵੀਰ ਜੀ। ਇਸ ਲਈ ਕਿਸੇ ਫੰਡ ਦੀ ਲੋੜ ਨਹੀਂ, ਸਾਰਾ ਪੈਲਾਟਾਈਨ ਗੁਰਦੁਆਰੇ ਦੀ ਸੰਗਤ ਦੁਆਰਾ ਕਵਰ ਕੀਤਾ ਜਾਂਦਾ ਹੈ।

ਸੰਨੀ: ਭਾਅ ਜੀ, ਜਦੋਂ ਤੁਸੀਂ ਅਜਿਹਾ ਪ੍ਰਾਜੈਕਟ ਕਰਦੇ ਹੋ ਤਾਂ ਤੁਹਾਨੂੰ ਮੈਨੂੰ ਜ਼ਰੂਰ ਦੱਸਣਾ ਚਾਹੀਦਾ ਹੈ? ਮੈਨੂੰ ਤੁਹਾਡੇ ਪ੍ਰਾਜੈਕਟ ਬਹੁਤ ਪਸੰਦ ਹਨ।

ਉਸ ਕਾਲ ਤੋਂ ਬਾਅਦ ਜ਼ਿਆਦਾਤਰ ਸਮਾਂ ਜਦੋਂ ਵੀ ਸਨੀ ਮਿਲਦਾ, ਮੇਰੇ ਕੰਨ ਵਿੱਚ ਮੈਨੂੰ ਉਸ ਸੇਵਾ ਦੀ ਮਦਦ ਲਈ ਯਾਦ ਦਿਵਾਉਂਦਾ!

ਸਰਵਣ: ਭਾਅ ਜੀ (ਸੰਨੀ ਨੂੰ) ਟੀਚਾ ਹੈ ਕਿ ਇਸ ਇਸ਼ਤਿਹਾਰ ਨੂੰ ਹਰ ਸਾਲ ਮਈ ਵਿੱਚ ਮੈਮੋਰੀਅਲ ਡੇਅ ਵੀਕਐਂਡ ਦੌਰਾਨ ਸ਼ਿਕਾਗੋ ਵਿੱਚ ਸੀ.ਟੀ.ਏ. ਬੱਸਾਂ 'ਤੇ ਪ੍ਰਦਰਸ਼ਿਤ ਕੀਤਾ ਜਾਵੇ, ਜਿਵੇਂ ਕਿ ਸਾਡੇ ਕੋਲ ਹੁਣ ਹੈ।

ਸੰਨੀ: ਭਾਜੀ (ਮੇਰੇ ਲਈ) ਮੈਨੂੰ ਇਹ ਬਹੁਤ ਪਸੰਦ ਹੈ ਅਤੇ ਮੈਨੂੰ ਵੀ ਇਸ ਵਿੱਚ ਗਿਣ ਲਿਓ।

ਇੱਕ ਦੂਜੇ ਨੂੰ ਸਤਿ ਸ੍ਰੀ ਅਕਾਲ ਆਖਦੇ ਹਾਂ ਅਤੇ ਅਸੀਂ ਫ਼ੋਨ ਬੰਦ ਕਰ ਦਿੰਦੇ ਹਾਂ। ਪਰ ਕਿਸੇ ਕਾਰਨ ਕਰਕੇ ਉਸ ਤੋਂ ਬਾਅਦ ਬੱਸਾਂ 'ਤੇ ਇਸਨੂੰ ਪ੍ਰਦਰਸ਼ਿਤ ਕਰਨ ਦਾ ਦਿਨ ਕਦੇ ਵਾਪਸ ਨਹੀਂ ਆਇਆ।

**(2) ਅਗਸਤ 2019:** ਬਿੱਲ ਐਚ.ਬੀ.2832 ਰਾਹੀਂ ਇਲੀਨਾਏ ਰਾਜ ਵਿੱਚ ਅਪ੍ਰੈਲ ਨੂੰ "ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ" ਵਜੋਂ ਮਨਾਉਣ ਲਈ ਸਿੱਖ ਭਾਈਚਾਰੇ ਲਈ ਇੱਕ ਹੋਰ ਮੀਲ ਪੱਥਰ। ਇਲੀਨਾਏ ਦੇ ਸ਼ਾਮਬਰਗ ਤੋਂ ਰਾਜ ਪ੍ਰਤੀਨਿਧੀ ਮਿਸ਼ੇਲ ਮੁਸਮੈਨ ਨੇ ਬਿੱਲ ਐਚ.ਬੀ.2832 ਅੱਗੇ ਤੋਰਿਆ। ਰਾਜ ਦੇ ਪ੍ਰਤੀਨਿਧੀਆਂ ਅਤੇ ਰਾਜ ਸੈਨੇਟਰਾਂ ਨੇ ਬਿਨਾ ਕਿਸੇ ਵਿਰੋਧ ਦੇ ਇਸ ਬਿੱਲ ਨੂੰ ਪਾਸ ਕਰ ਦਿੱਤਾ। ਇਹ ਉਸ ਸਮੇਂ ਹੋਇਆ, ਜਦੋਂ ਡਾ. ਪ੍ਰਦੀਪ ਸਿੰਘ ਗਿੱਲ ਪੈਲਾਟਾਈਨ ਗੁਰਦੁਆਰੇ ਦੇ ਮੁੱਖ ਸੇਵਾਦਾਰ ਸਨ। ਰਾਜਿੰਦਰ ਬੀਰ ਸਿੰਘ ਮਾਗੋ ਨੇ ਸਿੱਖ ਭਾਈਚਾਰੇ ਵੱਲੋਂ ਬਹੁਤ ਮਿਹਨਤ ਕੀਤੀ। ਗਵਰਨਰ ਜੇ.ਬੀ. ਪ੍ਰਿਟਜ਼ਕਰ ਨੇ 3 ਅਗਸਤ 2019 ਨੂੰ ਗੁਰਦੁਆਰਾ ਪੈਲਾਟਾਈਨ ਦੇ ਨਿਸ਼ਾਨ ਸਾਹਿਬ ਕੋਲ ਇਸ ਬਿੱਲ 'ਤੇ ਦਸਤਖਤ ਕੀਤੇ। ਬਿੱਲ ਜਨਵਰੀ 2020 ਵਿੱਚ ਲਾਗੂ ਹੋਣਾ ਸੀ।

ਕੋਵਿਡ-19 ਸ਼ੁਰੂ ਹੋ ਗਿਆ, ਜਿਸ ਕਾਰਨ ਆਪਣੇ ਗੁਆਂਢੀਆਂ, ਸਹਿਕਰਮੀਆਂ, ਸਕੂਲਾਂ, ਯੂਨੀਵਰਸਿਟੀਆਂ, ਸਥਾਨਕ ਪਿੰਡਾਂ ਅਤੇ ਕਸਬਿਆਂ ਨੂੰ ਅਪ੍ਰੈਲ ਨੂੰ "ਸਿੱਖ ਜਾਗਰੂਕਤਾ ਅਤੇ ਪ੍ਰਸ਼ੰਸਾ ਮਹੀਨਾ" ਬਣਾਉਣ ਬਾਰੇ ਜਾਗਰੂਕ ਕਰਨ ਲਈ ਇਸ ਵੱਡੇ ਪ੍ਰਾਜੈਕਟ 'ਤੇ ਕੰਮ ਨਹੀਂ ਕਰ ਸਕਦੇ ਸਨ। ਅਪ੍ਰੈਲ 2023 ਵਿੱਚ ਸਕੂਲ ਜਾਣ ਵਾਲੇ ਬੱਚਿਆਂ ਨੂੰ "ਲੈਪਲ ਪਿੰਨ" ਦਿੱਤੇ ਗਏ ਤਾਂ ਜੋ ਬੱਚੇ ਇਸਨੂੰ ਕਮੀਜ਼ਾਂ, ਜੈਕਟਾਂ ਜਾਂ ਬੈਕਪੈਕਾਂ ਆਦਿ 'ਤੇ ਪਹਿਨ/ਲਾ ਸਕਣ। ਇਲੀਨਾਏ ਰਾਜ ਵਿੱਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਮੈਂਬਰ ਆਪਣੇ ਗੁਆਂਢੀਆਂ ਅਤੇ ਸਹਿਕਰਮੀਆਂ ਨੂੰ ਇਹ ਪਿਨ ਦੇ ਸਕਦੇ ਹਨ ਤਾਂ ਜੋ ਉਨ੍ਹਾਂ ਨਾਲ ਸਿੱਖ ਪਛਾਣ ਬਾਰੇ ਚੰਗੀ ਗੱਲਬਾਤ ਸ਼ੁਰੂ ਹੋ ਸਕੇ। ਸਨੀ ਨੇ ਇਹ ਦੇਖਿਆ ਅਤੇ ਤੁਰੰਤ ਮੈਨੂੰ ਅਗਲੇ ਸਾਲ ਇਹ ਸੇਵਾ ਕਰਨ ਲਈ ਕਿਹਾ। ਸਨੀ ਅਤੇ ਮੈਂ ਇਸ ਬਾਰੇ ਗੱਲ ਕੀਤੀ ਅਤੇ ਚਰਚਾ ਇਸ ਤਰ੍ਹਾਂ ਸੀ:

ਸਰਵਣ: ਭਾਅ ਜੀ (ਸੰਨੀ ਨੂੰ) ਅਸੀਂ ਇਹ ਪ੍ਰਾਜੈਕਟ ਕਮਿਊਨਿਟੀ ਮੈਂਬਰਾਂ ਨਾਲ ਕਰਦੇ ਹਾਂ। ਇਸਨੂੰ ਕੁਝ ਮੈਂਬਰਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ ਤੇ ਹਰੇਕ ਮੈਂਬਰ ਆਪਣਾ ਹਿੱਸਾ ਪਾਵੇਗਾ ਅਤੇ ਉਹ ਸਾਰੇ ਆਪਣੇ ਫੰਡ ਉਸ ਕੰਪਨੀ ਨੂੰ ਭੇਜਦੇ ਹਨ, ਜੋ ਇਸਨੂੰ ਬਣਾ ਰਹੀ ਹੈ। ਉਹ ਸਾਰੇ ਇਨਵਾਇਸ ਸਾਂਝੀ ਕਰਦੇ ਹਨ; ਪਰ ਇਹ ਕਮਿਊਨਿਟੀ ਵਿੱਚ ਕਿਸੇ ਹੋਰ ਨੂੰ ਨਹੀਂ ਭੇਜੀ ਜਾਂਦੀ। ਹਰੇਕ ਵਿਅਕਤੀ ਕਿੰਨਾ ਯੋਗਦਾਨ ਪਾਉਂਦਾ ਹੈ, ਇਹ ਨਹੀਂ ਦੱਸਿਆ ਜਾਂਦਾ, ਸਿਰਫ ਉਨ੍ਹਾਂ ਦੇ ਨਾਮ ਸਾਂਝੇ ਕੀਤੇ ਜਾਣਗੇ।

ਸੰਨੀ: ਭਾਅ ਜੀ, ਪਿਛਲੇ ਸਾਲ (2023 ਵਿੱਚ) ਇਸਦੀ ਕੀਮਤ ਲਗਭਗ ਕਿੰਨੀ ਸੀ?

ਮੈਂ ਸਨੀ ਨੂੰ ਉਸ ਦੀ ਰਕਮ ਦੱਸ ਦਿੱਤੀ।

ਸੰਨੀ: ਇਹ ਸਾਰੀ ਸੇਵਾ ਮੈਨੂੰ ਦੇ ਦੇਵੋ, ਪਰ ਮੇਰਾ ਨਾਮ ਨਹੀਂ ਕਿੱਤੇ ਆਉਣਾ ਚਾਹੀਦਾ।

ਸਰਵਣ: 'ਡੰਨ!' ਮੈਂ ਉਸਨੂੰ ਵਾਅਦਾ ਕੀਤਾ ਸੀ। ਉਦੋਂ ਤੋਂ ਸਨੀ ਸਿੰਘ ਕੁਲਾਰ ਨੇ ਅਪ੍ਰੈਲ 2024 ਤੇ 2025 ਵਿੱਚ ਲੈਪਲ ਪਿੰਨਾਂ ਲਈ ਭੁਗਤਾਨ ਕੀਤਾ। ਮੈਂ ਉਸਨੂੰ ਵਾਅਦਾ ਕੀਤਾ ਸੀ, ਪਰ ਸਾਡੀ ਟੀਮ ਵਿੱਚ ਤਿੰਨ ਲੋਕ ਇਸ ਬਾਰੇ ਜਾਣਦੇ ਹਨ, ਜੋ ਸਿੱਖ ਪਛਾਣ ਲਈ ਕੰਮ ਕਰਦੇ ਹਨ।

**(3)** ਅਮਰੀਕੀ ਸਿੱਖ ਭਾਈਚਾਰਾ 1992 ਤੋਂ ਸਾਲਵੇਸ਼ਨ ਆਰਮੀ ਵਿਖੇ ਦੁਪਹਿਰ ਦਾ ਖਾਣਾ ਪਰੋਸਣ ਦੀ ਸੇਵਾ ਨਿਭਾਉਂਦਾ ਹੈ। ਇਹ ਸੇਵਾ 2008 ਤੱਕ ਸ਼ਿਕਾਗੋ ਦੇ ਟੌਮ ਸੀ ਸੈਂਟਰ ਵਿਖੇ ਮਹੀਨੇ ਵਿੱਚ ਇੱਕ ਵਾਰ ਤੋਂ ਸ਼ੁਰੂ ਹੋਈ ਸੀ। ਇਹ ਸ਼ਿਕਾਗੋ ਵਿੱਚ ਸਨੀਸਾਈਡ ਅਤੇ ਬ੍ਰਾਡਵੇਅ ਦੇ ਕਰਾਸਿੰਗ 'ਤੇ ਹੁੰਦੀ ਸੀ। ਸਾਲਵੇਸ਼ਨ ਆਰਮੀ ਨੇ 2008 ਵਿੱਚ ਇਮਾਰਤ ਵੇਚ ਦਿੱਤੀ। 2014 ਤੋਂ ਹੁਣ ਤੱਕ ਥੈਂਕਸਗਿਵਿੰਗ ਅਤੇ ਕ੍ਰਿਸਮਸ ਵਾਲੇ ਦਿਨ ਨਵੀਂ ਜਗ੍ਹਾ 'ਤੇ ਸੇਵਾ ਸ਼ੁਰੂ ਹੋਈ। ਸਾਲਵੇਸ਼ਨ ਆਰਮੀ ਦੀ ਮੇਜਰ ਨੈਨਸੀ ਪਾਵਰ ਨੇ ਸਾਨੂੰ 2019 ਵਿੱਚ ਪੈਲਾਟਾਈਨ ਗੁਰਦੁਆਰੇ ਨੂੰ ਲਾਈਫਟਾਈਮ ਅਚੀਵਮੈਂਟ ਅਵਾਰਡ ਦਿੱਤਾ।

ਇਹ ਸੇਵਾ ਕਈ ਕਮਿਊਨਿਟੀ ਮੈਂਬਰਾਂ ਦੁਆਰਾ ਕੀਤੀ ਜਾ ਰਹੀ ਹੈ; ਪਰ ਸਨੀ ਸਿੰਘ ਕੁਲਾਰ (ਕੁਲਾਰ ਪਰਿਵਾਰ) ਸਿੱਖ ਭਾਈਚਾਰੇ ਵੱਲੋਂ ਕ੍ਰਿਸਮਸ ਦੇ ਸਮੇਂ ਕੰਬਲ ਵੰਡਦਾ ਰਿਹਾ ਹੈ। ਮੇਰਾ ਵਿਸ਼ਵਾਸ ਹੈ ਕਿ ਸਿੱਖ ਭਾਈਚਾਰਾ ਤੁਹਾਨੂੰ (ਸਨੀ) ਯਾਦ ਕਰੇਗਾ ਮੇਰੇ ਭਰਾ! ਹੋਰ ਵੀ ਬਹੁਤ ਸਾਰੇ ਲੋਕ ਹਨ, ਜੋ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ ਤੁਹਾਡੇ ਸਮਰਪਣ ਤੇ ਸੇਵਾਵਾਂ ਬਾਰੇ ਆਪਣੇ ਮਨ ਵਿੱਚ ਬਹੁਤ ਕੁਝ ਰੱਖਦੇ ਹਨ।

ਤਰਜ਼-ਏ-ਜ਼ਿੰਦਗੀ

# ਨਿੱਤ ਨਵੇਂ ਰੂਪ ਵਟਾਉਂਦੀ ਜ਼ਿੰਦਗੀ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



ਇੱਕ ਛਾਂਦਾਰ ਰੁੱਖ ਦੇ ਹੇਠ ਗੁਰੂਦੇਵ ਨੇ ਆਪਣੇ ਸ਼ਿਸ਼ਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ ਕਿ ਹਰੇਕ ਮਨੁੱਖ ਨੂੰ ਕਦੇ-ਕਦੇ ਜ਼ਿੰਦਗੀ ਇੱਕ ਨੇਮਤ ਜਾਪਦੀ ਹੈ ਅਤੇ ਕਦੇ-ਕਦੇ ਰੋਜ਼ਮੱਰਾ ਜ਼ਿੰਦਗੀ ਦੇ ਝਮੇਲੇ ਇੱਕ ਅਜ਼ਾਬ ਦੀ ਤਰ੍ਹਾਂ ਦਿਖਾਈ ਦਿੰਦੇ ਹਨ। ਕਦੇ-ਕਦੇ ਜ਼ਿੰਦਗੀ ਖੁਸ਼ਗਵਾਰ ਪਲਾਂ ਦੀ ਯਾਦ ਵਿੱਚ ਪਲਕ ਝਪਕਦਿਆਂ ਬੀਤ ਜਾਂਦੀ ਹੈ ਅਤੇ ਕਦੇ-ਕਦੇ ਤਲਖ਼ ਹਕੀਕਤਾਂ ਤੇ ਅਧੂਰੇ ਸੁਪਨੇ ਜ਼ਿੰਦਗੀ ਦੀਆਂ ਰਾਹਾਂ ਨੂੰ ਦੁਸ਼ਵਾਰ ਬਣਾ ਦਿੰਦੇ ਹਨ। ਕਦੇ-ਕਦੇ ਆਪਣਿਆਂ ਦੇ ਬੇਗ਼ਾਨੇ ਬਣਨ ਦਾ ਹੇਰਵਾ ਮਨੁੱਖ ਦੇ ਅੰਦਰ ਖ਼ਲਲ ਪੈਦਾ ਕਰਦਾ ਹੈ ਅਤੇ ਕਦੇ-ਕਦੇ ਸੱਤ ਬੇਗ਼ਾਨੇ ਵੀ ਸਾਡੀ ਝੋਲੀ ਨੂੰ ਦੁਨੀਆਂ ਭਰ ਦੀਆਂ ਖੁਸ਼ੀਆਂ ਨਾਲ ਭਰ ਦਿੰਦੇ ਹਨ। ਕਦੇ-ਕਦੇ ਜ਼ਿੰਦਗੀ ਦੇ ਕੈਨਵਸ ਉੱਤੇ ਧਨਕ ਦੇ ਸੱਤੇ ਰੰਗ ਬੜੇ ਸਾਫ਼-ਸਾਫ਼ ਨਜ਼ਰ ਆਉਂਦੇ ਹਨ ਅਤੇ ਕਦੇ-ਕਦੇ ਚਾਰ ਚੁਫੇਰੇ ਸਭ ਕੁਝ ਬੜਾ ਗੰਧਲਾ ਤੇ ਧੁੰਦਲਾ ਜਿਹਾ ਦਿਖਾਈ ਦਿੰਦਾ ਹੈ। ਕਦੇ-ਕਦੇ ਜ਼ਿੰਦਗੀ ਸੋਚਾਂ, ਫ਼ਿਕਰਾਂ ਤੇ ਤੌਖਲਿਆਂ ਵਿੱਚ ਉਲਝੀ ਹੋਈ ਨਜ਼ਰ ਆਉਂਦੀ ਹੈ ਅਤੇ ਕਦੇ-ਕਦੇ ਮੰਝਧਾਰ ਵਿੱਚ ਫਸ ਕੇ ਵੀ ਦੂਰ ਦਿਖਾਈ ਦੇ ਰਹੇ ਸਾਹਿਲ ਤੱਕ ਅਪੜਨ ਦੀ ਉਮੀਦ ਅੰਗੜਾਈ ਲੈਂਦੀ ਹੈ।

ਕਦੇ-ਕਦੇ ਇਉਂ ਜਾਪਦਾ ਹੈ ਕਿ ਅਜੇ ਜ਼ਿੰਦਗੀ ਦਾ ਕਰਜ਼ ਚੁਕਾਉਣਾ ਬਾਕੀ ਹੈ ਅਤੇ ਕਦੇ-ਕਦੇ ਇਵੇਂ ਮਹਿਸੂਸ ਹੁੰਦਾ ਜਿਵੇਂ ਅਸੀਂ ਜ਼ਿੰਦਗੀ ਦੀ ਬਾਜ਼ੀ ਜਿੱਤ ਚੁੱਕੇ ਹੋਈਏ। ਕਦੇ-ਕਦੇ ਜ਼ਿੰਦਗੀ ਇੱਕ ਪੇਚੀਦਾ ਤੇ ਗੁੰਝਲਦਾਰ ਬੁਝਾਰਤ ਜਿਹੀ ਪ੍ਰਤੀਤ ਹੁੰਦੀ ਹੈ ਅਤੇ ਕਦੇ-ਕਦੇ ਜ਼ਿੰਦਗੀ ਮਾਂ ਦੀ ਲੋਰੀ ਵਾਂਗੂੰ ਸਕੂਨ ਤੇ ਰਾਹਤ ਦਿੰਦੀ ਸੁਣਾਈ ਦਿੰਦੀ ਹੈ, ਕਦੇ-ਕਦੇ ਜ਼ਿੰਦਗੀ ਇੱਕ ਝੂਠ ਦੇ ਸਹਾਰੇ ਵੀ ਗੁਜ਼ਰ ਜਾਂਦੀ ਹੈ ਅਤੇ ਕਦੇ-ਕਦੇ ਕੌੜੀਆਂ ਸੱਚਾਈਆਂ ਦਾ ਸਾਹਮਣਾ ਕਰਨ ਤੋਂ ਕਤਰਾਉਂਦੇ ਹੋਏ ਸਾਰੀ ਉਮਰ ਬੀਤ ਜਾਂਦੀ ਹੈ, ਕਦੇ-ਕਦੇ ਜ਼ਿੰਦਗੀ ਦੂਜਿਆਂ ਦੇ ਹੰਝੂ ਪੂੰਝਣ ਵਿੱਚ ਗੁਜ਼ਰ ਜਾਂਦੀ ਅਤੇ ਕਦੇ-ਕਦੇ ਜ਼ਿੰਦਗੀ ਬੇਪਰਵਾਹ ਕਹਿਕਹਿਆਂ ਦੀ ਗੂੰਜ ਸੁਣਨ ਨੂੰ ਤਰਸਦਿਆਂ ਲੰਘ ਜਾਂਦੀ ਹੈ, ਕਦੇ-ਕਦੇ ਜ਼ਿੰਦਗੀ ਦਾ ਝੁਕਾਉਣਾ ਵੀ ਕਿਆਮਤ ਵਾਂਗ ਜਾਪਦਾ ਹੈ ਅਤੇ ਕਦੇ-ਕਦੇ ਜ਼ਿੰਦਗੀ ਆਪਣੇ ਮੂਲ ਦੀ ਖੋਜ ਵਿੱਚ ਗੁਜ਼ਰ ਜਾਂਦੀ ਹੈ।

ਗੁਰੂਦੇਵ ਨੇ ਆਪਣੇ ਸ਼ਿਸ਼ਾਂ ਨੂੰ ਹਦਾਇਤ ਕੀਤੀ ਕਿ ਆਪਣੀ ਹਯਾਤੀ ਨੂੰ ਜੇਕਰ ਤੁਸੀਂ ਬਾਮਕਸਦ, ਅਰਥ ਭਰਪੂਰ, ਸਕਾਰਾਤਮਕ ਅਤੇ ਰਚਨਾਤਮਿਕ ਢੰਗ ਨਾਲ ਗੁਜ਼ਾਰਨ ਦਾ ਹੁਨਰ ਸਿੱਖ ਲਵੋ ਤਾਂ ਨਿਸ਼ਚਿਤ ਤੌਰ ਉੱਪਰ ਨਿੱਤ ਨਵੇਂ ਰੂਪ ਵਟਾਉਂਦੀ ਜ਼ਿੰਦਗੀ ਤੁਹਾਨੂੰ ਕਦੇ ਬੋਝਲ ਨਹੀਂ ਜਾਪੇਗੀ। ਜੇਕਰ ਤੁਸੀਂ ਆਪਣੇ ਆਸ-ਪਾਸ ਦੇ ਲੋਕਾਂ ਨਾਲ ਹਾਸਿਆਂ ਤੇ ਖੁਸ਼ੀਆਂ ਦੇ ਵਣਜਾਰੇ ਬਣ ਕੇ ਵਿਚਰਨ ਦੀ ਸਲਾਹੀਅਤ ਹਾਸਲ ਕਰ ਲਵੋ ਤਾਂ ਤੁਸੀਂ ਨਿਰਮੂਲ ਸੋਚਾਂ ਦੇ ਭੰਵਰਜਾਲ ਵਿੱਚ ਫ਼ਸਣ ਤੋਂ ਬਚ ਜਾਉਗੇ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਉੱਤੇ ਰਹਿਮਤਾਂ ਤੇ ਨਿਆਮਤਾਂ ਦੀ ਵਰਖਾ ਹੋਵੇ ਤਾਂ ਪਹਿਲਾਂ ਲੋਕਾਂ ਦੇ ਲਬਾਂ ਉੱਪਰ ਹਲਕੀ ਜਿਹੀ ਮੁਸਕਾਨ ਲਿਆਉਣ ਦਾ ਸਬੱਬ ਬਣੋ। ਜੇਕਰ ਤੁਸੀਂ ਚਾਹੁੰਦੇ ਹੋ ਕਿ ਆਪਣੇ ਆਖ਼ਰੀ ਪਲਾਂ ਵਿੱਚ ਤੁਹਾਨੂੰ ਕੋਈ ਸ਼ਰਮਿੰਦਗੀ ਜਾਂ ਹੇਰਵਾ ਨਾ ਸਤਾਵੇ ਤਾਂ ਜਿਉਂਦੇ ਜੀਅ ਕਦੇ ਮਰਿਆਦਾਵਾਂ ਦੀਆਂ ਲਕੀਰਾਂ ਨੂੰ ਪਾਰ ਕਰਨ ਦਾ ਯਤਨ ਨਾ ਕਰੋ। ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਸੀਂ ਪਾਕ ਦਾਮਨ ਰਹਿੰਦੇ ਹੋਏ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹੋ ਤਾਂ ਕਦੇ ਦੂਜਿਆਂ ਦੇ ਦਾਮਨ ਨੂੰ ਗੰਧਲਾ ਨਾ ਕਰੋ। ਸਦਾ ਮੁਤਮੀਨ ਤੇ ਖੁਸ਼ ਰਹਿੰਦੇ ਹੋਏ ਉਸ ਨਿਰੰਕਾਰ ਦੀ ਰਜ਼ਾ ਵਿੱਚ ਰਾਜੀ ਰਹਿਣ ਦਾ ਗੁਰ ਸਿੱਖੋ। ਦੂਜਿਆਂ ਨੂੰ ਉਨ੍ਹਾਂ ਦੇ ਐਬ ਗਿਣਾਉਣ ਤੋਂ ਪਹਿਲਾਂ ਆਪਣੇ ਗੁਨਾਹਾਂ ਦੀ ਫ਼ਹਿਰਿਸਤ ਆਪਣੇ ਸਾਹਮਣੇ ਰੱਖੋ ਅਤੇ ਦੂਸਰਿਆਂ ਨੂੰ ਖ਼ੁਦ ਤੋਂ ਕਮਤਰ ਸਮਝਣ ਦੀ ਭੁੱਲ ਨਾ ਕਰੋ। ਇਸ ਸੱਚਾਈ ਤੋਂ ਕਦੇ ਮੁਨਕਰ ਨਾ ਹੋਵੋ ਕਿ ਇਸ ਕਾਇਨਾਤ ਅੰਦਰ ਤੁਹਾਡੀ ਹਸਤੀ ਇੱਕ ਅਦਨਾ ਜਿਹੇ ਜ਼ੱਰੇ ਤੋਂ ਵੀ ਹਕੀਰ ਹੈ।

ਗੁਰੂਦੇਵ ਨੇ ਇਹ ਵੀ ਫ਼ੁਰਮਾਇਆ ਕਿ ਆਪਣੀ ਸੋਚ ਤੇ ਆਪਣੇ ਅਮਲਾਂ ਉੱਪਰ ਸਮੇਂ-ਸਮੇਂ 'ਤੇ ਗੌਰ ਕਰਦੇ ਰਿਹਾ ਕਰੋ ਅਤੇ ਲੋੜ ਅਨੁਸਾਰ ਇਨ੍ਹਾਂ ਨੂੰ ਦਰੁਸਤ ਕਰਿਆ ਕਰੋ। ਜਦੋਂ ਤੁਸੀਂ ਸੌੜੀ ਸੋਚ ਦੇ ਧਾਰਨੀ ਬਣ ਕੇ ਵਿਚਰਦੇ ਹੋ ਤਾਂ ਉਸ ਸਮੇਂ ਤੁਸੀਂ ਕੇਵਲ ਆਪਣੇ ਨੁਕਤਾ-ਏ-ਨਿਗਾਹ ਨੂੰ ਠੀਕ ਸਾਬਤ ਕਰਦਿਆਂ ਦੂਸਰਿਆਂ ਦੇ ਜ਼ਾਵੀਏ ਨੂੰ ਮੁੱਢੋਂ ਹੀ ਸਮਝਣ ਤੋਂ ਮੁਨਕਰ ਹੋ ਜਾਂਦੇ ਹੋ। ਇਸ ਸਭ ਦੇ ਨਤੀਜੇ ਵਜੋਂ ਮਨੁੱਖ ਆਪਣੇ ਇਰਦ-ਗਿਰਦ ਦੇ ਲੋਕਾਂ ਨੂੰ ਅਤੇ ਆਪਣੇ ਆਸ-ਪਾਸ ਦੇ ਵਰਤਾਰਿਆਂ ਨੂੰ ਹਮੇਸ਼ਾ ਕੋਸਦਾ



ਰਹਿੰਦਾ ਹੈ ਅਤੇ ਰੱਬ ਦੇ ਰੰਗਾਂ ਨੂੰ ਮਾਨਣ ਦੀ ਬਜਾਏ ਆਪਣੇ ਮਨ ਦੇ ਵਲਵਲਿਆਂ ਵਿੱਚ ਉਲਝ ਕੇ ਜ਼ਿੰਦਗੀ ਨੂੰ ਬੇਮਕਸਦ ਗੁਜ਼ਾਰਦਾ ਹੈ। ਗੁਰੂਦੇਵ ਨੇ ਆਪਣੇ ਸ਼ਿੱਸ਼ਾਂ ਨੂੰ ਸਮਝਾਉਂਦੇ ਹੋਏ ਫ਼ੁਰਮਾਇਆ ਕਿ ਜਿਥੋਂ ਤੱਕ ਸੰਭਵ ਹੋ ਸਕੇ ਇਲਮ ਹਾਸਲ ਕਰੋ, ਜ਼ਿੰਦਗੀ ਦੀਆਂ ਗੁੱਝੀਆਂ ਰਮਜ਼ਾਂ ਨੂੰ ਪਹਿਲਾਂ ਸਮਝਣ ਦਾ ਯਤਨ ਕਰੋ, ਆਪਣੇ ਤਜਰਬਿਆਂ ਦੇ ਜ਼ਖੀਰੇ ਨੂੰ ਅਮੀਰ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰੋ ਅਤੇ ਹਰ ਅਜ਼ਮਾਇਸ਼ ਨੂੰ ਕੁਝ ਨਵਾਂ ਸਿੱਖਣ ਦੇ ਇੱਕ ਬੇਸ਼ਕੀਮਤੀ ਅਵਸਰ ਵਿੱਚ ਪਰਿਵਰਤਿਤ ਕਰੋ।

ਗੁਰੂਦੇਵ ਨੇ ਅਖੀਰ ਵਿੱਚ ਆਪਣੇ ਸ਼ਿਸ਼ਾਂ ਨੂੰ ਫ਼ੁਰਮਾਇਆ ਕਿ ਯਾਦ ਰੱਖੋ ਕਿ ਸਮਾਂ ਪਰਿਵਰਤਨਸ਼ੀਲ ਹੈ। ਪ੍ਰਸਥਿਤੀਆਂ ਹਮੇਸ਼ਾ ਇੱਕੋ ਜਿਹੀਆਂ ਨਹੀਂ ਰਹਿੰਦੀਆਂ, ਚੰਗੇ-ਮਾੜੇ ਹਾਲਾਤ ਰੁੱਤਾਂ ਵਾਂਗ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਮਨੁੱਖ ਦੀ ਸੋਚ ਵੀ ਬਦਲਦਿਆਂ ਦੇਰ ਨਹੀਂ ਲੱਗਦੀ ਹੈ। ਲਿਹਾਜ਼ਾ ਹਾਲਾਤ ਦੇ ਬਦਲਣ ਦਾ ਕਦੇ ਹਿਰਖ ਨਾਲ ਕਰੋ, ਹਮੇਸ਼ਾ ਖ਼ੁਦ ਨੂੰ ਹਰ ਪ੍ਰਸਥਿਤੀ ਦਾ ਸਾਹਮਣਾ ਕਰਨ ਲਈ ਤਿਆਰ ਰੱਖੋ ਅਤੇ ਹਰ ਪਲ ਆਪਣੇ ਸੋਹਣੇ ਰੱਬ ਦੀ ਰਜ਼ਾ ਵਿੱਚ ਜ਼ਿੰਦਗੀ ਦੇ ਬਦਲਦੇ ਰੰਗਾਂ ਨੂੰ ਮਾਨਣ ਦਾ ਉਪਰਾਲਾ ਕਰਿਆ ਕਰੋ। ਇੱਕ ਗੱਲ ਨੂੰ ਹਮੇਸ਼ਾ ਆਪਣੇ ਜ਼ਿਹਨ ਵਿੱਚ ਰੱਖੋ ਕਿ ਆਪਣੀ ਜ਼ਿੰਦਗੀ ਨਾਲ ਗਿਲੇ-ਸ਼ਿਕਵੇ ਕਰਦਿਆਂ ਬੰਦੇ ਦਾ ਬੇੜਾ ਕਦੇ ਪਾਰ ਨਹੀਂ ਲੰਘਦਾ ਹੈ। ਆਪਣੇ ਵਿੱਚ ਇੰਨੀ ਕੁ ਕੁੱਵਤ ਪੈਦਾ ਕਰੋ ਕਿ ਤੁਸੀਂ ਦਰਿਆ ਦੇ ਵਹਿਣ ਦੇ ਰੁਖ ਨੂੰ ਬਦਲ ਸਕੋ ਅਤੇ ਜੇਕਰ ਅਜੇ ਤੱਕ ਤੁਹਾਡੇ ਵਿੱਚ ਦਰਿਆ ਦੇ ਵਹਾਉ ਨੂੰ ਬਦਲਣ ਦਾ ਹੌਸਲਾ ਨਹੀਂ ਤਾਂ ਦਰਿਆ ਦੇ ਕੰਢੇ ਖੜ੍ਹੇ ਹੋ ਕੇ ਦਰਿਆ ਨੂੰ ਕੋਸਣ ਦੀ ਬਜਾਏ ਪਾਣੀ ਦੇ ਵਹਾਉ ਨਾਲ ਇੰਨੀ ਕੁ ਦੂਰ ਤੱਕ ਵਹਿਣ ਦਾ ਹੌਸਲਾ ਜ਼ਰੂਰ ਰੱਖੋ ਕਿ ਜਿੱਥੋਂ ਤੁਸੀਂ ਦਰਿਆ ਦਾ ਰੁਖ਼ ਮੋੜਨ ਦੀ ਤਾਕਤ ਹਾਸਲ ਕਰ ਸਕੋ। ਇਹ ਵੀ ਯਾਦ ਰੱਖਿਓ ਕਿ ਸਬਰ, ਸਿਰੜ ਤੇ ਸਿਦਕ ਜ਼ਿੰਦਗੀ ਵਿੱਚ ਮਨੁੱਖ ਨੂੰ ਕਦੇ ਵੀ ਹਾਰਨ ਨਹੀਂ ਦਿੰਦੇ ਅਤੇ ਉਤਾਵਲੇ ਤੇ ਉਲਾਰੂ ਸੁਭਾਅ ਵਾਲੇ ਲੋਕ ਕਦੇ ਵੀ ਆਪਣੀ ਮੰਜ਼ਿਲ ਉੱਪਰ ਨਹੀਂ ਪਹੁੰਚ ਸਕਦੇ ਹਨ। ਦਰਅਸਲ ਜਦੋਂ ਤੁਸੀਂ ਬਾਹਰ ਦੇ ਸ਼ੋਰ ਨੂੰ ਆਪਣੇ ਅੰਦਰ ਪ੍ਰਵੇਸ਼ ਕਰਨ ਦੀ ਖੁੱਲ੍ਹ ਦਿੰਦੇ ਹੋ ਤਾਂ ਤੁਸੀਂ ਆਪਣੇ ਵਿਚਲਿਤ ਮਨ ਹੱਥੋਂ ਮਜਬੂਰ ਹੋ ਕੇ ਆਪਣੇ ਹੱਥੀਂ ਆਪਣੇ ਅੰਦਰ ਵੱਸੇ ਸਹਿਜ ਨੂੰ ਗਵਾ ਦਿੰਦੇ ਹੋ। ਜ਼ਿੰਦਗੀ ਦੇ ਸਾਰੇ ਰੰਗਾਂ ਨੂੰ ਮਾਣਦਿਆਂ ਆਪਣੀ ਸੋਚ ਦਾਇਰਿਆਂ ਨੂੰ ਵਸੀਹ ਬਣਾਉਣ ਦਾ ਯਤਨ ਕਰੋ ਤਾਂ ਜੋ ਕੋਈ ਵੀ ਵਰਤਾਰਾ ਅਤੇ ਕਿਸੇ ਦਾ ਕੋਈ ਕਥਨ ਜਾਂ ਵਿਹਾਰ ਤੁਹਾਨੂੰ ਧੁਰ ਅੰਦਰੋਂ ਕਦੇ ਪ੍ਰੇਸ਼ਾਨ ਨਾ ਕਰੇ।

## ਸਰਹੱਦ ਤੋਂ ਖੇਡ ਮੈਦਾਨ ਤੱਕ

# ਭਾਰਤ-ਪਾਕਿਸਤਾਨ ਕ੍ਰਿਕਟ ਬਨਾਮ ਆਪ੍ਰੇਸ਼ਨ ਸਿੰਦੂਰ!


ਪੰਜਾਬੀ ਪਰਵਾਜ਼ ਬਿਊਰੋ

ਏਸ਼ੀਆ ਕੱਪ 2025, ਜੋ 28 ਸਤੰਬਰ ਨੂੰ ਦੁਬਈ ਵਿੱਚ ਖੇਡਿਆ ਗਿਆ, ਦੇ ਬੇਹੱਦ ਰੁਮਾਂਚਕ ਫਾਈਨਲ ਵਿੱਚ ਭਾਰਤ ਨੇ ਪਾਕਿਸਤਾਨ ਨੂੰ ਪੰਜ ਵਿਕਟਾਂ ਨਾਲ ਹਰਾ ਕੇ ਟਰਾਫ਼ੀ ਜਿੱਤ ਲਈ। ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 19.1 ਓਵਰਾਂ ਵਿੱਚ 146 ਦੌੜਾਂ ਬਣਾਈਆਂ, ਜਦਕਿ ਭਾਰਤ ਨੇ 19.4 ਓਵਰਾਂ ਵਿੱਚ 150 ਦੌੜਾਂ ਬਣਾ ਕੇ ਟੀਚਾ ਹਾਸਲ ਕਰ ਲਿਆ। ਇਹ ਜਿੱਤ ਨਾ ਸਿਰਫ਼ ਕ੍ਰਿਕਟ ਪ੍ਰੇਮੀਆਂ ਲਈ ਖੁਸ਼ੀ ਦਾ ਕਾਰਨ ਬਣੀ, ਸਗੋਂ ਇਹ ਤਿੱਖੇ ਰਾਜਨੀਤਿਕ ਤੇਵਰਾਂ ਦਾ ਵੀ ਕੇਂਦਰ ਬਣ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਕੇਂਦਰੀ ਮੰਤਰੀਆਂ ਅਤੇ ਖਿਡਾਰੀਆਂ ਤੱਕ, ਸਭ ਨੇ ਇਸ ਜਿੱਤ ਨੂੰ ਕੌਮੀ ਗੌਰਵ ਨਾਲ ਜੋੜ ਦਿੱਤਾ, ਪਰ ਇਸ ਨੇ ਵੀ ਵਿਵਾਦਾਂ ਨੂੰ ਜਨਮ ਦਿੱਤਾ। ਖ਼ਾਸ ਕਰ ਕੇ ਟਰਾਫ਼ੀ ਦੇਣ ਮੌਕੇ ਵਾਪਰੀ ਘਟਨਾ ਨੇ ਭਾਰਤ-ਪਾਕਿ ਤਣਾਅ ਨੂੰ ਹੋਰ ਗਹਿਰਾ ਕਰ ਦਿੱਤਾ।

ਮੈਚ ਦੀਆਂ ਦਿਲਚਸਪ ਘਟਨਾਵਾਂ ਨੂੰ ਵੇਖੀਏ ਤਾਂ ਪਾਕਿਸਤਾਨ ਦੀ ਟੀਮ ਨੇ ਵਧੀਆ ਸ਼ੁਰੂਆਤ ਕੀਤੀ। ਸਾਹਿਬਜ਼ਾਦਾ ਫ਼ਰਹਾਨ ਨੇ 20 ਗੇਂਦਾਂ 'ਤੇ 23 ਦੌੜਾਂ ਅਤੇ ਸਾਈਮ ਅਯੂਬ ਨੇ 8 ਗੇਂਦਾਂ 'ਤੇ 13 ਦੌੜਾਂ ਬਣਾਈਆਂ, ਪਰ ਭਾਰਤੀ ਗੇਂਦਬਾਜ਼ਾਂ ਨੇ ਤੇਜ਼ੀ ਨਾਲ ਵਾਪਸੀ ਕੀਤੀ। ਜਸਪ੍ਰੀਤ ਬੁਮਰਾਹ ਅਤੇ ਹਰਸ਼ਿਤ ਰਾਣਾ ਨੇ ਮਹੱਤਵਪੂਰਨ ਵਿਕਟਾਂ ਲਈਆਂ, ਜਿਸ ਨਾਲ ਪਾਕਿਸਤਾਨ 146 ਦੌੜਾਂ 'ਤੇ ਆਲਆਊਟ ਹੋ ਗਿਆ। ਭਾਰਤੀ ਪਾਰੀ ਵਿੱਚ ਤਿਲਕ ਵਰਮਾ ਨੇ ਨਾਬਾਦ ਰਹਿੰਦਿਆਂ 53 ਗੇਂਦਾਂ 'ਤੇ 69 ਦੌੜਾਂ ਦੀ ਖੂਬਸੂਰਤ ਪਾਰੀ ਖੇਡੀ, ਜੋ ਮੈਚ ਵਿੱਚ ਉਨ੍ਹਾਂ ਨੂੰ ਪਲੇਅਰ ਆਫ਼ ਦਿ ਮੈਚ ਬਣਾਉਣ ਵਾਲੀ ਸਾਬਿਤ ਹੋਈ। ਅਭਿਸ਼ੇਕ ਸ਼ਰਮਾ ਨੂੰ ਟੂਰਨਾਮੈਂਟ ਦਾ ਸਭ ਤੋਂ ਵਧੀਆ ਖਿਡਾਰੀ ਐਲਾਨਿਆ ਗਿਆ, ਜਿਨ੍ਹਾਂ ਨੇ 7 ਮੈਚਾਂ ਵਿੱਚ 314 ਦੌੜਾਂ ਬਣਾਈਆਂ, ਔਸਤ 44.85 ਅਤੇ ਸਟ੍ਰਾਈਕ ਰੇਟ 150 ਤੋਂ ਵੱਧ ਨਾਲ। ਰਿੰਕੂ ਸਿੰਘ ਨੇ ਵੀ ਆਖ਼ਰੀ ਓਵਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਹ ਜਿੱਤ ਭਾਰਤ ਲਈ ਏਸ਼ੀਆ ਕੱਪ ਦਾ ਚੌਥਾ ਖਿਤਾਬ ਲਿਆਉਣ ਵਾਲੀ ਸੀ, ਜੋ ਉਨ੍ਹਾਂ ਦੀ ਟੀ-20 ਕ੍ਰਿਕਟ ਵਿੱਚ ਬਹੁਤ ਵਧੀਆ ਫਾਰਮ ਨੂੰ ਦਰਸਾਉਂਦੀ ਹੈ।

ਪਰ ਜਿੱਤ ਦੀ ਖੁਸ਼ੀ ਟਰਾਫ਼ੀ ਦੇਣ ਸਮੇਂ ਧੁੰਦਲਾ ਗਈ। ਭਾਰਤੀ ਕਪਤਾਨ ਸੂਰਿਆਕੁਮਾਰ ਯਾਦਵ ਨੇ ਟਰਾਫ਼ੀ ਲੈਣ ਤੋਂ ਇਨਕਾਰ ਕਰ ਦਿੱਤਾ, ਕਾਰਨ ਏਸ਼ੀਆਈ ਕ੍ਰਿਕਟ ਕੌਂਸਲ (ਏ.ਸੀ.ਸੀ.) ਅਤੇ ਪਾਕਿਸਤਾਨ ਕ੍ਰਿਕਟ ਬੋਰਡ (ਪੀ.ਸੀ.ਬੀ.) ਦੇ ਚੇਅਰਮੈਨ ਮੋਹਿਸਿਨ ਨਕਵੀ ਦੀ ਮੌਜੂਦਗੀ ਸੀ। ਨਕਵੀ, ਜੋ ਪਾਕਿਸਤਾਨ ਦੇ ਇੰਟੀਰੀਅਰ ਮੰਤਰੀ ਵੀ ਹਨ, ਨੂੰ ਭਾਰਤ ਵੱਲੋਂ ਅਤਿਵਾਦ ਨਾਲ ਜੋੜਿਆ ਜਾਂਦਾ ਹੈ। ਬੀ.ਸੀ.ਸੀ.ਆਈ. ਸਕੱਤਰ ਦੇਵਜੀਤ ਸੈਕੀਆ ਨੇ ਏ.ਐਨ.ਆਈ. ਨੂੰ ਦੱਸਿਆ, "ਅਸੀਂ ਟਰਾਫ਼ੀ ਨਾ ਲੈਣ ਦਾ ਫ਼ੈਸਲਾ ਕੀਤਾ, ਪਰ ਇਸਦਾ ਅਰਥ ਇਹ ਨਹੀਂ ਕਿ ਉਹ ਟਰਾਫ਼ੀ ਅਤੇ ਮੈਡਲ ਆਪਣੇ ਨਾਲ ਲੈ ਜਾ ਸਕਦੇ ਹਨ। ਇਹ ਬਹੁਤ ਹੀ ਦੁਖ਼ਦਾਈ ਹੈ ਅਤੇ ਅਸੀਂ ਉਮੀਦ ਕਰਦੇ ਹਾਂ ਕਿ ਉਹ ਜਲਦੀ ਭਾਰਤ ਨੂੰ ਵਾਪਸ ਭੇਜ ਦੇਣਗੇ।"

ਨਕਵੀ ਟਰਾਫ਼ੀ ਆਪਣੇ ਹੋਟਲ ਲੈ ਗਏ, ਜਿਸ ਨੇ ਵਿਵਾਦ ਨੂੰ ਹੋਰ ਭੜਕਾ ਦਿੱਤਾ। ਪਾਕਿਸਤਾਨ ਵਿੱਚ ਨਕਵੀ ਨੂੰ ਇਸ 'ਹਿੰਮਤ' ਲਈ ਕੌਮੀ ਐਵਾਰਡ ਨਾਲ ਸਨਮਾਨਿਤ ਕੀਤੇ ਜਾਣ ਦੀਆਂ ਗੱਲਾਂ ਹੋਣ ਲੱਗੀਆਂ।






ਇਸੇ ਦੌਰਾਨ ਟੂਰਨਾਮੈਂਟ ਭਰ ਵਿੱਚ ਭਾਰਤੀ ਖਿਡਾਰੀਆਂ ਨੇ ਪਾਕਿਸਤਾਨੀ ਖਿਡਾਰੀਆਂ ਨਾਲ ਹੱਥ ਨਾ ਮਿਲਾਉਣ ਦਾ ਫ਼ੈਸਲਾ ਲਿਆ ਹੋਇਆ ਸੀ, ਜੋ ਸਿਆਸੀ ਤਣਾਅ ਦਾ ਪ੍ਰਤੀਬਿੰਬ ਸੀ। ਇਹ ਸਭ ਪਹਿਲਗਾਮ ਅਤਿਵਾਦੀ ਹਮਲੇ ਅਤੇ ਆਪ੍ਰੇਸ਼ਨ ਸਿੰਦੂਰ ਦੇ ਪਿਛੋਕੜ ਵਿੱਚ ਵਾਪਰ ਰਿਹਾ ਸੀ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਪਾਕਿਸਤਾਨ ਆਧਾਰਤ ਅਤਿਵਾਦੀ ਸੰਸਥਾ 'ਦਿ ਰੈਜ਼ਿਸਟੈਂਸ ਫਰੰਟ' (ਟੀ.ਆਰ.ਐਫ.) ਨੇ 26 ਨਾਗਰਿਕਾਂ ਨੂੰ ਮਾਰਨ ਵਾਲਾ ਹਮਲਾ ਕੀਤਾ। ਇਸ ਦੇ ਜਵਾਬ ਵਿੱਚ ਭਾਰਤ ਨੇ 6-7 ਮਈ ਨੂੰ ਆਪ੍ਰੇਸ਼ਨ ਸਿੰਦੂਰ ਛੇੜਿਆ, ਜਿਸ ਵਿੱਚ ਪਾਕਿਸਤਾਨ ਅੰਦਰ 9 ਅਤਿਵਾਦੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਵਿੱਚ 100 ਤੋਂ ਵੱਧ ਅਤਿਵਾਦੀ ਮਾਰੇ ਗਏ ਅਤੇ 4-5 ਐਫ-16 ਜਹਾਜ਼ ਜ਼ਮੀਨ 'ਤੇ ਨਸ਼ਟ ਕੀਤੇ ਗਏ। ਭਾਰਤ ਨੇ ਸਪੱਸ਼ਟ ਕੀਤਾ ਕਿ ਪਾਕਿਸਤਾਨੀ ਫੌਜੀ ਟਿਕਾਣਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ, ਪਰ ਇਹ ਕਾਰਵਾਈ ਅਤਿਵਾਦ ਵਿਰੁੱਧ ਸਖ਼ਤ ਸੰਦੇਸ਼ ਸੀ।

ਇੰਡੀਅਨ ਏਅਰ ਫੋਰਸ ਚੀਫ਼ ਏ.ਪੀ. ਸਿੰਘ ਨੇ ਹਾਲ ਹੀ ਵਿੱਚ ਕਿਹਾ ਕਿ ਪਾਕਿਸਤਾਨ ਅਤਿਵਾਦੀ ਟੀਚਿਆਂ ਨੂੰ ਬਦਲ ਰਿਹਾ ਹੈ, ਪਰ ਅਸੀਂ ਉਨ੍ਹਾਂ ਨੂੰ ਕਿਤੇ ਵੀ ਮਾਰਾਂਗੇ। ਆਰਮੀ ਚੀਫ਼ ਜਨਰਲ ਉਪਿੰਦਰ ਦੁਵੇਦੀ ਨੇ ਵੀ ਚੇਤਾਵਨੀ ਦਿੱਤੀ ਕਿ ਅਗਲੀ ਵਾਰ ਕੋਈ ਸੰਜਮ ਨਹੀਂ, ਪਾਕਿਸਤਾਨ ਨੂੰ ਨਕਸ਼ੇ ਤੋਂ ਮਿਟਾ ਦਿੱਤਾ ਜਾਵੇਗਾ।

ਇਸ ਬੈਕਡ੍ਰਾਪ ਵਿੱਚ ਭਾਰਤੀ ਸਿਆਸਤਦਾਨਾਂ ਵੱਲੋਂ ਜਿੱਤ ਨੂੰ ਆਪ੍ਰੇਸ਼ਨ ਸਿੰਦੂਰ ਨਾਲ ਜੋੜਨਾ ਵਿਵਾਦ ਨੂੰ ਹੋਰ ਭੜਕਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਕਸ 'ਤੇ ਲਿਖਿਆ, "ਖੇਡਾਂ ਦੇ ਮੈਦਾਨ 'ਤੇ ਆਪ੍ਰੇਸ਼ਨ ਸਿੰਦੂਰ। ਨਤੀਜਾ ਉਹੀ ਹੈ - ਭਾਰਤ ਜਿੱਤ ਗਿਆ! ਸਾਡੇ ਕ੍ਰਿਕਟਰਾਂ ਨੂੰ ਵਧਾਈ।" ਇਸ ਨੂੰ ਬਹੁਤੇ ਲੋਕਾਂ ਨੇ ਅਸੰਵੇਦਨਸ਼ੀਲ ਮੰਨਿਆ। ਐਕਸ 'ਤੇ ਇੱਕ ਯੂਜ਼ਰ ਨੇ ਲਿਖਿਆ, "ਕ੍ਰਿਕਟ ਜਿੱਤ ਨੂੰ ਆਪ੍ਰੇਸ਼ਨ ਸਿੰਦੂਰ ਦੇ ਬਰਾਬਰ ਠਹਿਰਾਉਣਾ ਫ਼ੌਜੀਆਂ ਦੇ ਬਲੀਦਾਨ ਨੂੰ ਅਪਮਾਨਿਤ ਕਰਨ ਵਾਲਾ ਹੈ।" 'ਸਨਾਤਨ ਧਰਮ' ਅਕਾਊਂਟ ਨੇ ਕਿਹਾ, "ਮੋਦੀ ਜੀ, ਕਿਰਪਾ ਕਰ ਕੇ ਆਪ੍ਰੇਸ਼ਨ ਸਿੰਦੂਰ ਵਰਗੇ ਫ਼ੌਜੀ ਅਮਲ ਨੂੰ ਕ੍ਰਿਕਟ ਨਾਲ ਨਾ ਜੋੜੋ। ਕੌਮੀ ਸੁਰੱਖਿਆ ਖੇਡਾਂ ਦਾ ਰੂਪਕ ਨਹੀਂ।" ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਟਵੀਟ ਕੀਤਾ, "ਅਸਾਧਾਰਨ ਜਿੱਤ। ਸਾਡੇ ਜਵਾਨਾਂ ਦੀ ਜ਼ੋਰਦਾਰ ਊਰਜਾ ਨੇ ਵਿਰੋਧੀਆਂ ਨੂੰ ਫਿਰ ਧੂੜ ਚਟਾ ਦਿੱਤੀ। ਭਾਰਤ ਦੀ ਜਿੱਤ ਨਿਰਧਾਰਿਤ ਹੈ, ਚਾਹੇ ਕੋਈ ਵੀ ਮੈਦਾਨ ਹੋਵੇ।" ਕੇਂਦਰੀ ਮੰਤਰੀ ਕਿਰਨ ਰਿਜਿਜੂ ਨੇ ਬੁਮਰਾਹ ਦੇ ਐਕਸ਼ਨ ਦੀ ਤਸਵੀਰ ਨਾਲ ਮੁੱਕੇ ਵਾਲਾ ਇਮੋਜੀ ਸਾਂਝਾ ਕਰਦੇ ਹੋਏ ਲਿਖਿਆ, "ਪਾਕਿਸਤਾਨ ਅਜਿਹੀ ਹੀ ਸਜ਼ਾ ਦਾ ਹੱਕਦਾਰ ਹੈ।"

ਪਾਕਿਸਤਾਨ ਵੱਲੋਂ ਵੀ ਜਵਾਬ ਆਉਣ ਲੱਗੇ। ਮੋਹਿਸਿਨ ਨਕਵੀ ਨੇ ਐਕਸ 'ਤੇ ਲਿਖਿਆ, "ਜੇਕਰ ਯੁੱਧ ਤੁਹਾਡੇ ਗੌਰਵ ਦਾ ਮਾਪਦੰਡ ਸੀ, ਤਾਂ ਇਤਿਹਾਸ ਪਹਿਲਾਂ ਹੀ ਪਾਕਿਸਤਾਨ ਤੋਂ ਤੁਹਾਡੀ ਅਪਮਾਨਜਨਕ ਹਾਰ ਨੂੰ ਰਿਕਾਰਡ ਕਰ ਚੁੱਕਾ ਹੈ। ਕੋਈ ਵੀ ਕ੍ਰਿਕਟ ਮੈਚ ਉਸ ਸੱਚ ਨੂੰ ਨਹੀਂ ਬਦਲ ਸਕਦਾ। ਯੁੱਧ ਨੂੰ ਖੇਡ ਵਿੱਚ ਘਸੀਟਣਾ ਸਿਰਫ਼ ਨਿਰਾਸ਼ਾ ਨੂੰ ਉਜਾਗਰ ਕਰਦਾ ਹੈ ਅਤੇ ਖੇਡ ਭਾਵਨਾ ਦਾ ਅਪਮਾਨ ਕਰਦਾ ਹੈ।" ਸਾਬਕਾ ਪਾਕਿਸਤਾਨੀ ਕ੍ਰਿਕਟਰ ਕਾਮਰਾਨ ਅੱਕਮਲ ਨੇ ਲਿਖਿਆ ਕਿ "ਭਵਿੱਖ ਵਿੱਚ ਭਾਰਤ ਵਿਰੁੱਧ ਨਾ ਖੇਡੋ।"

ਇਸ ਵਿਵਾਦ ਨੇ ਵਿਸ਼ਵ ਪੱਧਰ 'ਤੇ ਵੀ ਚਰਚਾ ਛੇੜ ਦਿੱਤੀ। ਸਾਬਕਾ ਦੱਖਣੀ ਅਫ਼ਰੀਕੀ ਕ੍ਰਿਕਟਰ ਏਬੀ ਡੀ ਵਿਲੀਅਰਜ਼ ਨੇ ਕਿਹਾ, "ਰਾਜਨੀਤੀ ਨੂੰ ਖੇਡਾਂ ਤੋਂ ਦੂਰ ਰੱਖੋ। ਟੀਮ ਇੰਡੀਆ ਨੂੰ ਟਰਾਫ਼ੀ ਦੇਣ ਵਾਲੇ ਨਾਲ ਅਸੰਤੁਸ਼ਟ ਹੋਣਾ ਠੀਕ ਨਹੀਂ।" ਭਾਰਤੀ ਕ੍ਰਿਕਟ ਲੇਜੈਂਡ ਕਪਿਲ ਦੇਵ ਨੇ ਨਾਰਾਜ਼ਗੀ ਜ਼ਾਹਰ ਕੀਤੀ, "ਖੇਡਾਂ ਨੂੰ ਰਾਜਨੀਤੀ ਨਾਲ ਨਾ ਜੋੜੋ।" 'ਦ ਵਾਇਰ' ਲਈ ਲਿਖੇ ਇੱਕ ਵਿਸ਼ਲੇਸ਼ਣ ਵਿੱਚ ਸਰਯੂ ਪਾਣੀ ਨੇ ਕਿਹਾ, "ਕ੍ਰਿਕਟ ਨੂੰ ਪਾਕਿਸਤਾਨ ਵਿਰੁੱਧ ਯੁੱਧ ਦੇ ਫ਼ਰਜ਼ੀ ਰੂਪ ਵਿੱਚ ਬਦਲ ਕੇ, ਬੀ.ਸੀ.ਸੀ.ਆਈ. ਨੇ ਇਸ ਨੂੰ ਡਿਪਲੋਮੈਟਿਕ ਉਦੇਸ਼ਾਂ ਲਈ ਬੇਕਾਰ ਬਣਾ ਦਿੱਤਾ ਹੈ।"

ਭਾਰਤ-ਪਾਕਿ ਕ੍ਰਿਕਟ ਮੁਕਾਬਲੇ ਇਤਿਹਾਸਕ ਤੌਰ 'ਤੇ ਸਿਆਸੀ ਤਣਾਅ ਨਾਲ ਜੁੜੇ ਰਹੇ ਹਨ। 1947 ਦੀ ਵੰਡ ਤੋਂ ਬਾਅਦ ਤੋਂ ਹੀ ਕ੍ਰਿਕਟ ਮੈਚਾਂ ਨੇ ਵੱਡੇ ਦਰਸ਼ਕ ਵਰਗ ਨੂੰ ਆਪਣੇ ਵੱਲ ਖਿੱਚਿਆ ਹੈ, ਪਰ ਅਤਿਵਾਦੀ ਹਮਲਿਆਂ ਅਤੇ ਯੁੱਧਾਂ ਨੇ ਇਸ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। 2019 ਦੇ ਪੁਲਵਾਮਾ ਹਮਲੇ ਤੋਂ ਬਾਅਦ ਵੀ ਅਜਿਹੇ ਵਿਵਾਦ ਵਾਪਰੇ ਸਨ। ਹੁਣ ਆਪ੍ਰੇਸ਼ਨ ਸਿੰਦੂਰ ਨਾਲ ਇਹ ਦੁਸ਼ਮਣੀ ਨਵਾਂ ਰੂਪ ਲੈ ਰਹੀ ਹੈ, ਜਿੱਥੇ ਖੇਡਾਂ ਨੂੰ ਰਾਸ਼ਟਰਵਾਦੀ ਨਾਹਰਿਆਂ ਨਾਲ ਜੋੜਿਆ ਜਾ ਰਿਹਾ ਹੈ। ਐਕਸ 'ਤੇ ਚੱਲ ਰਹੀ ਚਰਚਾ ਵਿੱਚ ਬਹੁਤੇ ਲੋਕ ਚਾਹੁੰਦੇ ਹਨ ਕਿ ਖੇਡਾਂ ਨੂੰ ਸ਼ਾਂਤੀ ਦਾ ਸੰਦੇਸ਼ ਬਣਾਇਆ ਜਾਵੇ, ਨਾ ਕਿ ਯੁੱਧ ਦਾ ਹਥਿਆਰ।

ਅੰਤ ਵਿੱਚ, ਇਹ ਜਿੱਤ ਭਾਰਤ ਲਈ ਖੁਸ਼ੀ ਤਾਂ ਲਿਆਈ, ਪਰ ਰਾਜਨੀਤਿਕ ਵਿਵਾਦ ਨੇ ਖੇਡ ਭਾਵਨਾ ਨੂੰ ਚੁਣੌਤੀ ਦਿੱਤੀ। ਜੇਕਰ ਖੇਡਾਂ ਨੂੰ ਰਾਜਨੀਤੀ ਤੋਂ ਵੱਖ ਨਾ ਕੀਤਾ ਗਿਆ ਤਾਂ ਭਵਿੱਖ ਵਿੱਚ ਅਜਿਹੇ ਟੂਰਨਾਮੈਂਟ ਸਿਰਫ਼ ਵਿਵਾਦਾਂ ਦਾ ਕੇਂਦਰ ਹੀ ਬਣਨਗੇ। ਭਾਰਤ ਨੂੰ ਆਪਣੇ ਜਵਾਨਾਂ ਦੇ ਬਲੀਦਾਨ ਨੂੰ ਸਤਿਕਾਰ ਦੇਣਾ ਚਾਹੀਦਾ ਹੈ, ਪਰ ਕ੍ਰਿਕਟ ਨੂੰ ਕੌਮੀ ਏਕਤਾ ਦਾ ਪ੍ਰਤੀਕ ਬਣਾਉਣਾ ਵੀ ਜ਼ਰੂਰੀ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਖੇਡਾਂ ਵਿੱਚ ਜਿੱਤ ਸਿਰਫ਼ ਵਿਕਟਾਂ ਅਤੇ ਦੌੜਾਂ ਨਾਲ ਨਹੀਂ, ਸਗੋਂ ਭਾਵਨਾਵਾਂ ਨਾਲ ਵੀ ਜਿੱਤੀ ਜਾਂਦੀ ਹੈ।

---

*('ਦ ਵਾਇਰ' ਵਿਚ ਪ੍ਰਕਾਸ਼ਿਤ ਇਕ ਰਿਪੋਰਟ ਦੇ ਆਧਾਰ 'ਤੇ)*


# ਖੇਡਾਂ ਵਿੱਚ ਸਿਆਸਤ

ਬਲਜਿੰਦਰ*
ਫੋਨ:+919815040500

ਖੇਡਾਂ ਦਾ ਮੂਲ ਉਦੇਸ਼ ਮਨੁੱਖੀ ਏਕਤਾ, ਸਹਿਯੋਗ ਅਤੇ ਸਿਹਤਮੰਦ ਮੁਕਾਬਲੇ ਨੂੰ ਉਤਸ਼ਾਹਿਤ ਕਰਨਾ ਹੈ, ਨਾ ਕਿ ਸਿਆਸੀ ਵਿਵਾਦਾਂ ਨੂੰ ਹਵਾ ਦੇਣਾ। ਭਾਰਤ ਅਤੇ ਪਾਕਿਸਤਾਨ ਵਿਚਾਲੇ ਏਸ਼ੀਆ ਕੱਪ ਵਰਗੇ ਅੰਤਰਰਾਸ਼ਟਰੀ ਕ੍ਰਿਕਟ ਟੂਰਨਾਮੈਂਟ ਵਿੱਚ ਜਿਸ ਤਰ੍ਹਾਂ ਸਿਆਸਤ ਨੇ ਖੇਡ ਭਾਵਨਾ ਨੂੰ ਤਾਰ ਤਾਰ ਕੀਤਾ ਹੈ, ਉਸ ਲਈ ਸਾਰੀ ਦੁਨੀਆਂ ਵਿੱਚ ਦੋਹਾਂ ਮੁਲਕਾਂ ਦੀ ਰੱਜ ਕੇ ਭੰਡੀ ਹੋਈ ਹੈ। ਇਹ ਕੋਈ ਗਲ਼ੀ ਕ੍ਰਿਕਟ ਨਹੀਂ ਸੀ, ਇਹ 'ਦੀ ਜੈਂਟਲਮੈਨ ਗੇਮ' ਕਹੀ ਜਾਣ ਵਾਲ਼ੀ ਖੇਡ ਦਾ ਆਲਮੀ ਮੁਕਾਬਲਾ ਸੀ, ਜਿਸ ਨੂੰ ਸਾਰੀ ਦੁਨੀਆਂ ਦੇਖ਼ ਰਹੀ ਸੀ। ਜੇਕਰ ਰਾਜਨੀਤਿਕ ਤਣਾਅ ਕਾਰਨ ਖੇਡਾਂ ਨੂੰ ਬਾਈਕਾਟ ਕਰਨਾ ਪੈਂਦਾ ਹੈ ਤਾਂ ਉਹ ਠੀਕ ਹੈ, ਪਰ ਜੇ ਖੇਡਾਂ ਵਿੱਚ ਹਿੱਸਾ ਲੈਣਾ ਹੈ ਤਾਂ ਖੇਡਾਂ ਨਾਲ ਜੁੜੀਆਂ ਭਾਵਨਾਵਾਂ, ਕਦਰਾਂ-ਕੀਮਤਾਂ ਅਤੇ ਨਿਯਮਾਂ ਦੀ ਪਾਲਣਾ ਕਰਨੀ ਵੀ ਲਾਜ਼ਿਮ ਬਣਦੀ ਸੀ।

ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਓਲੰਪਿਕ ਖੇਡਾਂ ਦੀ ਸ਼ੁਰੂਆਤ ਜਦ ਯੂਨਾਨ ਵਿੱਚ ਹੋਈ ਸੀ ਤਾਂ ਇਸਦਾ ਮੁੱਖ ਉਦੇਸ਼ ਆਪਸੀ ਲੜਾਈਆਂ ਨੂੰ ਰੋਕ ਕੇ ਸ਼ਾਂਤੀ ਨੂੰ ਉਤਸ਼ਾਹਿਤ ਕਰਨਾ ਸੀ। ਉਸ ਸਮੇਂ ਇਨ੍ਹਾਂ ਖੇਡਾਂ ਨੂੰ ਓਥੋਂ ਦੇ ਕਬੀਲਿਆਂ ਦੀ ਜਿੱਤ-ਹਾਰ ਵਜੋਂ ਵੇਖਿਆ ਜਾਂਦਾ ਸੀ, ਜਿਸ ਵਿੱਚ ਜੰਗੀ ਮੈਦਾਨਾਂ ਦੀ ਥਾਂ ਖੇਡ ਮੈਦਾਨਾਂ ਵਿੱਚ ਮੁਕਾਬਲਾ ਹੁੰਦਾ। ਉਸ ਵੇਲ਼ੇ ਇਨ੍ਹਾਂ ਖੇਡਾਂ ਲਈ ਵਿਸ਼ੇਸ਼ ਨਿਯਮ ਅਤੇ ਕਾਇਦੇ ਬਣਾਏ ਗਏ ਸਨ ਤਾਂ ਜੋ ਨਿਰਪੱਖਤਾ ਬਣੀ ਰਹੇ। ਅੱਜ ਵੀ ਅੰਤਰਰਾਸ਼ਟਰੀ ਓਲੰਪਿਕ ਕਮੇਟੀ (ਆਈ.ਓ.ਸੀ.) ਵੱਲੋਂ ਓਲੰਪਿਕ ਚਾਰਟਰ ਬਣਾਇਆ ਗਿਆ ਹੈ, ਜਿਸ ਨੂੰ ਸਾਰੇ ਮੁਲਕਾਂ ਨੂੰ ਮੰਨਣਾ ਪੈਂਦਾ ਹੈ। ਭਾਵੇਂ ਦੋ ਵਿਰੋਧੀ ਮੁਲਕਾਂ ਵਿਚਾਲੇ ਜਿੰਨਾ ਮਰਜ਼ੀ ਤਣਾਅ ਹੋਵੇ, ਓਲੰਪਿਕ ਵਿੱਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਚਾਰਟਰ ਦੇ ਨਿਯਮਾਂ ਅਨੁਸਾਰ ਵਿਹਾਰ ਕਰਨਾ ਪੈਂਦਾ ਹੈ। ਇਹ ਚਾਰਟਰ ਖੇਡਾਂ ਨੂੰ ਰਾਜਨੀਤਿਕ ਪ੍ਰਭਾਵ ਤੋਂ ਮੁਕਤ ਰੱਖਣ ਲਈ ਬਣਾਇਆ ਗਿਆ ਹੈ, ਜਿਸ ਨਾਲ ਖੇਡਾਂ ਨੂੰ ਵਿਸ਼ਵ ਵਿਆਪੀ ਏਕਤਾ ਦੇ ਪ੍ਰਤੀਕ ਵਜੋਂ ਸਥਾਪਿਤ ਕੀਤਾ ਜਾਂਦਾ ਹੈ।

ਭਾਰਤ-ਪਾਕਿਸਤਾਨ ਪ੍ਰਸੰਗ ਵਿੱਚ ਜੇਕਰ ਖੇਡ ਹੋਈ ਹੈ ਤਾਂ ਖੇਡ ਨਾ਼ਲ ਜੁੜੀਆਂ 'ਆਫ਼ ਦੀ ਫ਼ੀਲਡ' ਰਵਾਇਤਾਂ ਨੂੰ ਅੱਖੋਂ ਪਰੋਖੇ ਕਿੰਝ ਕੀਤਾ ਜਾ ਸਕਦਾ ਸੀ! ਕ੍ਰਿਕਟ, ਜੋ ਦੋਹਾਂ ਮੁਲਕਾਂ ਵਿਚਾਲੇ ਭਾਵਨਾਤਮਕ ਆਨ, ਬਾਨ ਅਤੇ ਸ਼ਾਨ ਦਾ ਮਾਧਿਅਮ ਬਣ ਗਿਆ ਹੈ, ਇਸ ਨੂੰ ਸਪੋਰਟਸਮੈਨ ਸਪਿਰਟ ਨਾ਼ਲ ਖੇਡਣਾ ਬਣਦਾ ਹੈ, ਨਾ ਕਿ ਰਾਜਨੀਤਿਕ ਰੰਗ ਦੇਣਾ ਚਾਹੀਦਾ ਹੈ। ਪਹਿਲਾਂ ਤਾਂ ਸਾਡੇ ਅਹੁਦੇਦਾਰ ਸਰਕਾਰੀ ਇਸ਼ਾਰਿਆਂ ਉਤੇ ਕ੍ਰਿਕਟ ਨੂੰ ਵਪਾਰਕ ਤੌਰ 'ਤੇ ਵਰਤ ਕੇ ਪੈਸਾ ਬਣਾਉਂਦੇ ਰਹੇ ਤੇ ਫ਼ੇਰ ਲੋਕਾਂ ਦੀਆਂ ਅੱਖਾਂ ਪੂੰਝਣ ਨੂੰ ਬੇਲੋੜੀ ਡਰਾਮੇਬਾਜ਼ੀ ਕਰਨ ਲੱਗ ਪਏ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਅਤੇ ਏਸ਼ੀਅਨ ਕ੍ਰਿਕਟ ਕੌਂਸਲ (ਏ.ਸੀ.ਸੀ.) ਵਰਗੀਆਂ ਸੰਸਥਾਵਾਂ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਨੇ ਖੇਡ ਨੂੰ ਨੁਕਸਾਨ ਪਹੁੰਚਾਇਆ ਹੈ। ਏਸ਼ੀਆ ਕੱਪ ਵਿੱਚ ਭਾਰਤੀ ਟੀਮ ਪਾਕਿਸਤਾਨ ਨਾਲ ਤਿੰਨ ਵਾਰ ਖੇਡੀ, ਪਰ ਰਾਜਨੀਤਿਕ ਤਣਾਅ ਕਾਰਨ ਕਈ ਘਟੀਆ ਹਰਕਤਾਂ ਵੇਖੀਆਂ ਗਈਆਂ। ਮਿਸਾਲ ਵਜੋਂ, ਹੱਥ ਨਾ ਮਿਲਾਉਣਾ ਜਾਂ ਏ.ਸੀ.ਸੀ. ਪ੍ਰੈਜ਼ੀਡੈਂਟ ਤੋਂ ਟਰਾਫੀ ਨਾ ਲੈਣ ਵਰਗੀਆਂ ਕਾਰਵਾਈਆਂ ਨੇ ਖੇਡਾਂ ਦੀ ਭਾਵਨਾ ਨੂੰ ਠੇਸ ਪਹੁੰਚਾਈ। ਹੁਣ ਜਦੋਂ ਨਕਵੀ ਟਰਾਫੀ ਲੈ ਗਿਆ ਤਾਂ ਪਿੱਟਦੇ ਕਿਉਂ ਹੋ! ਅਗ਼ਲਾ ਵੀ ਏ.ਸੀ.ਸੀ. ਪ੍ਰੈਜ਼ੀਡੈਂਟ ਹੈ, ਓਹਦੀ ਵੀ ਆਪਣੀ ਈਗੋ ਆ...। ਏਥੇ ਤਾਂ ਪਿੰਡ ਦਾ ਸਰਪੰਚ ਮਾਣ ਨ੍ਹੀਂ ਹੁੰਦਾ! ਜਦ ਉਦੋਂ ਟਰਾਫੀ ਨਹੀਂ ਲਈ ਤਾਂ ਨਹੀਂ ਲਈ! ਹੁਣ ਥੁੱਕ ਕੇ ਨਾ ਚੱਟੋ। ਅਜਿਹਾ ਵਿਹਾਰ ਨਾ ਸਿਰਫ਼ ਖੇਡਾਂ ਨੂੰ ਰਾਜਨੀਤਿਕ ਅਖਾੜਾ ਬਣਾਉਂਦਾ ਹੈ, ਬਲਕਿ ਖਿਡਾਰੀਆਂ ਦੇ ਮਨੋਬਲ ਨੂੰ ਵੀ ਠੇਸ ਪਹੁੰਚਾਉਂਦਾ ਹੈ। ਰਹਿੰਦਾ-ਖੂਹੰਦਾ ਗੋਦੀ ਮੀਡੀਆ... ਇਹਦੇ ਤਾਂ ਕਿਆ ਹੀ ਕਹਿਣੇ! ਇਹ ਸਭ ਕੋਝੀਆਂ ਹਰਕਤਾਂ ਰਾਜਨੀਤੀ ਕਰਨ ਵਾਲਿਆਂ ਵੱਲੋਂ ਖਿਡਾਰੀਆਂ 'ਤੇ ਥੋਪੀਆਂ ਗਈਆਂ ਲੱਗਦੀਆਂ ਹਨ, ਜੋ ਵੋਟਾਂ ਖ਼ਾਤਿਰ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦਾ ਕੰਮ ਕਰ ਰਹੀਆਂ ਹਨ।




ਤਰਕਸੰਗਤ ਤੌਰ 'ਤੇ ਵਿਚਾਰੀਏ ਤਾਂ ਖੇਡਾਂ ਵਿੱਚ ਰਾਜਨੀਤੀ ਦੀ ਘੁਸਪੈਠ ਨੇ ਕਈ ਨੁਕਸਾਨ ਕੀਤੇ ਹਨ। ਪਹਿਲਾ, ਖੇਡਾਂ ਦੀ ਨਿਰਪੱਖਤਾ ਨੂੰ ਖਤਰੇ ਵਿੱਚ ਪਾਇਆ ਹੈ। ਦੂਜਾ, ਖਿਡਾਰੀਆਂ ਨੂੰ ਰਾਜਨੀਤਿਕ ਔਜ਼ਾਰ ਬਣਾ ਕੇ ਉਨ੍ਹਾਂ ਦੇ ਕਰੀਅਰ ਨੂੰ ਪ੍ਰਭਾਵਿਤ ਕੀਤਾ ਹੈ। ਤੀਜਾ, ਇਹ ਪੂਰੀ ਦੁਨੀਆਂ ਵਿੱਚ ਭੰਡੀ ਪ੍ਰਚਾਰ ਦਾ ਕਾਰਨ ਬਣੀ। ਜੇਕਰ ਰਾਜਨੀਤਿਕ ਕਾਰਨਾਂ ਕਰਕੇ ਪਾਕਿਸਤਾਨ ਨਾਲ ਖੇਡ ਨਹੀਂ ਖੇਡਣੀ ਤਾਂ ਪੂਰਨ ਬਾਈਕਾਟ ਕੀਤਾ ਜਾ ਸਕਦਾ ਸੀ, ਜਿਵੇਂ ਵਰਲਡ ਲੇਜੇਂਡ ਚੈਂਪੀਅਨਸ਼ਿਪ ਵਿੱਚ ਹਰਭਜਨ ਸਿੰਘ, ਸ਼ਿਖਰ ਧਵਨ ਤੇ ਯੂਸਫ਼ ਪਠਾਨ ਨੇ ਬਾਈਕਾਟ ਕੀਤਾ ਸੀ। ਉਨ੍ਹਾਂ ਦੀ ਕਿਹੜਾ ਕਿਸੇ ਨੇ ਲੱਤ ਭੰਨ ਦਿੱਤੀ! ਪਰ ਜੇ ਖੇਡਾਂ ਵਿੱਚ ਹਿੱਸਾ ਲੈਣਾ ਹੈ ਤਾਂ ਖੇਡਾਂ ਦੇ ਨਿਯਮਾਂ ਅਤੇ ਭਾਵਨਾ ਨੂੰ ਮੰਨਣਾ ਲਾਜ਼ਿਮ ਹੈ। ਆਈ.ਸੀ.ਸੀ. ਨੂੰ ਵੀ ਰਾਜਨੀਤਿਕ ਦਖ਼ਲ ਨੂੰ ਰੋਕਣ ਲਈ ਸਖ਼ਤ ਨਿਯਮ ਬਣਾਉਣੇ ਚਾਹੀਦੇ ਹਨ, ਪਰ ਲਗਦਾ ਆਈ.ਸੀ.ਸੀ. ਵੀ ਬੀ.ਸੀ.ਸੀ.ਆਈ. ਦੇ ਫੰਡਾਂ ਦਾ ਡੰਡਾ ਭਾਰੂ ਪਿਆ ਲਗਦਾ ਹੈ।

ਅੰਤ ਵਿੱਚ, ਖੇਡਾਂ ਨੂੰ ਰਾਜਨੀਤੀ ਤੋਂ ਮੁਕਤ ਰੱਖ ਕੇ ਹੀ ਅਸੀਂ ਉਨ੍ਹਾਂ ਨੂੰ ਆਲਮੀ ਸ਼ਾਂਤੀ ਅਤੇ ਏਕਤਾ ਦੇ ਪ੍ਰਤੀਕ ਵਜੋਂ ਸਥਾਪਿਤ ਕਰ ਸਕਦੇ ਹਾਂ। ਭਾਰਤ-ਪਾਕਿਸਤਾਨ ਵਰਗੇ ਮੈਚਾਂ ਨੂੰ ਰਾਜਨੀਤਿਕ ਅਖਾੜਾ ਬਣਾਉਣ ਦੀ ਬਜਾਏ ਖੇਡਾਂ ਵਜੋਂ ਵੇਖਣਾ ਚਾਹੀਦਾ ਹੈ। ਜੰਗ ਦੇ ਮੈਦਾਨ ਵਿੱਚ ਹੀ ਜੰਗੀ ਗੱਲਾਂ ਸ਼ੋਭਦੀਆਂ ਨੇ...। ਖੇਡ ਮੈਦਾਨ ਤਾਂ ਆਲਮੀ ਏਕਤਾ ਤੇ ਮਿਲਵਰਤਨ ਦੇ ਪ੍ਰਤੀਕ ਹਨ। ਇਨ੍ਹਾਂ ਵਿੱਚ ਆਪਣੀ ਗੰਦੀ ਸੜੀ ਹੋਈ ਰਾਜਨੀਤੀ ਨਾ ਵਾੜੋ, ਇਹ ਨਾ ਸਿਰਫ਼ ਖਿਡਾਰੀਆਂ ਲਈ ਬਲਕਿ ਪੂਰੇ ਸਮਾਜ ਲਈ ਨੁਕਸਾਨਦਾਇਕ ਹੋਵੇਗਾ।

---

**ਸਹਾਇਕ ਪ੍ਰੋਫੈਸਰ, ਸਰੀਰਕ ਸਿੱਖਿਆ ਵਿਭਾਗ; ਜੀ.ਐਚ.ਜੀ. ਖਾਲਸਾ ਕਾਲਜ ਗੁਰੂਸਰ ਸਧਾਰ, ਲੁਧਿਆਣਾ।*

# ਜ਼ਿੰਦਗੀ ਦੇ ਤਜਰਬੇ ਵੰਡਣ ਤੁਰਿਆ ਕਲਾਕਾਰ ਰਾਣਾ ਰਣਬੀਰ

ਰਜਨੀ ਭਗਾਣੀਆ
ਫੋਨ: +91-7973667793

## ਸ਼ਿਕਾਗੋ ਵਿੱਚ 'ਬੰਦੇ ਬਣੋ ਬੰਦੇ' ਦੀ ਪੇਸ਼ਕਾਰੀ 24 ਅਕਤੂਬਰ ਨੂੰ

*ਰਾਣਾ ਰਣਬੀਰ ਤੇ ਉਸ ਦਾ ਸਾਥੀ ਰਾਜਵੀਰ ਰਾਣਾ ਆਪਣੇ ਨਵੇਂ ਨਾਟਕ 'ਬੰਦੇ ਬਣੋ ਬੰਦੇ' ਦੀ ਵੱਖ-ਵੱਖ ਥਾਵਾਂ 'ਤੇ ਪੇਸ਼ਕਾਰੀ ਲਈ ਰੁੱਝੇ ਹੋਏ ਹਨ। ਉਨ੍ਹਾਂ ਦੇ ਇਸ ਨਾਟਕ ਨੂੰ ਦਰਸ਼ਕਾਂ ਦਾ ਹੁੰਗਾਰਾ ਤੇ ਪਿਆਰ- ਦੋਵੇਂ ਮਿਲ ਰਹੇ ਹਨ। ਇਹ ਨਾਟਕ ਰਾਣਾ ਰਣਬੀਰ ਨੇ ਖੁਦ ਲਿਖਿਆ ਅਤੇ ਡਾਇਰੈਕਟ ਕੀਤਾ ਹੈ, ਤੇ ਉਹ ਇਸ ਵਿੱਚ ਮੁੱਖ ਕਿਰਦਾਰ ਵੀ ਹੈ। ਸ਼ਿਕਾਗੋ ਵਿੱਚ ਇਹ ਨਾਟਕ 24 ਅਕਤੂਬਰ 2025, ਸ਼ੁੱਕਰਵਾਰ ਦੀ ਸ਼ਾਮ ਨੂੰ ਕਟਿੰਗ ਹਾਲ ਪ੍ਰਫਾਰਮਿੰਗ ਆਰਟ ਸੈਂਟਰ (150 E. Wood St.), ਪੈਲਾਟਾਈਨ ਵਿਖੇ ਹੋਵੇਗਾ। ਇਹ ਨਾਟਕ ਸਥਾਨਕ ਸੰਸਥਾ '5ਰਿਵਰਜ਼ ਐਂਟਰਟੇਨਮੈਂਟ' ਦੇ ਜਿਗਰਦੀਪ ਸਿੰਘ ਢਿੱਲੋਂ, ਅੰਮ੍ਰਿਤਪਾਲ ਮਾਂਗਟ, ਇੰਦਰ ਵਿਰਕ ਅਤੇ ਗੁਰਪ੍ਰੀਤ ਸਿੰਘ ਸਿੱਧੂ ਤੇ ਡਾ. ਵਿਕਰਮ ਗਿੱਲ ਵੱਲੋਂ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਪ੍ਰੋਮੋਟਰਾਂ ਨੇ ਭਾਈਚਾਰੇ ਨੂੰ ਇਹ ਨਾਟਕ ਦੇਖਣ ਆਉਣ ਲਈ ਨਿੱਘਾ ਸੱਦਾ ਦਿੱਤਾ ਹੈ ਅਤੇ ਕਿਹਾ ਹੈ ਕਿ ਰਾਣਾ ਰਣਬੀਰ ਦਾ ਇਹ ਨਾਟਕ ਪ੍ਰੇਰਣਾਮਈ ਹੈ ਤੇ ਦਰਸ਼ਕ ਕੁਝ ਨਾ ਕੁਝ ਚੰਗੀਆਂ ਗੱਲਾਂ ਲੈ ਕੇ ਮੁੜਨਗੇ। ਪੇਸ਼ ਹੈ, ਗੁਣਾਂ ਦੀ ਗੁਥਲੀ ਰਾਣਾ ਰਣਬੀਰ ਬਾਰੇ ਤਰਦੀ ਜਿਹੀ ਨਜ਼ਰ ਮਾਰਦਾ ਇਹ ਲੇਖ... -ਪ੍ਰਬੰਧਕੀ ਸੰਪਾਦਕ*



ਹਰ ਇਨਸਾਨ ਵਿੱਚ ਕੋਈ ਨਾ ਕੋਈ ਗੁਣ ਜ਼ਰੂਰ ਹੁੰਦਾ ਹੈ, ਬਸ ਜ਼ਰੂਰਤ ਹੁੰਦੀ ਹੈ ਉਸ ਗੁਣ ਨੂੰ ਤਰਾਸ਼ਣ ਦੀ। ਇੱਥੇ ਗੱਲ ਆਉਂਦੀ ਹੈ ਖੁਦ ਨੂੰ ਤਰਾਸ਼ਣ ਵਾਲੇ ਅਦਾਕਾਰ, ਹਾਸਰਸ ਕਲਾਕਾਰ, ਲੇਖਕ ਤੇ ਨਿਰਦੇਸ਼ਕ ਵਜੋਂ ਪਛਾਣ ਬਣਾਉਣ ਵਾਲੇ ਰਾਣਾ ਰਣਬੀਰ ਦੀ। ਉਸ ਦਾ ਜਨਮ 9 ਅਪਰੈਲ 1970 ਨੂੰ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਪਿਤਾ ਮਾਸਟਰ ਮੋਹਨ ਸਿੰਘ ਦੇ ਘਰ ਹੋਇਆ। ਉਸ ਨੇ ਆਪਣੀ ਮੁਢਲੀ ਸਿੱਖਿਆ ਤੋਂ ਬਾਅਦ ਗ੍ਰੈਜੂਏਸ਼ਨ ਦੇਸ਼ ਭਗਤ ਕਾਲਜ ਧੂਰੀ ਤੋਂ ਅਤੇ ਥੀਏਟਰ ਤੇ ਟੈਲੀਵਿਜ਼ਨ ਦੀ ਡਿਗਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪ੍ਰਾਪਤ ਕੀਤੀ।

ਜ਼ਿਆਦਾਤਰ ਇਹ ਹੁੰਦਾ ਹੈ ਕਿ ਜੋ ਜਿਸ ਖੇਤਰ ਵਿੱਚ ਕਾਮਯਾਬ ਹੁੰਦਾ ਹੈ, ਉਹ ਉਸ ਦਾ ਸ਼ੌਕ ਜ਼ਰੂਰ ਰੱਖਦਾ ਹੈ, ਪਰ ਰਾਣਾ ਰਣਬੀਰ ਨਾਲ ਅਜਿਹਾ ਨਹੀਂ ਸੀ। ਉਸ ਦਾ ਕਹਿਣਾ ਹੈ ਕਿ ਬਹੁਤ ਸਾਰੇ ਲੋਕ ਅਜਿਹੇ ਹੁੰਦੇ ਹਨ, ਜੋ ਦੂਜਿਆਂ ਦੇ ਰੰਗ ਰੂਪ, ਕੱਦ ਕਾਠ, ਸਰੀਰਕ ਬਣਤਰ ਨੂੰ ਲੈ ਕੇ ਮਜ਼ਾਕ ਕਰਦੇ ਰਹਿੰਦੇ ਹਨ। ਉਹ ਸਕੂਲ ਸਮੇਂ ਤੋਂ ਹੀ ਆਪਣੇ ਛੋਟੇ ਕੱਦ-ਕਾਠ ਕਾਰਨ ਹਾਸੇ ਦਾ ਪਾਤਰ ਰਿਹਾ। ਸਕੂਲ ਵਿੱਚ ਉਸ ਦਾ ਮਜ਼ਾਕ ਉਡਾਇਆ ਜਾਂਦਾ ਤੇ ਕਾਲਜ ਵਿੱਚ ਵੀ ਇਹੀ ਸਿਲਸਿਲਾ ਜਾਰੀ ਰਿਹਾ। ਉਹ ਅਕਸਰ ਆਪਣੇ ਆਂਢ-ਗੁਆਂਢ, ਸਕੂਲ ਅਧਿਆਪਕਾਂ, ਦੋਸਤਾਂ ਤੇ ਰਿਸ਼ਤੇਦਾਰਾਂ ਤੋਂ ਆਪਣੇ ਛੋਟੇ ਕੱਦ ਕਾਰਨ ਕਈ ਗੱਲਾਂ ਸੁਣਦਾ, ਜੋ ਉਸ ਨੂੰ ਜ਼ਿੰਦਗੀ ਵਿੱਚ ਬਹੁਤ ਵੱਡੀ ਕਮੀ ਹੋਣ ਦਾ ਅਹਿਸਾਸ ਕਰਾਉਂਦੇ ਰਹੇ। ਨਤੀਜੇ ਵਜੋਂ ਉਸ ਦਾ ਪੜ੍ਹਾਈ ਵਿੱਚ ਮਨ ਨਹੀਂ ਸੀ ਲੱਗਦਾ।

ਇਨ੍ਹਾਂ ਗੱਲਾਂ ਦਾ ਸਾਹਮਣਾ ਕਰਦੇ ਜਦੋਂ ਕਾਲਜ ਦੀ ਸ਼ੁਰੂਆਤ ਕੀਤੀ ਤਾਂ ਇਹ ਸਿਲਸਿਲਾ ਹੋਰ ਜ਼ਿਆਦਾ ਵਧ ਗਿਆ। ਕਦੇ ਮੁੰਡੇ ਉਸ ਨੂੰ ਕੱਛ ਵਿੱਚ ਲੈ ਕੇ ਗੱਲ ਕਰਦੇ ਤੇ ਕੋਈ 'ਬਚੀ, ਬੌਣਾ ਜਿਹਾ, ਤੂੰ ਖੜ੍ਹਾ ਕਿ ਬੈਠਾ, ਤੂੰ ਤਾਂ ਦਿਸਦਾ ਈ ਨ੍ਹੀਂ'- ਇਸ ਤਰ੍ਹਾਂ ਦੀਆਂ ਗੱਲਾਂ ਨੇ ਉਸ ਨੂੰ ਇਹ ਮਹਿਸੂਸ ਕਰਵਾਇਆ ਕਿ ਉਹ ਸ਼ਾਇਦ ਇਸ ਦੁਨੀਆ ਲਈ ਨਹੀਂ ਬਣਿਆ। ਇੱਥੋਂ ਤੱਕ ਕਿ ਲੋਕਾਂ ਦੀਆਂ ਗੱਲਾਂ ਤੋਂ ਤੰਗ ਆ ਕੇ ਰਾਣੇ ਨੇ ਆਪਣੀ ਜ਼ਿੰਦਗੀ ਨੂੰ ਇਸ ਤਰ੍ਹਾਂ ਬਣਾ ਲਿਆ ਸੀ ਕਿ ਨਾ ਕਿਸੇ ਨਾਲ ਬੋਲਣਾ ਨਾ ਖੇਡਣਾ, ਬਸ ਚੁੱਪ ਚਾਪ ਜਿਹੇ ਤੇ ਗੁੱਸੇ ਵਿੱਚ ਰਹਿਣਾ। ਇਹ ਸਭ ਚੱਲ ਰਿਹਾ ਸੀ ਤਾਂ ਇੱਕ ਦਿਨ ਕੁਝ ਵਿਦਿਆਰਥੀਆਂ ਦੇ ਮਜ਼ਾਕ ਤੋਂ ਬਚਣ ਲਈ ਰਾਣਾ ਲਾਇਬ੍ਰੇਰੀ ਵਾਲੇ ਕਮਰੇ ਵਿੱਚ ਜਾ ਵੜਿਆ। ਉਸ ਦੀ ਨਜ਼ਰ ਲਾਇਬ੍ਰੇਰੀ ਵਿੱਚ ਪਈ ਕਿਤਾਬ 'ਪੂਰਨਮਾਸ਼ੀ' (ਜਸਵੰਤ ਸਿੰਘ ਕੰਵਲ ਦਾ ਨਾਵਲ) 'ਤੇ ਪਈ ਤੇ ਇਹ ਨਾਵਲ ਰਾਣੇ ਨੇ ਪੜ੍ਹਨ ਲਈ ਰੱਖ ਲਿਆ। ਇਸ ਨੂੰ ਪੜ੍ਹਨ ਨਾਲ ਉਸ ਨੂੰ ਬਹੁਤ ਆਤਮ-ਵਿਸ਼ਵਾਸ ਮਿਲਿਆ, ਜਿਵੇਂ ਉਸ ਨੂੰ ਜਿਊਣ ਦਾ ਹੌਸਲਾ ਮਿਲ ਗਿਆ ਹੋਵੇ। ਉਸ ਤੋਂ ਬਾਅਦ ਉਸ ਨੇ ਕਿਤਾਬਾਂ ਦਾ ਲੜ ਫੜ ਲਿਆ ਤੇ ਹੋਰ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਕਿਤਾਬਾਂ ਨੇ ਉਸ ਨੂੰ ਆਪਣੇ ਪ੍ਰਤੀ ਵਿਸ਼ਵਾਸ ਪੈਦਾ ਕਰਨ ਵਿੱਚ ਬਹੁਤ ਮਦਦ ਕੀਤੀ।

ਕਿਤਾਬਾਂ ਤੋਂ ਮਿਲੇ ਆਤਮ-ਵਿਸ਼ਵਾਸ ਰਾਹੀਂ ਉਸ ਨੇ ਪਹਿਲੀ ਵਾਰ ਕਾਲਜ ਦੇ ਯੂਥ ਫੈਸਟੀਵਲ ਵਿੱਚ ਹਿੱਸਾ ਲਿਆ ਤੇ 'ਅੰਨ੍ਹੇ ਨਿਸ਼ਾਨਚੀ' ਨਾਟਕ ਖੇਡਿਆ। ਇਸ ਨਾਟਕ ਨੂੰ ਖੇਡਣ ਮਗਰੋਂ ਉਸ ਨੂੰ ਬਹੁਤ ਹੌਸਲਾ ਅਫ਼ਜ਼ਾਈ ਮਿਲੀ। ਉਸ ਤੋਂ ਬਾਅਦ ਉਹ ਅੱਗੇ ਵਧਿਆ ਤੇ ਬਹੁਤ ਸਾਰੇ ਮਸ਼ਹੂਰ ਹਾਸਰਸ ਕਲਾਕਾਰਾਂ ਨਾਲ 65 ਦੇ ਕਰੀਬ ਨਾਟਕ ਲਿਖੇ ਵੀ ਤੇ ਦੇਸ਼ ਦੀਆਂ ਵੱਖ-ਵੱਖ ਥਾਵਾਂ 'ਤੇ ਖੇਡੇ। ਉਸ ਦੇ ਲਿਖੇ ਕੁਝ ਸਟੇਜ ਨਾਟਕ ਹਨ- 'ਜ਼ਿੰਦਗੀ ਜ਼ਿੰਦਾਬਾਦ', 'ਜਸਮਾ ਓਡਨ', 'ਆਲ੍ਹਾ ਅਫ਼ਸਰ', 'ਅਖੀਰ ਕਦੋਂ ਤੱਕ', 'ਖੇਤਾਂ ਦਾ ਪੁੱਤ' ਅਤੇ 'ਗੁੱਡ ਮੈਨ ਦੀ ਲਾਲਟੈਣ' ਆਦਿ। ਇਨ੍ਹਾਂ ਦੇ ਇਲਾਵਾ ਲਘੂ ਫਿਲਮਾਂ ਵਿੱਚ 'ਖਿੱਚ ਘੁੱਗੀ ਖਿੱਚ', 'ਰਾਂਝਾ ਕਹਿੰਦਾ ਟੈਂਸ਼ਨ ਨ੍ਹੀਂ ਲੈਣੀ', 'ਮਿੱਠੀ', 'ਵਾਏ ਤੇ ਉਲਫ਼ਤ' ਅਤੇ ਟੀ.ਵੀ. ਲੜੀਵਾਰਾਂ ਵਿੱਚ 'ਪਰਛਾਵੇਂ', 'ਚਿੱਟਾ ਲਹੂ' ਅਤੇ 'ਪ੍ਰੋਫੈਸਰ ਮਨੀ ਪਲਾਂਟ' ਦੇ ਨਾਮ ਸ਼ਾਮਲ ਹਨ।

ਟੈਲੀਵਿਜ਼ਨ 'ਤੇ ਆਉਣ ਦਾ ਮੌਕਾ ਉਸ ਨੂੰ ਸਾਲ 2000 'ਚ ਆਏ ਭਗਵੰਤ ਮਾਨ ਦੇ ਹਾਸਰਸ ਸ਼ੋਅ 'ਜੁਗਨੂੰ ਮਸਤ ਮਸਤ' ਤੇ 'ਨੌਟੀ ਨੰ. 1' ਵਿੱਚ ਹਿੱਸਾ ਲੈ ਕੇ ਮਿਲਿਆ। ਇਸ ਤਰ੍ਹਾਂ ਉਸ ਦੇ ਹੁਨਰ ਨੂੰ ਪਛਾਣ ਮਿਲੀ ਤੇ ਉਸ ਦਾ ਫਿਲਮੀ ਸਫ਼ਰ ਸ਼ੁਰੂ ਹੋਇਆ। ਇਸ ਵਿੱਚ 'ਰੱਬ ਨੇ ਬਣਾਈਆਂ ਜੋੜੀਆਂ', 'ਮੇਰਾ ਪਿੰਡ', 'ਲੱਗਦੈ ਇਸ਼ਕ ਹੋ ਗਿਆ', 'ਚੱਕ ਜਵਾਨਾ', 'ਇੱਕ ਕੁੜੀ ਪੰਜਾਬ ਦੀ', 'ਕਬੱਡੀ ਇੱਕ ਮੁਹੱਬਤ', 'ਮਿੱਟੀ 'ਵਾਜ਼ਾਂ ਮਾਰਦੀ', 'ਪਤਾ ਨ੍ਹੀਂ ਰੱਬ ਕਿਹੜਿਆਂ ਰੰਗਾਂ ਵਿੱਚ ਰਾਜ਼ੀ', 'ਟੌਹਰ ਮਿੱਤਰਾਂ ਦੀ', 'ਕੈਰੀ ਆਨ ਜੱਟਾ', 'ਯਮਲੇ ਜੱਟ ਯਮਲੇ', 'ਰੰਗੀਲੇ', 'ਫੇਰ ਮਾਮਲਾ ਗੜਬੜ ਹੈ', 'ਕਬੱਡੀ ਵਨਸ ਅਗੇਨ', 'ਮੁੰਡੇ ਯੂ.ਕੇ. ਦੇ', 'ਸਾਡੀ ਵੱਖਰੀ ਹੈ ਸ਼ਾਨ', 'ਓਏ ਹੋਏ ਪਿਆਰ ਹੋ ਗਿਆ', 'ਗੋਰਿਆਂ ਨੂੰ ਦਫ਼ਾ ਕਰੋ', 'ਮੰਜੇ ਬਿਸਤਰੇ', 'ਅਰਦਾਸ', 'ਲਵ ਪੰਜਾਬ', 'ਅਰਦਾਸ ਕਰਾਂ', 'ਸ਼ਾਵਾ ਨੀਂ ਗਿਰਧਾਰੀ ਲਾਲ', 'ਅੰਬਰਸਰੀਆ', 'ਅਸੀਸ', 'ਨਾਬਰ', 'ਪੰਜਾਬ 1984' ਆਦਿ ਉਸ ਦੀ ਵਿਲੱਖਣ ਅਦਾਕਾਰੀ ਲਈ ਜ਼ਿਕਰਯੋਗ ਹਨ।

ਰਾਣੇ ਅਨੁਸਾਰ ਉਸ ਨੂੰ ਪੰਜਾਬੀ ਸਿਨੇਮਾ ਵਿੱਚ ਪ੍ਰਸਿੱਧ ਨਿਰਮਾਤਾ ਤੇ ਨਿਰਦੇਸ਼ਕ ਮਨਮੋਹਣ ਸਿੰਘ (ਮਨ ਜੀ) ਲੈ ਕੇ ਆਏ। ਜਿਸ ਦੇ ਯਕੀਨ ਸਦਕਾ ਉਸ ਨੂੰ ਉਨ੍ਹਾਂ ਦੁਆਰਾ ਲਿਖੀ ਫਿਲਮ 'ਮੁੰਡੇ ਯੂ.ਕੇ. ਦੇ' ਵਿੱਚ ਪਹਿਲੀ ਵਾਰ (ਸੰਵਾਦ) ਲਿਖਣ ਦਾ ਮੌਕਾ ਮਿਲਿਆ ਤੇ ਉਸ ਦੀ ਲੇਖਣੀ ਨੂੰ ਪਛਾਣ ਮਿਲੀ। ਇਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਤੇ 'ਇੱਕ ਕੁੜੀ ਪੰਜਾਬ ਦੀ', 'ਅੱਜ ਦੇ ਰਾਂਝੇ', 'ਕਬੱਡੀ ਇੱਕ ਮੁਹੱਬਤ', 'ਫੇਰ ਮਾਮਲਾ ਗੜਬੜ', 'ਅਰਦਾਸ', 'ਅਰਦਾਸ ਕਰਾਂ', 'ਰੰਗੀਲੇ', 'ਮੰਜੇ ਬਿਸਤਰੇ', 'ਆ ਗਏ ਮੁੰਡੇ ਯੂ.ਕੇ. ਦੇ', 'ਲਾਲ ਸਿੰਘ ਚੱਢਾ' (ਹਿੰਦੀ), 'ਸ਼ਾਵਾ ਨੀਂ ਗਿਰਧਾਰੀ ਲਾਲ' ਆਦਿ ਫਿਲਮਾਂ ਦੇ ਦਿਲ ਨੂੰ ਛੂਹ ਜਾਣ ਵਾਲੇ ਸ਼ਾਨਦਾਰ ਸੰਵਾਦ ਲਿਖੇ। ਇਹੀ ਨਹੀਂ, ਉਸ ਨੇ ਬਤੌਰ ਪਟਕਥਾ ਲੇਖਕ ਤੇ ਨਿਰਦੇਸ਼ਕ 'ਮਾਂ', 'ਅਸੀਸ', 'ਪੋਸਤੀ', 'ਸਨੋਮੈਨ' ਅਤੇ 'ਮਨਸੂਬਾ' ਫਿਲਮਾਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਰਿਸ਼ਤਿਆਂ ਦੀਆਂ ਕੌੜੀਆਂ, ਮਿੱਠੀਆਂ ਗੱਲਾਂ ਨੂੰ ਦਰਸਾਉਂਦੇ ਭਾਵ ਦਿਖਾਏ ਗਏ। ਉਸ ਦੇ ਕਈ ਕਾਵਿ-ਸੰਗ੍ਰਹਿ ਤੇ ਨਾਵਲ ਵੀ ਪ੍ਰਕਾਸ਼ਿਤ ਹੋਏ।

ਰਾਣੇ ਨੇ ਆਪਣੀ ਲੇਖਣੀ ਰਾਹੀਂ ਤਾਂ ਲੋਕਾਂ ਨੂੰ ਆਪਣਾ ਮੁਰੀਦ ਕੀਤਾ ਹੀ, ਇਸ ਦੇ ਨਾਲ ਆਪਣੀ ਜ਼ਿੰਦਗੀ ਦੇ ਤਜਰਬਿਆਂ ਨੂੰ ਵੰਡਣਾ ਸ਼ੁਰੂ ਕੀਤਾ ਤੇ ਇੱਕ ਸਕਾਰਾਤਮਕ ਪ੍ਰੇਰਣਾਦਾਇਕ ਸਪੀਕਰ ਦੇ ਤੌਰ 'ਤੇ ਵੀ ਸਾਹਮਣੇ ਆਇਆ। ਉਹ ਅਕਸਰ ਕਾਲਜਾਂ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨਾਲ ਪ੍ਰੇਰਣਾਦਾਇਕ ਗੱਲਾਂ ਕਰਦਾ ਸੁਣਿਆ ਜਾਂਦਾ ਹੈ। ਆਪਣੀ ਮਿਹਨਤ ਸਦਕਾ ਉਸ ਨੂੰ ਬਹੁਤ ਸਾਰੇ ਮਾਣ-ਸਨਮਾਨ ਵੀ ਪ੍ਰਾਪਤ ਹੋਏ ਹਨ।

***ਪਿੱਛੇ ਜਿਹੇ ਉਸ ਦੇ ਖੇਡੇ ਨਾਟਕ 'ਮਾਸਟਰ ਜੀ' ਦੀ ਵੀ ਖੂਬ ਚਰਚਾ ਹੋਈ ਸੀ ਅਤੇ ਹੁਣ ਉਹ 'ਬੰਦੇ ਬਣੋ ਬੰਦੇ' ਲੈ ਕੇ ਦਰਸ਼ਕਾਂ ਦੀ ਕਚਹਿਰੀ ਵਿੱਚ ਪੇਸ਼ ਹੈ। ਨਿੱਕੀਆਂ ਨਿੱਕੀਆਂ ਗੱਲਾਂ ਨੂੰ ਗੰਭੀਰਤਾ ਨਾਲ ਪੇਸ਼ ਕਰਕੇ ਸੱਚ ਦਾ ਸ਼ੀਸ਼ਾ ਦਿਖਾਉਣ ਦੀ ਜੁਗਤ ਉਸ ਨੂੰ ਆਉਂਦੀ ਹੈ।***

---

## ਗੱਲ ਕਰਨੀ ਬਣਦੀ ਐ...

# ਅਜੇ ਕਿੰਨੀ ਕੁ ਦੂਰ ਸਵੇਰ ਹੈ

ਸੁਸ਼ੀਲ ਦੁਸਾਂਝ
ਫੋਨ: +91-9888799870

ਨਾ ਮੇਰਾ ਘਰ ਹੈ ਨਾ ਘਾਟ
ਨਾ ਖੇਤ ਨਾ ਬਾੜੀ
ਨਾ ਬਾਮ ਨਾ ਬੰਨੇ
ਪਰ ਉਹ ਕਹਿੰਦੇ ਨੇ
ਕਿ ਪਿੰਡ ਤੇਰਾ ਹੈ;
ਨਾ ਮੇਰੇ ਲਈ ਕੋਈ ਲਿਖਤ ਹੈ
ਨਾ ਮੇਰੀ ਪੜ੍ਹਤ ਹੀ
ਨਾ ਕੋਈ ਪੱਕਾ ਕੱਚਾ ਕਾਗਜ਼ ਹੈ
ਨਾ ਹਰਫ਼ ਹੀ
ਪਰ ਉਹ ਕਹਿੰਦੇ ਨੇ
ਕਿ ਸ਼ਹਿਰ ਤੇਰਾ ਹੈ।

ਇਹ ਸ਼ਾਇਰ ਮਿੱਤਰ ਮਦਨਵੀਰਾ ਦੀ ਲੰਮੀ ਨਜ਼ਮ 'ਬੇਵਤਨਾ' ਦੀਆਂ ਸ਼ੁਰੂਆਤੀ ਸਤਰਾਂ ਹਨ। ਇਹ ਮਹਿਜ਼ ਨਜ਼ਮ ਨਹੀਂ ਹੈ, ਸਗੋਂ ਭਾਰਤ ਦੇ ਉਸ ਕਰੋੜਾਂ ਕਰੋੜ ਅਵਾਮ ਦੀ ਪੀੜ ਹੈ, ਜੋ 'ਸ਼ਾਈਨਿੰਗ ਇੰਡੀਆ' ਦੀਆਂ ਬਹੁਮੰਜਿਲਾਂ ਇਮਾਰਤਾਂ ਦੀਆਂ ਨੀਂਹਾਂ ਤੋਂ ਲੈ ਕੇ ਆਖ਼ਰੀ ਇੱਟ ਤੱਕ ਭਾਰਤ ਦੇ ਇਨ੍ਹਾਂ ਕਿਰਤੀ ਹੱਥਾਂ ਨੇ ਹੀ ਲਾਈ ਹੈ। ਇੱਕ ਨਵੇਂ ਭਾਰਤ ਨੂੰ ਉਸਾਰਨ ਵਾਲੇ ਇਹ ਲੋਕ ਖ਼ੁਦ ਪਹਿਲਾਂ ਵੀ ਬੇਵਤਨੇ ਸਨ ਤੇ ਅੱਜ ਵੀ ਇਨ੍ਹਾਂ ਦਾ ਕੋਈ ਘਰ ਘਾਟ ਜਾ ਵਤਨ ਨਹੀਂ ਹੈ। ਇਨ੍ਹਾਂ ਦੀ ਇਸ ਪੀੜ ਨੂੰ ਸ਼ਾਇਰ ਮਦਨ ਵੀਰਾ ਪਰਤ-ਦਰ-ਪਰਤ ਖੋਲ੍ਹਦਾ ਤੁਰਿਆ ਜਾਂਦਾ ਹੈ:

ਇੱਥੇ ਮੇਰਾ ਜੰਮਣਾ-ਜੰਮਣਾ ਨਹੀਂ
ਗੰਦੀ ਨਾਲੀ 'ਚ
ਕਿਸੇ ਕੀਟ ਦਾ ਰੀਂਗਣਾ ਹੈ
ਤੇ ਮੇਰੀ ਮੌਤ ਚਿੜੀ ਦੀ ਮੌਤ ਹੋਵੇਗੀ
ਜਿਸ 'ਤੇ ਅਖੌਤੀ ਸਿਆਣੇ ਤੇ ਗਵਾਰ
ਮਿਲ ਕੇ ਹੱਸਣਗੇ-
ਅਸ਼ਲੀਲ ਫਬੱਤੀਆਂ ਕੱਸਣਗੇ।

ਕਿਸੇ ਨੂੰ ਇਉਂ ਲੱਗ ਸਕਦਾ ਹੈ ਕਿ ਇਹ ਤਾਂ ਅਤਿਕਥਨੀ ਹੈ, ਹਾਲਾਤ ਏਨੇ ਵੀ ਮਾੜੇ ਨਹੀਂ! ਪਰ ਜਿਹੜੇ ਲੋਕ ਇਹ ਸਭ ਕੁਝ ਭੋਗ ਰਹੇ ਹਨ, ਉਨ੍ਹਾਂ ਦੀਆਂ ਸਥਿਤੀਆਂ ਤਾਂ ਬਿਆਨ ਕਰਨੀਆਂ ਵੀ ਔਖੀਆਂ ਹਨ। ਇਨ੍ਹਾਂ ਕੋਲੋਂ ਤਾਂ ਮਨੁੱਖਾਂ ਵਾਂਗ ਜਿਉਣ ਦਾ ਹੱਕ ਵੀ ਖੋਹ ਲਿਆ ਗਿਆ ਹੈ। ਇਹ ਜ਼ਿੰਦਗੀ ਦੀਆਂ ਬਿਲਕੁਲ ਬੁਨਿਆਦੀ ਲੋੜਾਂ ਤੋਂ ਹਰ ਪਾਸਿਓਂ ਮਹਿਰੂਮ ਹਨ। ਕਿਧਰੇ ਕੋਈ ਸੁਣਵਾਈ ਵੀ ਨਹੀਂ ਹੈ। ਸਿਆਸਤਦਾਨਾਂ ਨੂੰ ਇਨ੍ਹਾਂ ਦੀ ਯਾਦ ਸਿਰਫ਼ ਵੋਟਾਂ ਵਾਲੇ ਦਿਨਾਂ ਦੌਰਾਨ ਹੀ ਆਉਂਦੀ ਹੈ ਤੇ ਹਰ ਵਾਰ ਵਾਅਦਿਆਂ ਦੀਆਂ ਬੇੜੀਆਂ ਵਿੱਚ ਚਾੜ੍ਹ ਕੇ ਇਨ੍ਹਾਂ ਨੂੰ ਝੂਟੇ ਦੇ ਦਿੱਤੇ ਜਾਂਦੇ ਹਨ ਤੇ ਚੋਣਾਂ ਲੰਘਦਿਆਂ ਹੀ ਇਨ੍ਹਾਂ ਦੀਆਂ ਬੇੜੀਆਂ ਵਿੱਚ ਉਹੀ ਪੁਰਾਣੇ ਵੱਟੇ ਸੁੱਟ ਦਿੱਤੇ ਜਾਂਦੇ ਹਨ। ਇੱਕ ਵੋਟ ਪਰਚੀ ਹੀ ਇਨ੍ਹਾਂ ਦੀ ਹੈਸੀਅਤ ਹੈ; ਪਰ ਇਹਦੇ ਬਾਵਜੂਦ ਇਹ ਲੋਕ ਪਿੰਡ ਜਾਂ ਸ਼ਹਿਰ ਤੋਂ ਫਿਰ ਵੀ ਮੁਨਕਰ ਨਹੀਂ ਹਨ। ਕਿਉਂ? ਸ਼ਾਇਰ ਮਦਨ ਵੀਰਾ ਦੇ ਬੋਲ ਦੱਸਦੇ ਹਨ:

ਇਹ ਪਿੰਡ? ਇਸ ਲਈ ਮੇਰਾ ਹੈ
ਕਿ ਇਹਦੀ ਮਿੱਟੀ 'ਚ ਜੜ ਹੋਏ ਨੇ
ਮੇਰੇ ਪੁਰਖੇ
ਇਹ ਸ਼ਹਿਰ? ਇਸ ਲਈ ਮੇਰਾ ਹੈ
ਕਿ ਇਹਦੀਆਂ ਉੱਚੀਆਂ ਇਮਾਰਤਾਂ 'ਚ
ਮੇਰੇ ਲਹੂ ਦੀ ਲਿਸ਼ਕ ਹੈ
ਕਿ ਪਿੰਡ ਦੀ ਹਰ ਡੰਡੀ
ਸੜਕਾਂ 'ਚ ਖਪ ਜਾਂਦੀ ਹੈ
ਕਿ ਇੱਥੋਂ ਜਾਰੀ ਹੋਇਆ ਹੈ
ਮੈਨੂੰ ਪੀਲਾ ਕਾਰਡ
ਤੇ ਮੈਨੂੰ ਹੱਕ ਦੇ ਨਾਂਅ 'ਤੇ ਮਿਲੀ ਹੈ
ਵੋਟ ਦੀ ਪਰਚੀ
ਜੋ ਲੋਕਤੰਤਰ ਦੇ ਅੰਬਰ ਨੂੰ
ਟਟੀਰੀ ਵਾਂਗ ਥੰਮੀ ਖੜ੍ਹੀ ਹੈ
ਆਪਣੀਆਂ ਟੰਗਾਂ ਉੱਤੇ।

ਇਨ੍ਹਾਂ ਬੇਵਤਨਾਂ ਦੀ ਪੀੜ ਨੂੰ ਹੋਰ ਡੂੰਘਾਈ ਨਾਲ ਸਮਝਣ ਲਈ ਵੇਖੀਏ ਤਾਂ ਅੱਜ ਦੇ ਭਾਰਤ ਵਿੱਚ ਅੰਦਰੂਨੀ ਹਿਜਰਤਕਾਰਾਂ ਦੀ ਗਿਣਤੀ 40 ਕਰੋੜ ਤੋਂ ਵੱਧ ਹੈ, ਜੋ ਦੇਸ਼ ਦੀ ਅਰਥਵਿਵਸਥਾ ਨੂੰ ਚਲਾਉਂਦੇ ਹਨ, ਪਰ ਆਪਣੇ ਲਈ ਕੁਝ ਵੀ ਨਹੀਂ ਰੱਖਦੇ। 2024 ਵਿੱਚ ਹੀ ਕੁਦਰਤੀ ਆਫ਼ਤਾਂ ਨੇ 54 ਲੱਖ ਲੋਕਾਂ ਨੂੰ ਬੇਘਰ ਕਰ ਦਿੱਤਾ, ਜਿਨ੍ਹਾਂ ਵਿੱਚ ਜ਼ਿਆਦਾਤਰ ਅੰਤਰ-ਰਾਜੀ ਵਰਕਰ ਸਨ, ਜੋ ਜਲਵਾਯੂ ਬਦਲਾਅ ਦੇ ਸ਼ਿਕਾਰ ਹੋ ਰਹੇ ਹਨ, ਪਰ ਕੋਈ ਸੁਰੱਖਿਆ ਨਹੀਂ ਮਿਲ ਰਹੀ। ਇਹ ਲੋਕ ਹੀ ਭਾਰਤ ਦੀ ਅਰਥਵਿਵਸਥਾ ਨੂੰ ਚਲਾਉਂਦੇ ਹਨ। ਇਨ੍ਹਾਂ ਨੂੰ ਨਾ ਘਰ ਦਾ ਹੱਕ ਹੈ, ਨਾ ਰਾਜਨੀਤਿਕ ਨੁਮਾਇੰਦਗੀ; ਨਾ ਬੱਚਿਆਂ ਲਈ ਸਿੱਖਿਆ, ਨਾ ਹੀ ਕਿਰਤੀ ਹੱਕ-ਹਕੂਕ। ਉਨ੍ਹਾਂ ਦੇ ਘਰੇਲੂ ਰਾਜਾਂ ਵਿੱਚ ਨੌਕਰੀਆਂ ਦੀ ਕਮੀ ਕਾਰਨ ਨੌਜਵਾਨ ਲੜਕੇ ਬਾਹਰ ਚਲੇ ਜਾਂਦੇ ਹਨ, ਪਰ ਉੱਥੇ ਉਹ ਸੋਧਨਕਾਰੀ ਹਾਲਾਤ ਵਿੱਚ ਫਸ ਜਾਂਦੇ ਹਨ, ਜਿੱਥੇ ਸੋਸ਼ਲ ਸਿਕਿਉਰਿਟੀ ਦੀ ਕਮੀ, ਫੋਰਸਡ ਲੇਬਰ ਅਤੇ ਡਿਸਕ੍ਰੀਮੀਨੇਸ਼ਨ ਉਨ੍ਹਾਂ ਨੂੰ ਘੇਰ ਲੈਂਦੀ ਹੈ, ਖਾਸ ਕਰ ਕੇ ਕਿਸੇ ਆਫ਼ਤ ਵੇਲੇ।

ਪੰਜਾਬ ਵਰਗੇ ਰਾਜਾਂ ਵਿੱਚ ਤਾਂ ਹਾਲਾਤ ਹੋਰ ਵੀ ਗੰਭੀਰ ਹਨ। 2025 ਵਿੱਚ ਪੰਜਾਬ ਅੰਤਰਰਾਜ਼ੀ ਮਜ਼ਦੂਰਾਂ ਪ੍ਰਤੀ ਨਫ਼ਰਤ ਨੂੰ ਵਧਾ ਦਿੱਤਾ ਹੈ। ਇਨ੍ਹਾਂ ਵਰਕਰਾਂ ਵਿਰੁੱਧ ਹਮਲੇ ਵਧੇ ਹਨ। ਲੁਧਿਆਣਾ ਵਰਗੇ ਸ਼ਹਿਰਾਂ ਵਿੱਚ ਭਾਰਤ-ਪਾਕਿਸਤਾਨ ਤਣਾਅ ਨੇ ਦਿਹਾੜੀਦਾਰਾਂ ਨੂੰ ਡਰਾਇਆ ਅਤੇ ਉਹ ਆਪਣੇ ਘਰਾਂ ਨੂੰ ਵਾਪਸ ਚਲੇ ਗਏ। ਮੌਜੂਦਾ ਕਾਨੂੰਨ ਇਨ੍ਹਾਂ ਨੂੰ ਸੁਰੱਖਿਆ ਨਹੀਂ ਦੇ ਸਕਦੇ, ਖਾਸ ਕਰ ਕੇ ਆਫ਼ਤ ਵੇਲੇ ਅਤੇ ਕਿਰਤ ਕਾਨੂੰਨਾਂ ਨੂੰ ਫਿਰ ਤੋਂ ਵਿਚਾਰਨ ਦੀ ਲੋੜ ਹੈ ਤਾਂ ਜੋ ਇਨ੍ਹਾਂ ਦੇ ਅਧਿਕਾਰ ਬਚ ਸਕਣ।

ਦਰਅਸਲ ਭਾਰਤ ਨੂੰ ਹੁਣ ਸੰਸਦ ਤੋਂ ਬਾਹਰ ਸੜਕਾਂ 'ਤੇ ਹੋਣ ਵਾਲੇ ਸਾਂਝੇ ਸੰਘਰਸ਼ਾਂ ਨੇ ਹੀ ਬਚਾਅ ਸਕਣਾ ਹੈ ਤੇ ਇਹਦੇ ਵਿੱਚ ਸਭ ਤੋਂ ਵੱਡੀ ਭੂਮਿਕਾ 'ਲਿਸ਼ਕਦੇ ਪੁਸ਼ਕਦੇ ਭਾਰਤ ਵਿੱਚੋਂ ਛੇਕ ਦਿੱਤੇ ਗਏ ਉਸ ਕਿਰਤੀ ਵਰਗ ਨੇ ਨਿਭਾਉਣੀ ਹੈ, ਜਿਹਦਾ ਇਸ ਧਰਤੀ ਦੀ ਹਰ ਸ਼ੈਅ 'ਤੇ ਪਹਿਲਾ ਹੱਕ ਹੈ।'

ਇਨ੍ਹਾਂ ਬੇਵਤਨਾਂ ਦੀ ਭੂਮਿਕਾ ਦੂਰ ਤੱਕ ਲਾਜ਼ਮੀ ਜਾਏਗੀ ਕਿਉਂਕਿ ਉਨ੍ਹਾਂ ਦੇ ਲਹੂ ਨਾਲ ਬਣੀਆਂ ਇਮਾਰਤਾਂ ਵਿੱਚ ਬਿਨਾ ਉਨ੍ਹਾਂ ਦੇ ਨਾਂ ਦੇ ਭਾਰਤ ਅਧੂਰਾ ਹੈ। ਮਦਨ ਵੀਰਾ ਦੀ ਇਹ ਨਜ਼ਮ ਨਾ ਸਿਰਫ਼ ਪੀੜ ਨੂੰ ਬਿਆਨ ਕਰਦੀ ਹੈ, ਸਗੋਂ ਉਮੀਦ ਵੀ ਜਗਾਉਂਦੀ ਹੈ ਕਿ ਇੱਕ ਦਿਨ ਇਹ ਬੇਵਤਨੇ ਵੀ ਆਪਣਾ ਪਿੰਡ ਅਤੇ ਸ਼ਹਿਰ ਪਾ ਲੈਣਗੇ, ਜਿੱਥੇ ਉਹ ਆਪਣੇ ਪੁਰਖਿਆਂ ਦੀਆਂ ਜੜ੍ਹਾਂ ਨੂੰ ਮਾਣ ਸਕਣਗੇ ਤੇ ਆਪਣੇ ਲਹੂ ਦੀ ਲਿਸ਼ਕ ਨੂੰ ਮਾਣ ਨਾਲ ਯਾਦ ਕਰਨਗੇ। ਪਰ ਇਸ ਤੱਕ ਪਹੁੰਚਣ ਲਈ ਸੜਕਾਂ 'ਤੇ ਸੰਘਰਸ਼ ਅਤੇ ਨੀਤੀਆਂ ਵਿੱਚ ਬਦਲਾਅ ਦੀ ਲੋੜ ਹੈ, ਜੋ ਇਨ੍ਹਾਂ ਨੂੰ ਸਿਰਫ਼ ਵੋਟ ਨਾ ਬਣਾ ਕੇ ਨਾਗਰਿਕ ਬਣਾਏ। ਇਹ ਕਿਰਤੀ ਵਰਗ, ਜੋ ਧਰਤੀ ਦਾ ਅਸਲ ਮਾਲਕ ਹੈ, ਇਸ ਲੜਾਈ ਵਿੱਚ ਅੱਗੇ ਵਧੇਗਾ ਅਤੇ ਉਹ ਸਵੇਰ ਜਲਦੀ ਆ ਜਾਵੇਗੀ, ਜਿੱਥੇ ਡਰੀ ਹੋਈ ਲੇਰ ਨੂੰ ਚਮਕਦਾਰ ਰੌਸ਼ਨੀ ਨਾਲ ਬਦਲ ਦਿੱਤਾ ਜਾਵੇ। ਮਦਨ ਵੀਰਾ ਦੀਆਂ ਇਨ੍ਹਾਂ ਕਾਵਿ ਸਤਰਾਂ ਨਾਲ ਦਿਓ ਆਗਿਆ:

ਉਹਦੀਆਂ ਅੱਖਾਂ ਵਿਚ
ਫਿੱਕੀ ਤੇ ਡਰੀ ਜਿਹੀ ਲੇਰ ਹੈ
ਅਜੇ ਕਿੰਨੀ ਕੁ ਦੂਰ ਸਵੇਰ ਹੈ।

# ‘ਸਵੇਰਾ’ ਨੇ ਮਨਾਈਆਂ ਰਵਾਇਤੀ ਢੰਗ ਨਾਲ ‘ਤੀਆਂ’

**ਸ਼ਿਕਾਗੋ:** ‘ਸਵੇਰਾ’ ਸੰਸਥਾ ਵੱਲੋਂ ਰਵਾਇਤੀ ਢੰਗ ਨਾਲ ਮਨਾਈਆਂ ਗਈਆਂ ‘ਧੀਆਂ ਦੀਆਂ ਤੀਆਂ’ ਦੌਰਾਨ ਗੀਤ ਗਾਉਂਦੀਆਂ, ਰੁਕ ਰੁਕ ਗਿੱਧਾ ਪਾਉਂਦੀਆਂ, ਹੱਥੀਂ ਮਹਿੰਦੀ, ਬਾਹੀਂ ਚੂੜਾ, ਗੁੱਤੀਂ ਪਾਏ ਪਰਾਂਦੇ, ਸਖੀਆਂ ਨਾਲ ਰਲ-ਮਿਲ ਤੀਆਂ ਦਾ ਤਿਓਹਾਰ ਮਨਾਉਂਦੀਆਂ, ਪੰਜਾਬੀ ਰੰਗ ਵਿੱਚ ਰੰਗੀਆਂ ਮੁਟਿਆਰਾਂ ਇੱਕ ਦੂਜੀ ਨਾਲ ਆਪਣੇ ਮਨ ਦੇ ਵਲਵਲੇ ਸਾਂਝੇ ਕਰਦੀਆਂ ਪੂਰੇ ਖੇੜੇ ਵਿੱਚ ਨਜ਼ਰ ਆ ਰਹੀਆਂ ਸਨ।

















ਇਸ ਮੌਕੇ ਗੀਤ-ਸੰਗੀਤ ਦੇ ਨਾਲ ਮੁਟਿਆਰਾਂ, ਬੀਬੀਆਂ, ਬਜ਼ੁਰਗ ਔਰਤਾਂ ਨੇ ਆਪਣੇ ਦਿਲ ਦੇ ਵਲਵਲੇ ਪੇਸ਼ ਕੀਤੇ ਤੇ ਤੀਆਂ ਦਾ ਖੂਬ ਅਨੰਦ ਮਾਣਿਆ। ਪੁਰਾਣੇ ਸਮਿਆਂ ਵਿੱਚ ਵਿਆਹੀਆਂ ਕੁੜੀਆਂ ਸਉਣ ‘ਚ ਪੇਕੇ ਜਾ ਕੇ ਆਪਣੀਆਂ ਸਖੀਆਂ-ਸਹੇਲੀਆਂ ਨੂੰ ਮਿਲ ਕੇ ਆਪਣੀਆਂ ਯਾਦਾਂ ਤਾਜ਼ਾ ਕਰਨ ਲੈਂਦੀਆਂ ਸਨ, ਉਵੇਂ ਹੀ ਸ਼ਿਕਾਗੋ ਦੀਆਂ ਤੀਆਂ ਵਿੱਚ ਵੀ ਕੁੜੀਆਂ ਆਪਣੇ ਚਾਅ ਪੂਰੇ ਕਰ ਲੈਂਦੀਆਂ ਹਨ, ਤੇ ਤੀਆਂ ਉਤੇ ਸ਼ਾਮ ਤੱਕ ਮੁਟਿਆਰਾਂ ਡੀ.ਜੇ. ‘ਤੇ ਨੱਚਦੀਆਂ ਰਹਿੰਦੀਆਂ ਹਨ। ਐਨ ਉਵੇਂ ਹੀ ‘ਸਵੇਰਾ’ ਦੇ ਤੀਆਂ ਦੇ ਮੇਲੇ ਵਿੱਚ ਦ੍ਰਿਸ਼ ਬਣਿਆ ਪਿਆ ਸੀ। ਖੁੱਲ੍ਹੇ ਅਸਮਾਨ ਹੇਠ ਖਿੜ੍ਹੀ ਧੁੱਪ ਵਿੱਚ ਤੀਆਂ ਦਾ ਰੰਗ ਹੀ ਹੋਰ ਹੋ ਜਾਂਦਾ ਹੈ, ਤੇ ਇਹ ਤੀਆਂ ਪਾਰਕ ਵਿੱਚ ਸ਼ੈੱਡ ਥੱਲੇ ਜੁੜੀਆਂ। ਨਾਲ ਹੀ ਇੱਕ ਦਰਖਤ ‘ਤੇ ਪਾਈ ਪੀਂਘ ਦਾ ਛੋਟੀਆਂ ਬੱਚੀਆਂ ਦੇ ਨਾਲ ਨਾਲ ਵੱਡੀਆਂ ਮੁਟਿਆਰਾਂ ਨੇ ਵੀ ਝੂਟਣ ਦਾ ਖੂਬ ਅਨੰਦ ਲਿਆ। ਉਨ੍ਹਾਂ ਖੂਹ ਤੋਂ ਪਾਣੀ ਭਰਨ ਦਾ ਸਵਾਂਗ ਰਚਾ ਕੇ ਪਾਣੀ ਭਰਨ ਵਾਲੀਆਂ ਫੋਟੋਆਂ ਖਿੱਚ-ਖਿੱਚ ਅਤੇ ਰੀਲਾਂ ਬਣਾ ਕੇ ਸੋਸ਼ਲ ਮੀਡੀਆ ‘ਤੇ ਪਾਈਆਂ। ਇਸ ਮੌਕੇ ਉਨ੍ਹਾਂ ਦੇ ਚਾਅ ਡੁੱਲ੍ਹ ਡੁੱਲ੍ਹ ਪੈ ਰਹੇ ਸਨ ਅਤੇ ਰੰਗ-ਬਰੰਗੇ, ਸੋਹਣੇ ਸੋਹਣੇ ਪਹਿਰਾਵਿਆਂ ਤੇ ਹਾਰ-ਸ਼ਿੰਗਾਰ ਵਿੱਚ ਫੱਬੀਆਂ ਪੂਰੇ ਨਾਜ਼-ਨਖਰੇ ਕਰਦੀਆਂ ਬਾਗੋਬਾਗ ਹੋਈਆਂ ਪਈਆਂ ਸਨ।

ਇਸ ਵਾਰ ਤੀਆਂ ਦਾ ਆਗਾਜ਼ ਕਵਿਤਾ ਪਾਠ ਨਾਲ ਕੀਤਾ ਗਿਆ, ਜਿਸ ਵਿੱਚ ਛੋਟੀਆਂ ਬੱਚੀਆਂ ਤੋਂ ਸ਼ੁਰੂਆਤ ਕਰਵਾਉਂਦਿਆਂ ਵੱਡੀਆਂ ਨੇ ਵੀ ਕਵਿਤਾਵਾਂ ਪੜ੍ਹੀਆਂ। ਲਹਿੰਦੇ ਪੰਜਾਬ ਤੋਂ ਵੀ ਇੱਕ ਬੀਬੀ ਨੇ ਕਵਿਤਾ ਪੜ੍ਹੀ। ਇੰਡੀਆਨਾ ਤੋਂ ਆਈ ਕਵਿਤਰੀ ਰਾਕਿੰਦ ਕੌਰ ਨੇ ਤੀਆਂ ਦੇ ਵਿੱਚ ਕਵਿਤਾਵਾਂ ਦਾ ਭਾਗ ਸੰਭਾਲਿਆ। ਉਸ ਬੁਝਾਰਤਾਂ ਵੀ ਪੁੱਛੀਆਂ।

ਬੀਬੀ ਜਸਬੀਰ ਕੌਰ ਮਾਨ, ਜੋ ਕਿ ‘ਸਵੇਰਾ’ ਟੀਮ ਦੀ ਜਾਨ ਹੈ, ਨੇ ਆਈਆਂ ਹੋਈਆਂ ਸਾਰੀਆਂ ਮਹਿਮਾਨ ਬੀਬੀਆਂ/ਮੁਟਿਆਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਤੀਆਂ ਦਾ ਪ੍ਰੋਗਰਾਮ ਸਾਡਾ ਸਭ ਦਾ ਸਾਂਝਾ ਹੈ। ਉਨ੍ਹਾਂ ਨਾਲ ਹੀ ‘ਸਵੇਰਾ’ ਟੀਮ ਦੇ ਕੰਮਾਂ ਬਾਰੇ ਜਾਣੂੰ ਕਰਵਾਇਆ ਕਿ ਜਿਵੇਂ ਕਿਸੇ ਵੀ ਕੁੜੀ ਨੂੰ ਕਿਸੇ ਵੀ ਤਰ੍ਹਾਂ ਦੀ ਲੋੜ ਹੋਵੇ, ਉਸ ਦੀ ਮਦਦ ਕੀਤੀ ਜਾਂਦੀ ਹੈ। ਬੀਬੀ ਮਾਨ ਨੇ ਕੁਝ ਪੁਰਾਣੇ ਰਸਮੀ ਸ਼ਬਦਾਂ ਬਾਰੇ ਤੀਆਂ ਵਿੱਚ ਜੁੜੀਆਂ ਬੀਬੀਆਂ ਤੋਂ ਨਾਨਕੀ ਸ਼ੱਕ ਆਦਿ ਬਾਰੇ ਪੁੱਛਿਆ ਗਿਆ।

ਇਸ ਤੋਂ ਬਾਅਦ ਰੰਗਾ-ਰੰਗ ਪ੍ਰੋਗਰਾਮ ਸ਼ੁਰੂ ਹੋਇਆ, ਜਿਸ ਵਿੱਚ ਕਈ ਆਈਟਮਾਂ ਪੇਸ਼ ਕੀਤੀਆਂ ਗਈਆਂ। ਇਸ ਵਿੱਚੋਂ ਸਭ ਤੋਂ ਵੱਧ ਪਿਆਰ ਸੱਸ-ਨੂੰਹ ਤੇ ਪੁੱਤਰ ਦੀ ਨੋਕ-ਝੋਕ ਨੇ ਲੁੱਟਿਆ, ਜਿਸ ਵਿੱਚ ਇਹ ਦਰਸਾਇਆ ਗਿਆ ਕਿ ਜਦ ਸੱਸ ਦੀ ਪੈਨਸ਼ਨ ਲੱਗਦੀ ਹੈ ਤੇ ਸੱਸ ਦੇ ਵੀ ਨਖਰੇ ਵਧ ਜਾਂਦੇ ਹਨ, ਤੇ ਨੂੰਹ-ਪੁੱਤ ਵੀ ਪੈਨਸ਼ਨ ਲੱਗੀ ਮਾਂ ਦੀ ਕਿਵੇਂ ਸੇਵਾ ਕਰਦੇ ਹਨ। ਰਾਜਵਿੰਦਰ ਕੌਰ, ਰਿੰਪਲ ਤੇ ਬਲਜੀਤ ਵੱਲੋਂ ਬੋਲੀਆਂ ਪਾਈਆਂ ਗਈਆਂ। ਉਨ੍ਹਾਂ ਆਪਣੀ ਟੀਮ ਦੇ ਨਾਲ ਗਿੱਧਾ ਪਾ ਕੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ।

ਇਸ ਮੌਕੇ ਸਭ ਤੋਂ ਵੱਡੀ ਉਮਰ ਦੀ ਬੇਬੇ ਮੁਖਤਿਆਰ ਕੌਰ (98 ਸਾਲ) ਅਤੇ 94-94 ਸਾਲ ਦੀਆਂ ਬਜ਼ੁਰਗ ਬੀਬੀਆਂ- ਪ੍ਰਕਾਸ਼ ਵਰਮਾ ਤੇ ਕਰਮਜੀਤ ਕੌਰ ਦਾ ਵਿਸ਼ੇਸ਼ ਸਨਮਾਨ ਕਰਨ ਦੇ ਨਾਲ ਨਾਲ ਸਟੇਜ ਉਤੇ ਉਨ੍ਹਾਂ ਨਾਲ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ। ਉਨ੍ਹਾਂ ਦੇ ਸਮੇਂ ਦੇ ਕਿੱਸੇ ਅਤੇ ਬੋਲੀਆਂ ਸੁਣੀਆਂ। ਸੀਰਤ ਕੌਰ ਕਲੇਰ ਵੱਲੋਂ ਆਪਣੇ ਜ਼ਿੰਦਗੀ ਦੇ ਅਨੁਭਵ ਵਿੱਚੋਂ ਕੋਈ ਸਲਾਹ ਪੁੱਛੇ ਜਾਣ ‘ਤੇ ਵੱਡੀ ਬੇਬੇ ਨੇ ਜਵਾਬ ਵਿੱਚ ਕਿਹਾ ਕਿ ਆਪਣੇ ਵੱਡਿਆਂ ਦਾ ਸਤਿਕਾਰ ਤੇ ਛੋਟੇ ਬੱਚਿਆਂ ਨੂੰ ਪਿਆਰ ਨਾਲ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਇਸ ਮੌਕੇ ਮਨਪ੍ਰੀਤ ਕੌਰ ਦੀ ਧੀ ਤੇ ਬੀਬੀ ਹਰਮੇਸ਼ ਕੌਰ ਬੈਂਸ ਦੀ ਪੋਤੀ ਬੱਚੀ ਰਹਿਮਤ ਕੌਰ, ਜੋ ਤੀਆਂ ਵਿੱਚ ਸਭ ਤੋਂ ਛੋਟੀ ਸੀ, ਨੂੰ ਗਿਫਟ ਹੈਂਪਰ ਦਿੱਤਾ ਗਿਆ। ਇਸ ਮੌਕੇ ਮਰਹੂਮ ਜੌਲੀ ਡੰਡੋਨਾ ਨੂੰ ਵੀ ਯਾਦ ਕੀਤਾ ਗਿਆ।

‘ਸਵੇਰਾ’ ਦੀ ਟੀਮ ਸਵੇਰ ਤੋਂ ਹੀ ਪ੍ਰੋਗਰਾਮ ਦੀ ਤਿਆਰੀ ਵਿੱਚ ਲੱਗੀ ਹੋਈ ਸੀ। ਜਦ ਤੀਆਂ ਵਿੱਚ ਮੇਲ ਇਕੱਠਾ ਹੋਣ ਲੱਗਾ ਤਾਂ ‘ਸਵੇਰਾ’ ਟੀਮ ਮੈਂਬਰਾਂ ਨੇ ਸਟੇਜ ਸੰਭਾਲਣ ਦੀ ਭੂਮਿਕਾ ਬਾਖੂਬੀ ਨਿਭਾਈ। ਮਨਜਿੰਦ ਬਰਾੜ ਟਿਕਟਾਂ ਵਾਲੇ ਟੇਬਲ ’ਤੇ ਡਿਊਟੀ ਨਿਭਾਅ ਰਹੀ ਸੀ। ਡਿੰਪੀ ਤੇ ਸੁਖਵੀਰ ਨੇ ਤੀਆਂ ’ਚ ਆਈ ਸਭ ਤੋਂ ਵੱਡੀ ਬੇਬੇ ਤੇ ਸਭ ਤੋਂ ਛੋਟੀ ਬੱਚੀ ਨੂੰ ਚੁਣਨ ਸਮੇਤ ਹੋਰ ਜ਼ਿੰਮੇਵਾਰੀਆਂ ਆਪਣੇ ਸਿਰ ’ਤੇ ਲਈਆਂ ਹੋਈਆਂ ਸਨ। ਅਖੀਰ ਵਿੱਚ ਬੀਬੀ ਜਸਬੀਰ ਕੌਰ ਮਾਨ ਨੇ ਟੀਮ ਸਵੇਰਾ ਵੱਲੋਂ ਸਭ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਬੀਬੀਆਂ ਨੇ ਕੱਪੜੇ, ਗਹਿਣੇ, ਜੁੱਤੀਆਂ ਆਦਿ ਦੇ ਸਟਾਲਾਂ ਤੋਂ ਖਰੀਦੋ-ਫਰੋਖਤ ਕੀਤੀ ਅਤੇ ਬਰਫ ਵਾਲੇ ਗੋਲੇ, ਕੜ੍ਹੀ-ਚੌਲ, ਛੋਲੇ-ਪੂਰੀਆਂ ਤੇ ਜਲੇਬੀਆਂ ਦਾ ਸਵਾਦ ਚੱਖਿਆ।















# ਪੰਜਾਬ ਅਤੇ ਚੜ੍ਹਦੀ ਕਲਾ ਦਾ ਸਰੂਰ

## ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬੱਤ ਦਾ ਭਲਾ॥

*ਜਿਸ ਚੜ੍ਹਦੀ ਕਲਾ ਦੀ ਗੱਲ ਅਸੀਂ ਕਰ ਰਹੇ ਹਾਂ, ਉਹ ਪੰਥ ਵਿੱਚੋਂ ਨਿਕਲੀ ਹੈ ਤੇ ਹੁਣ ਪੰਜਾਬ ਵਿੱਚ ਤੇ ਸ਼ੋਸ਼ਲ ਮੀਡੀਆ 'ਤੇ ਵੀ ਪੰਥਕ ਗੱਲ ਹੋਣ ਲੱਗੀ ਹੈ। ਸਾਨੂੰ ਸਭ ਚੀਜ਼ਾਂ ਤੋਂ ਉਪਰ ਉੱਠ ਕੇ ਇਸ ਆਵਾਜ਼ 'ਤੇ ਪਹਿਰਾ ਦੇਣਾ ਚਾਹੀਦਾ ਹੈ ਤੇ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਅਖੌਤੀ ਲੀਡਰਾਂ ਦੀਆਂ ਚਾਲਾਂ ਤੋਂ ਪੰਜਾਬ ਦਾ ਖਹਿੜਾ ਕਿਵੇਂ ਛੁਡਵਾਉਣਾ ਹੈ। ਜਿਹੜੀਆਂ ਬਾਹਰਲੀਆਂ ਤਾਕਤਾਂ ਆ ਕੇ ਪੰਜਾਬ ਵਿੱਚ ਹੱਕ ਜਮਾਈ ਬੈਠੀਆਂ ਹਨ, ਉਨ੍ਹਾਂ ਦੀਆਂ ਪਾਈਆਂ ਜ਼ੰਜੀਰਾਂ ਤੋਂ ਪੰਜਾਬ ਨੂੰ ਮੁਕਤ ਕਿਵੇਂ ਕਰਵਾਉਣਾ ਹੈ?*

ਸਤਨਾਮ ਕੌਰ ਮੁਕਤਸਰ

ਸਿੱਖ ਜਦੋਂ ਵੀ ਗੁਰਦੁਆਰੇ ਵਿੱਚ, ਸੰਗਤ ਵਿੱਚ ਜਾਂ ਵਿਅਕਤੀਗਤ ਰੂਪ ਵਿੱਚ ਅਰਦਾਸ ਕਰਦਾ ਹੈ ਤਾਂ ਅਰਦਾਸ ਦੇ ਅਖੀਰ ਵਿੱਚ ਗੁਰੂ ਸਹਿਬਾਨ, ਸ਼ਹੀਦਾਂ ਤੇ ਪੰਥ ਤੋਂ ਵਿਛੜੇ ਗੁਰਦੁਆਰਿਆਂ ਨੂੰ ਯਾਦ ਕਰਨ ਤੋਂ ਬਾਅਦ ਅਕਾਲ ਪੁਰਖ ਤੋਂ ਨਾਮ ਦਾ ਦਾਨ, ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਮੰਗਦਾ ਹੈ। ਸਿੱਖ ਜਦੋਂ ਸਰੱਬਤ ਦਾ ਭਲਾ ਮੰਗਦਾ ਹੈ ਤਾਂ ਉਹ ਉਹਦੇ ਵਿੱਚ ਆਪਣਾ ਭਲਾ ਵੀ ਦੇਖਦਾ ਹੈ। ਸਰਬੱਤ ਦਾ ਮਤਲਬ ਹੈ- ਸਭ ਸੰਸਾਰ ਦਾ ਭਲਾ; ਇੱਕੋ ਇੱਕ ਇਹੀ ਸਿੱਖ ਕੌਮ ਹੈ, ਜੋ ਹਰ ਲਈ ਅਰਦਾਸ ਕਰਦੀ ਹੈ। ਇਹ ਉਹ ਚੜ੍ਹਦੀ ਕਲਾ ਹੈ, ਜੋ ਅਸੀਂ ਪੰਜਾਬ ਵਿੱਚ ਆਏ ਹੜ੍ਹਾਂ ਵਿੱਚ ਦੇਖੀ ਹੈ। ਬੇਸ਼ੱਕ ਇਹ ਚੜ੍ਹਦੀ ਕਲਾ ਦਾ ਨਾਮ ਅਸੀਂ ਗੁਰਦੁਆਰਿਆਂ ਅਤੇ ਧਾਰਮਿਕ ਸਟੇਜਾਂ 'ਤੇ ਗੂੰਜਦੇ ਦੇਖਿਆ ਹੈ, ਜੋ ਸਿੱਖ ਧਰਮ ਦਾ ਇੱਕ ਬਹੁਤ ਮਹੱਤਵਪੂਰਨ ਸਿਧਾਂਤ ਹੈ, ਜੋ ਇੱਕ ਸਕਾਰਾਤਮਕ ਸੋਚ ਨੂੰ ਜਨਮ ਦਿੰਦਾ ਹੈ ਜਿਸ ਦਾ ਅਰਥ ਹੈ- ਹਮੇਸ਼ਾ ਉੱਚੀ ਆਤਮਕ ਅਵਸਥਾ ਵਿੱਚ ਰਹਿਣਾ, ਖੁਸ਼ਮਿਜ਼ਾਜ਼ ਰਹਿਣਾ, ਹਿੰਮਤ ਤੇ ਹੌਸਲੇ ਕਦੇ ਨਾ ਛੱਡਣਾ, ਮਾਨਸਿਕ ਮਨੋਬਲ ਨੂੰ ਕਾਇਮ ਰੱਖਣਾ ਅਤੇ ਸਕਾਰਾਤਮਕ ਅਨਰਜੀ ਨਾਲ ਭਰੇ ਰਹਿਣਾ, ਚਾਹੇ ਹਾਲਾਤ ਕਿੰਨੇ ਵੀ ਮੁਸ਼ਕਲ ਭਰੇ ਹੋਣ। ਸਿੱਖ ਕੌਮ ਵਿੱਚ ਚੜ੍ਹਦੀ ਕਲਾ ਜੀਵਨ ਦਰਸ਼ਨ ਦਾ ਇੱਕ ਹਿੱਸਾ ਹੈ, ਜੋ ਦਸ ਗੁਰੂ ਸਹਿਬਾਨ ਤੇ ਗੁਰੂ ਗ੍ਰੰਥ ਸਹਿਬ ਦੀਆਂ ਸਿੱਖਿਆਵਾਂ ਨਾਲ ਜੁੜਿਆ ਹੋਇਆ ਹੈ। ਚੜ੍ਹਦੀ ਕਲਾ ਦਾ ਜੋ ਜਜ਼ਬਾ ਤੇ ਹਿੰਮਤ ਸਿੱਖਾਂ ਤੇ ਪੰਜਾਬੀਆਂ ਵਿੱਚ ਹੈ, ਉਹ ਉਨ੍ਹਾਂ ਦਾ ਮਨੋਬਲ ਕਦੇ ਨਹੀਂ ਡਿੱਗਣ ਦਿੰਦਾ।

ਇਸ ਚੜ੍ਹਦੀ ਕਲਾ ਦੀ ਮਿਸਾਲ ਅਸੀਂ ਸਭ ਨੇ, ਜੋ ਪੰਜਾਬ ਵਿੱਚ ਹੜ੍ਹਾਂ ਦੀ ਆਫਤ ਆਈ ਹੈ, ਉਸ ਵਿੱਚ ਦੇਖ ਸਕਦੇ ਹਾਂ। ਪੰਜਾਬ ਪਾਣੀਆਂ ਨਾਲ ਘਿਰ ਗਿਆ, ਬੰਨ੍ਹ ਟੁੱਟ ਗਏ, ਘਰ ਬਾਰ, ਮਾਲ ਡੰਗਰ, ਸਾਜ਼ੋ-ਸਮਾਨ ਸਭ ਰੁੜ੍ਹ ਗਿਆ, ਨਿੱਕੇ ਨਿਆਣੇ, ਨੌਜਵਾਨਾਂ ਤੋਂ ਲੈ ਕੇ ਬਜ਼ੁਰਗ ਮਾਵਾਂ-ਭੈਣਾਂ ਸਭ ਦਰਿਆਵਾਂ ਦੇ ਸੀਨੇ ਅੱਗੇ ਖੜ੍ਹ ਗਏ ਬੰਨ੍ਹ ਬੰਨਣ ਲਈ। ਇਹਨੂੰ ਕਹਿੰਦੇ ਨੇ ਚੜ੍ਹਦੀ ਕਲਾ! ਕਈ ਤੇ ਇਹੋ ਜਿਹੇ ਵੀ ਵੇਖੇ ਗਏ, ਜੋ ਆਪਣੇ ਆਰਜ਼ੀ ਪੁਲ ਖੁਦ ਬਣਾ ਰਹੇ ਸੀ। ਦਿਨ ਰਾਤ ਇੱਕ ਕਰਕੇ ਬਿਨਾ ਰੁਕੇ, ਬਿਨਾ ਸਾਹ ਲਏ ਕੋਈ ਲੰਗਰ ਤਿਆਰ ਕਰ ਰਿਹਾ ਸੀ ਤੇ ਕੋਈ ਮਿੱਟੀ ਦੇ ਬੋਰੇ ਭਰ ਭਰ ਕੇ ਸੈਲਾਬ ਅੱਗੇ ਦਰਿਆਵਾਂ ਦੇ ਕੰਢਿਆਂ 'ਤੇ ਲਾ ਰਹੇ ਸਨ। ਹੜ੍ਹਾਂ ਦੇ ਪਾਣੀਆਂ ਨੂੰ ਰੋਕਣਾ ਤੇ ਫਿਰ ਚੜ੍ਹਦੀ ਕਲਾ ਤੇ ਫਤਿਹ ਦੇ ਜੈਕਾਰੇ ਲਾਉਣੇ ਇਹ ਹੋਰ ਕੋਈ ਨਹੀਂ, ਸਿਰਫ ਪੰਜਾਬੀ ਭਾਈਚਾਰਾ ਹੀ ਕਰ ਸਕਦਾ ਹੈ, ਜਿਹਦੇ ਵਿੱਚ ਚੜ੍ਹਦੀ ਕਲਾ ਦੀ ਸ਼ਕਤੀ ਪੰਜਾਬ ਦੇ ਗੁਰੂਆਂ-ਪੀਰਾਂ, ਸ਼ਹੀਦਾਂ, ਯੋਧਿਆਂ ਨੇ ਕੁੱਟ ਕੁੱਟ ਕੇ ਭਰੀ ਹੋਈ ਹੈ। ਜਿੰਨਾ ਇਨ੍ਹਾਂ ਹੜ੍ਹਾਂ ਵਿੱਚ ਲੋਕਾਂ ਦਾ ਜਜ਼ਬਾ ਉਤਸ਼ਾਹ ਦੇਖਿਆ, ਇੰਝ ਲੱਗਦਾ ਸੀ ਕਿ ਪੰਜਾਬ ਦੀ ਮਿੱਟੀ ਦੇ ਕਣ ਕਣ ਵਿੱਚ ਚੜ੍ਹਦੀ ਕਲਾ ਦਾ ਸਰੂਰ ਹੈ।

ਸੰਨ 2023 ਵਿੱਚ ਵੀ ਪੰਜਾਬ ਵਿੱਚ ਹੜ੍ਹ ਆਏ ਸਨ, ਉਦੋਂ ਵੀ ਪੰਜਾਬੀਆਂ ਨੇ ਦਰਿਆਵਾਂ ਦੇ ਬੰਨ੍ਹਾਂ ਨੂੰ ਬੰਨ੍ਹ ਕੇ ਸਾਬਿਤ ਕਰ ਦਿੱਤਾ ਸੀ ਕਿ ਅਸੀਂ ਇੱਕ ਹਾਂ ਤੇ ਸਾਡੇ ਜਜ਼ਬੇ ਨੂੰ ਕੋਈ ਦਰਿਆ ਹੋਵੇ ਜਾਂ ਇਨਸਾਨ, ਕੋਈ ਵੀ ਢਾਹ ਨਹੀਂ ਲਾ ਸਕਦਾ। ਅਜੇ ਉਸ ਦੀ ਮਾਰ ਤੋਂ ਪੰਜਾਬੀ ਉੱਠੇ ਹੀ ਨਹੀਂ ਸਨ, ਦੁਬਾਰਾ ਫਿਰ 2025 ਵਿੱਚ ਹੜ੍ਹਾਂ ਦੇ ਸੰਕਟ ਨੇ ਇਨ੍ਹਾਂ ਨੂੰ ਘੇਰ ਲਿਆ ਤੇ ਇਹ ਉਸ ਤੋਂ ਵੀ ਵੱਡਾ ਸੰਕਟ ਸੀ। ਉਦੋਂ ਵੀ ਤੇ ਹੁਣ ਵੀ ਸਰਕਾਰਾਂ ਇਨ੍ਹਾਂ ਅੱਗੇ ਫੇਲ੍ਹ ਹੋ ਗਈਆਂ, ਪਰ ਪੰਜਾਬੀ ਭਾਈਚਾਰੇ ਦੀ ਇੱਕਮੁੱਠਤਾ ਨੇ ਬੜੀ ਸ਼ਾਨੋ-ਸ਼ੌਕਤ ਨਾਲ ਸਾਰੇ ਵਰਗ ਵਿੱਚ ਲੋਕਾਂ ਦਾ ਦਿਲ ਜਿੱਤ ਲਿਆ ਤੇ ਇਹ ਸਾਬਿਤ ਕਰ ਦਿੱਤਾ ਕਿ ਮੁਸੀਬਤਾਂ ਨਾਲ ਕਿਵੇਂ ਲੜਨਾ ਹੈ ਤੇ ਨਾਲ ਹੀ ਚੜ੍ਹਦੀ ਕਲਾ ਵਿੱਚ ਰਹਿਣਾ ਹੈ। ਇਹ ਉਹ ਹੀ ਪੰਜਾਬ ਤੇ ਪੰਜਾਬੀ ਨੇ, ਜਿਨ੍ਹਾਂ ਮੁਗਲਾਂ, ਅਬਦਾਲੀ, ਬਾਬਰ ਤੇ ਅੰਗਰੇਜ਼ਾਂ ਦੇ ਜ਼ੁਲਮ ਸਹੇ ਤੇ ਲੜੇ ਅਤੇ 1947 ਵਿੱਚ ਦੇਸ਼ ਨੂੰ ਭਗਤ ਸਿੰਘ ਵਰਗਿਆਂ ਤੇ ਹੋਰ ਪੰਜਾਬੀ ਯੋਧਿਆਂ ਨੇ ਹਿੰਦੁਸਤਾਨ ਦੀ ਧਰਤੀ ਨੂੰ ਗੋਰਿਆਂ ਤੋਂ ਆਜ਼ਾਦੀ ਦਿਵਾਈ ਤੇ ਜਿਹੜੇ ਅੱਜ ਇਨ੍ਹਾਂ ਦੇ ਹੀ ਦੁਸ਼ਮਣ ਬਣੀ ਫਿਰਦੇ ਨੇ; ਤੇ ਜਿਹੜੇ ਆਪਣੇ ਅੱਜ ਪੀਲੀਆਂ ਪੱਗਾਂ ਬੰਨ ਕੇ ਸ਼ਰਾਬੀ ਕਬਾਬੀ ਖੁਦ ਦਿੱਲੀ ਵਾਲਿਆਂ ਦੇ ਗੁਲਾਮ, ਭਗਤ ਸਿੰਘ ਦੇ ਵਾਰਿਸ ਬਹਿਰੂਪੀਏ ਨੇ, ਫੋਕੇ ਤੇ ਝੂਠੇ ਲਾਰਿਆਂ ਵਾਲੇ ਇਹ ਹੜ੍ਹ ਉਨ੍ਹਾਂ ਦੀ ਹੀ ਦੇਣ ਨੇ, ਪਰ ਪੰਜਾਬੀਆਂ ਨੇ ਹਾਰ ਨਹੀ ਮੰਨੀ ਤੇ ਡਟੇ ਰਹੇ, ਅਤੇ ਅਜੇ ਵੀ ਜੂਝ ਰਹੇ ਹਨ।

ਦੁੱਖ, ਦਰਦ ਗਮ ਤੇ ਹੈ ਹੀ, ਪਰ ਇੱਕ ਪਾਸੇ ਖੁਸ਼ੀ ਇਹ ਵੀ ਹੈ ਕਿ ਸਾਰਾ ਸਮਾਜ ਵਰਗ ਚਾਹੇ ਉਹ ਮੁਸਲਿਮ, ਹਿੰਦੂ (ਸਾਰੇ ਨਹੀਂ) ਈਸਾਈ ਭਾਈਚਾਰਾ ਹੋਵੇ ਇਸ ਮੁਸ਼ਕਿਲ ਘੜੀ ਵਿੱਚ ਅੱਜ ਸਭ ਪੰਜਾਬ ਤੇ ਪੰਜਾਬੀਆਂ ਨਾਲ ਆ ਕੇ ਖੜੇ ਹੋ ਗਏ ਹਨ। ਉਹ ਇਹ ਸੋਚਦੇ ਹਨ ਕਿ ਇਹ ਸਿੱਖ ਹੀ ਹਨ, ਜੋ ਪੂਰੇ ਸੰਸਾਰ ਵਿੱਚ ਵੀ ਜਦੋਂ ਕਿਸੇ 'ਤੇ ਸੰਕਟ ਜਾਂ ਕੁਦਰਤੀ ਆਫਤ ਆਉਂਦੀ ਹੈ ਤਾਂ ਇਹ ਸਭ ਤੋਂ ਅੱਗੇ ਹੋ ਕੇ ਬਿਨਾ ਭੇਦ ਭਾਵ ਸਭ ਦੀ ਸਹਾਇਤਾ ਲਈ ਆਉਂਦੇ ਹਨ, ਲੋਕਾਂ ਦੇ ਮਨ ਵਿੱਚ ਇਹ ਗੱਲ ਬੈਠ ਗਈ ਸੀ; ਤੇ ਜਦੋਂ ਉਨ੍ਹਾਂ ਨੂੰ ਕੇਂਦਰ ਦੀ ਚੁੱਪੀ ਦਾ ਪਤਾ ਲੱਗਾ ਤੇ ਉਹ ਸਾਰੇ ਪੰਜਾਬ ਨਾਲ ਆ ਖੜੇ ਹੋਏ, ਚਾਹੇ ਇਹ ਹਮਦਰਦੀ ਸੀ ਜਾਂ ਸਰਕਾਰਾਂ ਦੇ ਮਤਰੇਏਪਣ ਜਾਂ ਚਾਹੇ ਇਹ ਸਿੱਖਾਂ ਵੱਲੋਂ ਹਰ ਥਾਂ ਲਾਏ ਲੰਗਰਾਂ ਦਾ ਕਮਾਲ ਸੀ ਜਾਂ ਉਨ੍ਹਾਂ ਦੇ ਦਿਆਲੂਪੁਣੇ, ਪਰ ਨਤੀਜਾ ਸਕਾਰਾਤਮਕ (ਪੌਜ਼ਿਟਿਵ) ਸੀ। ਸਭ ਵਰਗ ਨੇ ਇਹ ਸਾਬਿਤ ਕਰ ਦਿੱਤਾ ਕਿ ਜਿੰਨਾ ਮਰਜ਼ੀ ਵੋਟਾਂ ਲਈ ਸਾਨੂੰ ਧਰਮਾਂ ਵਿੱਚ ਵੰਡੀ ਜਾਉ, ਪਰ ਅਸੀਂ ਅੱਜ ਵੀ ਇੱਕ ਹਾਂ।

ਲੋਕਾਂ ਨੂੰ ਖੁਸ਼ ਕਰਨ ਲਈ ਜਿੱਥੇ ਸਾਰੀਆਂ ਪਾਰਟੀਆਂ ਦਾ ਵੀ ਪੂਰਾ ਸਿਆਸੀ ਲਾਹਾ ਲੈਣ ਲਈ ਜ਼ੋਰ ਲੱਗਾ ਹੋਇਆ ਸੀ, ਉੱਥੇ ਕਾਂਗਰਸੀ ਲੁਟੇਰੇ, ਬਹਿਰੂਪੀਏ ਤੇ ਪੰਥ ਗੱਦਾਰਾਂ ਦੀਆਂ ਨੌਟੰਕੀਆਂ ਵੀ ਨਜ਼ਰ ਆ ਰਹੀਆਂ ਸਨ, ਜਿਨ੍ਹਾਂ 70 ਸਾਲਾਂ ਵਿੱਚ ਪੰਜਾਬ ਨੂੰ ਰੱਜ ਕੇ ਲੁੱਟਿਆ ਤੇ ਕੁੱਟਿਆ ਤੇ ਅੱਗ ਦੀ ਭੱਠੀ ਵਿੱਚ ਵੀ ਝੋਕਿਆ, ਜਿਹੜੇ ਅੱਜ ਪੰਜਾਬ ਤੇ ਪੰਜਾਬੀਆਂ ਦੇ ਹਮਦਰਦ ਬਣੇ ਫਿਰਦੇ ਸੀ। ਜਿਨ੍ਹਾਂ ਮੁੜ ਕੇ ਕਦੇ ਸ਼ਕਲ ਨਹੀਂ ਵਿਖਾਉਣੀ ਹੁੰਦੀ, ਉਹ ਵੀ ਪੱਬਾਂ ਭਾਰ ਹੋਈ ਬੈਠੇ ਸਨ ਤੇ ਫੋਟੋ ਸੈਸ਼ਨਾਂ ਰਾਹੀਂ ਮਗਰਮੱਛਾਂ ਵਾਲੇ ਹੰਝੂ ਵਹਾ ਰਹੇ ਸਨ। ਜਿਨ੍ਹਾਂ ਸਿੰਗਰਾਂ ਲੱਚਰ ਗੀਤ ਗਾ ਗਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਪੁੱਠੇ ਰਾਹ ਪਾਇਆ, ਉਹ ਵੀ ਇਸ ਮੈਦਾਨ ਵਿੱਚ ਪੱਬਾਂ ਭਾਰ ਹੋ ਕੇ ਕੁੱਦ ਗਏ, ਪਤਾ ਉਨ੍ਹਾਂ ਨੂੰ ਵੀ ਹੈ ਕਿ ਇਨ੍ਹਾਂ ਪੰਜਾਬੀਆਂ ਨੇ ਹੀ ਉਨ੍ਹਾਂ ਨੂੰ ਅਸਮਾਨੇ ਚੜ੍ਹਾਇਆ ਹੈ, ਜੇ ਨਾ ਅੱਗੇ ਆਏ ਤਾਂ ਅਰਸ਼ਾਂ ਤੋਂ ਫਰਸ਼ਾਂ 'ਤੇ ਵੀ ਆ ਸਕਦੇ ਹਨ। ਪੰਜਾਬੀਆਂ ਦੀ ਸ਼ਕਤੀ ਦਾ ਤਾਂ ਸਭ ਨੂੰ ਪਤਾ ਹੈ। ਚਲੋ ਕੁੱਝ ਤਾਂ ਚੰਗਾ ਹੋਇਆ 'ਦੇਰ ਆਏ ਦਰੁਸਤ ਆਏ', ਪਰ ਪੰਜਾਬੀਆਂ ਨੂੰ ਲੀਡਰਾਂ ਦੀਆਂ ਚੱਲ ਰਹੀਆਂ ਨੌਟੰਕੀਆਂ ਦਾ ਸਭ ਪਤਾ ਹੈ ਤੇ ਸ਼ੀਸ਼ੇ ਵਾਂਗ ਸਭ ਕੁਝ ਸਾਫ ਵੀ ਦਿਸ ਰਿਹਾ ਸੀ, ਇਸ ਕਰਕੇ ਸ਼ੋਸ਼ਲ ਮੀਡੀਆ ਰਾਹੀਂ ਇਸ ਚੀਜ਼ ਦਾ ਵਧ ਚੜ੍ਹ ਕੇ ਵਿਰੋਧ ਵੀ ਹੋ ਰਿਹਾ ਸੀ।

ਇਸ ਸੰਕਟ ਦੀ ਘੜੀ ਵਿੱਚ ਜਿਹੜੀ ਗੱਲ ਸਾਹਮਣੇ ਆਈ ਹੈ, ਉਹ ਇਹ ਹੈ ਕਿ ਪੰਜਾਬੀਆਂ ਦੀ ਏਕਤਾ ਤੇ ਚੜ੍ਹਦੀ ਕਲਾ, ਜਿਸ ਦਾ ਵੱਡੇ ਵੱਡੇ ਯੂ-ਟਿਊਬਰ ਚੈਨਲਾਂ 'ਤੇ ਬੜੇ ਜ਼ੋਰਾਂ ਸ਼ੋਰਾਂ ਨਾਲ ਚਰਚਾ ਹੋ ਰਹੀ ਸੀ ਤੇ ਨਾਲ ਸਰਕਾਰਾਂ ਨੂੰ ਫਿੱਟ ਲਾਹਣਤਾਂ ਵੀ ਪੈ ਰਹੀਆਂ ਸਨ। ਯੂ-ਟਿਊਬਰ ਇਹ ਚਰਚਾ ਕਰ ਰਹੇ ਸਨ ਕਿ ਜੇ ਕੁਛ ਸਿੱਖਣਾ ਹੋਵੇ ਤਾਂ ਪੰਜਾਬ ਤੇ ਪੰਜਾਬੀਆਂ ਤੋਂ ਸਿੱਖਣਾ ਚਾਹੀਦਾ ਹੈ, ਮੁਸੀਬਤ ਨਾਲ ਕਿਵੇਂ ਨਜਿੱਠਣਾ ਚਾਹੀਦਾ ਹੈ। ਉਹ ਇਹ ਵੀ ਜ਼ਿਕਰ ਕਰ ਰਹੇ ਸਨ ਕਿ ਕੇਂਦਰ ਸਰਕਾਰ ਦੀ ਚੁੱਪੀ ਤੇ ਸਟੇਟ ਸਰਕਾਰ ਦੀ ਨੌਟੰਕੀ ਦੇ ਬਾਵਜੂਦ ਉਨ੍ਹਾਂ ਨੂੰ ਅਣਗੌਲਿਆ ਕਰਕੇ ਇਹ ਇਕੱਲੇ ਆਪਸ ਵਿੱਚ ਨਿੱਕੇ ਬੱਚੇ ਤੋਂ ਲੈ ਕੇ ਵਡੇਰੀ ਉਮਰ ਦੇ ਬਜ਼ੁਰਗਾਂ ਤੱਕ- ਸਭ ਬਿਨਾ ਕੁਝ ਸੋਚੇ ਸਮਝੇ ਇਸ ਮੁਸੀਬਤ ਨਾਲ ਡਟਣ ਲਈ ਹੜ੍ਹਾਂ ਦੇ ਪਾਣੀਆਂ ਅੱਗੇ ਡੱਟ ਗਏ ਤੇ ਦਿਨ ਰਾਤ ਬੰਨ੍ਹ ਬੰਨ੍ਹਣ ਲਈ ਤੇ ਦਰਿਆਵਾਂ ਦੇ ਰੁਖ ਬਦਲਣ ਲਈ ਹਿੱਕਾਂ ਤਾਣ ਕੇ ਡਟ ਗਏ।

ਉਹ ਇਹ ਵੀ ਬਿਆਨ ਕਰ ਰਹੇ ਸਨ ਕਿ ਇਨ੍ਹਾਂ ਦਾ ਸਭ ਕੁਝ ਬਰਬਾਦ ਹੋ ਗਿਆ, ਘਰ ਢਹਿ ਗਏ, ਮਾਲ ਡੰਗਰ ਰੁੜ੍ਹ ਗਿਆ, ਫਸਲਾਂ ਬਰਬਾਦ ਹੋ ਗਈਆਂ ਪਰ ਫੇਰ ਵੀ ਹੱਸ ਕੇ ਕਹਿੰਦੇ 'ਚੜ੍ਹਦੀ ਕਲਾ' ਵਿੱਚ ਹਾਂ, ਇਹ ਉਸ ਵਾਹਿਗੁਰੂ ਦੀ ਰਜ਼ਾ ਹੈ। ਕੁਝ ਲੋਕ ਪਾਣੀ ਵਿੱਚ ਘਿਰੇ ਹੋਣ ਦੇ ਬਾਵਜੂਦ ਵਾਲੰਟੀਅਰਾਂ ਨੂੰ ਚਾਹ ਪਾਣੀ ਤੇ ਖਾਣਾ ਪੀਣਾ ਪੁੱਛ ਰਹੇ ਸੀ; ਇਸ ਨੂੰ ਕਹਿੰਦੇ ਹਨ 'ਚੜ੍ਹਦੀ ਕਲਾ।' ਇੱਥੋਂ ਤੱਕ ਕਿ ਕਈ ਯੂ-ਟਿਊਬਰਾਂ ਦੁਆਰਾ ਛੋਟੇ ਬੱਚਿਆਂ ਤੋਂ ਪੁੱਛਿਆ ਗਿਆ ਕਿ ਤੁਸੀਂ ਪਾਣੀ ਵਿੱਚ ਘਿਰੇ ਹੋ, ਕੀ ਤੁਹਾਨੂੰ ਡਰ ਨਹੀਂ ਲੱਗਦਾ? ਤੇ ਉਨ੍ਹਾਂ ਮਾਸੂਮ ਬੱਚਿਆਂ ਨੇ ਮੁਸਕਰਾ ਕੇ ਕਿਹਾ, 'ਡਰ ਕਾਹਦਾ?' ਉਸ ਵਕਤ ਇਹ ਸੁਣ ਕੇ ਮੇਰੀਆਂ ਅੱਖਾਂ ਵਿੱਚ ਹੰਝੂ ਵੀ ਆਏ ਤੇ ਉਨ੍ਹਾਂ ਬੱਚਿਆਂ ਅਤੇ ਆਪਣੇ ਆਪ 'ਤੇ ਬੜਾ ਫਕਰ ਵੀ ਮਹਿਸੂਸ ਹੋਇਆ ਕਿ ਮੈਂ ਵੀ ਖੁਸ਼ਕਿਸਮਤੀ ਨਾਲ ਇੱਕ ਪੰਜਾਬੀ ਹਾਂ ਤੇ ਪੰਜਾਬ ਦੀ ਧਰਤੀ 'ਤੇ ਜਨਮ ਲਿਆ ਹੈ। ਜੇ ਇਨ੍ਹਾਂ ਬੱਚਿਆਂ ਵਿੱਚ ਇੰਨੀ ਚੜ੍ਹਦੀ ਕਲਾ ਹੈ ਤਾਂ ਨੌਜਵਾਨਾਂ ਤੇ ਬਜ਼ੁਰਗਾਂ ਵਿੱਚ ਕਿੰਨੀ ਹੋਵੇਗੀ!

ਚੜ੍ਹਦੀ ਕਲਾ ਦੀ ਇੱਕ ਹੋਰ ਮਿਸਾਲ ਇਹ ਸੀ ਕਿ ਇਸ ਮੁਸੀਬਤ ਦੀ ਘੜੀ ਵਿੱਚ ਇੱਕ ਦੂਜੇ ਦੀ ਮਦਦ ਲਈ ਖੁਦ ਲੋਕੀ ਹਜੂਮ ਬਣਾ ਕੇ ਟਰੈਕਟਰ-ਟਰਾਲੀਆਂ ਰਾਹਤ ਸਮੱਗਰੀ ਦੀਆਂ ਭਰ ਭਰ ਕੇ ਪਾਣੀ ਵਿੱਚ ਘਿਰੇ ਲੋਕਾਂ ਤੇ ਮਾਲ ਡੰਗਰ ਲਈ ਪਹੁੰਚਾ ਰਹੇ ਸਨ, ਜਿਵੇਂ ਕੀੜੀਆਂ ਅਸਪਣੇ ਭੌਂ ਵੱਲ ਖਾਣਾ ਲਿਜਾ ਰਹੀਆਂ ਹੁੰਦੀਆਂ ਹਨ, ਕੀੜੀਆਂ ਵੀ ਆਪਣਾ ਖਾਣਾ ਇਕੱਠਾ ਕਰਕੇ ਸਰਦੀ ਵਾਲੀ ਮੁਸੀਬਤ ਵੇਲੇ ਇਕੱਠੀਆਂ ਹੀ ਖਾਂਦੀਆਂ ਹਨ ਤੇ ਗਰਮੀ ਆਉਣ ਤੱਕ ਬਾਹਰ ਨਹੀਂ ਆਉਂਦੀਆਂ। ਇੱਥੇ ਵੀ ਇਹੋ ਜਿਹਾ ਹਾਲ ਦਿਸ ਰਿਹਾ ਸੀ। ਰੱਬ ਨੇ ਹਰ ਲਈ ਇੱਕ ਹੀਲਾ ਵਸੀਲਾ ਬਣਾਇਆ ਹੁੰਦਾ ਹੈ, ਚਾਹੇ ਉਹ ਜਾਨਵਰ ਹੋਵੇ ਜਾਂ ਇਨਸਾਨ। ਇੱਥੋਂ ਤੱਕ ਕਿ ਆਪ ਡੁੱਬੇ ਹੋਣ ਦੇ ਬਾਵਜੂਦ ਲਹਿੰਦੇ ਪੰਜਾਬ ਦੇ ਦਰਿਆਵਾਂ ਵਿੱਚ ਘਿਰੇ ਤੇ ਡੁੱਬੇ ਲੋਕਾਂ ਦੀ ਵੀ ਸਿੱਖ ਸੰਸਥਾਵਾਂ ਵੱਲੋਂ ਰਾਹਤ ਸਮੱਗਰੀ ਭੇਜ ਕੇ ਮਦਦ ਕੀਤੀ ਜਾ ਰਹੀ ਸੀ।

ਕਿਸੇ ਨੇ ਇਨ੍ਹਾਂ ਸੇਵਾ ਕਰਨ ਵਾਲਿਆਂ ਨੂੰ ਕੋਈ ਸੱਦਾ ਨਹੀਂ ਦਿੱਤਾ, ਸਭ ਕੁਝ ਅਕਾਲ ਪੁਰਖ ਦੀ ਮਿਹਰ ਨਾਲ ਹੋ ਰਿਹਾ ਸੀ। ਕਿਸੇ ਦਾ ਕੋਈ ਪਤਾ ਸੁਰ ਨਹੀਂ ਸੀ ਕਿੱਥੋਂ ਆ ਰਹੇ ਸਨ, ਕਿੱਧਰ ਜਾ ਰਹੇ ਸਨ ਤੇ ਕੌਣ ਸਨ; ਬੱਸ ਲਗਾਤਾਰ ਸੇਵਾ ਹੋ ਰਹੀ ਸੀ ਤੇ ਅਜੇ ਵੀ ਬੇਹਿਸਾਬਾ ਚੱਲ ਰਹੀ ਹੈ। ਬੱਸ ਇੱਥੇ ਹੀ ਨਹੀਂ ਸੀ, ਇਨ੍ਹਾਂ ਦੇ ਜੋਸ਼, ਜ਼ਜਬੇ ਤੇ ਹੌਸਲੇ ਨੇ ਪੰਜਾਬ ਤੋਂ ਬਾਹਰ ਵੱਸ ਰਹੇ ਭਾਵੇਂ ਉਹ ਐਨ.ਆਰ.ਆਈ. ਨੇ ਜਾਂ ਕਿਸੇ ਹੋਰ ਸੂਬੇ ਦੇ ਨਿਵਾਸੀ, ਕਲਾਕਾਰ, ਬਾਲੀਵੁੱਡ ਸਿਤਾਰੇ- ਇਨ੍ਹਾਂ ਸਭ ਨੇ ਉਨ੍ਹਾਂ ਨੂੰ ਵੀ ਸੇਵਾ 'ਤੇ ਲਾ ਦਿੱਤਾ। ਇਹ ਸਭ ਕੁਝ ਵੇਖ ਕੇ ਦੇਸ਼ ਨੂੰ ਵੰਡਣ ਵਾਲੇ ਬੇਸ਼ਰਮ ਭਾਜਪਾਈ ਅੱਗ ਭੜਕਾਊ ਲੀਡਰ, ਜਿਨ੍ਹਾਂ ਨੇ ਕਦੇ ਪੰਜਾਬ ਦਾ ਭਲਾ ਨਹੀਂ ਸੋਚਿਆ ਤੇ ਨਾ ਹੀ ਸੋਚਣਾ ਹੈ ਅਤੇ ਪੰਜਾਬ ਤੇ ਸਿੱਖਾਂ ਨਾਲ ਹਮੇਸ਼ਾ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਇਸ ਦੀ ਜਿਉਂਦੀ ਜਾਗਦੀ ਮਿਸਾਲ ਏ, ਪੰਜਾਬ ਡੁੱਬਿਆ ਪਇਆ ਸੀ ਜੋ ਕਿਸੇ ਹੋਰ ਦੇਸ਼ ਦਾ ਹਿੱਸਾ ਨਹੀਂ ਸੀ, ਇੱਕ ਭਾਰਤ ਦਾ ਹਿੱਸਾ ਸੀ, ਪਰ ਉਸ ਨੂੰ ਅਫਗਾਨਿਸਤਾਨ ਦਾ ਫਿਕਰ ਪਇਆ ਸੀ, ਜਿੱਥੇ ਤਾਜ਼ਾ ਤਾਜ਼ਾ ਭੂਚਾਲ ਆਇਆ ਸੀ ਤੇ ਕਈ ਜਹਾਜ਼ ਭਰ ਕੇ ਉਨ੍ਹਾਂ ਲਈ ਰਾਹਤ ਸਮੱਗਰੀ ਭੇਜੀ, ਉਹ ਵੀ ਲੋਕਾਂ ਦੇ ਟੈਕਸ ਦੇ ਪੈਸੇ ਦੀ। ਟਵੀਟ ਕਰਕੇ ਅਫਗਾਨੀਆਂ ਲਈ ਦੁੱਖ ਵੀ ਜ਼ਹਿਰ ਕੀਤਾ ਅਤੇ ਪੰਜਾਬ ਤੇ ਪੰਜਾਬੀਆਂ ਲਈ ਉਹਦੇ ਮੂੰਹੋਂ ਕੁਝ ਨਾ ਫੁੱਟਿਆ ਤੇ ਨਾ ਹੀ ਇੱਕ ਸ਼ਬਦ ਬੋਲਿਆ ਗਿਆ।



ਹੜ੍ਹ ਦੌਰਾਨ ਇੱਕ ਬਜ਼ੁਰਗ ਵਾਲੰਟੀਅਰਾਂ ਨੂੰ ਚਾਹ ਛਕਾਉਣ ਜਾਂਦਾ ਹੋਇਆ...

ਇਸ ਤੋਂ ਸਾਫ ਪਤਾ ਲੱਗਦਾ ਸੀ ਕਿ ਉਹ ਪੰਜਾਬ ਨੂੰ ਕਿੰਨੀ ਨਫਰਤ ਕਰਦਾ ਹੈ, ਕਦੇ ਇਹ ਦੋਗਲਾ ਮੁਸਲਮਾਨਾਂ ਦਾ ਵੈਰੀ ਹੋ ਜਾਂਦਾ ਹੈ ਤੇ ਕਦੇ ਹਮਦਰਦ, ਮੋਦੀ ਦੇ ਇਸ ਵਰਤਾਰੇ ਦਾ ਵੀ ਲੋਕਾਂ ਦੇ ਦਿਲਾਂ ਵਿੱਚ ਗਹਿਰਾ ਅਸਰ ਕੀਤਾ। ਭਾਵੇਂ ਉਹ ਸਾਰੇ ਭਾਜਪਾਈ ਕਈ ਦਿਨ ਚੁੱਪੀ ਧਾਰੀ ਬੈਠੈ ਸਨ ਤੇ ਉਨ੍ਹਾਂ ਦਾ ਜਦੋਂ ਇਸ ਗੱਲ ਦਾ ਸਾਰੇ ਦੇਸ਼ ਵਿੱਚ ਵਿਰੋਧ ਹੋਣ ਲੱਗਾ, ਫਿਰ ਦਿਖਾਵੇ ਦੇ ਤੌਰ 'ਤੇ ਥੋੜ੍ਹੇ ਜਿਹੇ ਰਾਸ਼ਨ ਦੇ ਟਰੱਕ ਯੂ.ਪੀ. ਤੇ ਦਿੱਲੀ ਤੋਂ ਭਿਜਵਾ ਕੇ ਹਮਦਰਦੀ ਜਿਤਾਈ। ਸ਼ਾਇਦ ਇਹ ਸਭ ਪੰਜਾਬ ਵਿੱਚ ਭਾਜਪਾ ਦੀ ਸਾਖ ਨੂੰ ਕਾਇਮ ਰੱਖਣ ਲਈ ਹੀ ਕੀਤਾ ਸੀ। ਇਹ ਵੀ ਹੋ ਸਕਦਾ ਸੀ ਕਿ ਪੰਜਾਬੀ ਭਾਜਪਾਈ ਲੀਡਰਾਂ ਨੇ ਹੀ ਆਪਣੀ ਕੁੱਤੇ ਖਾਣੀ ਹੋਣੋਂ ਬਚਾਉਣ ਲਈ ਕੇਂਦਰ ਸਰਕਾਰ ਦੇ ਲੇਲੜੇ ਕੱਢੇ ਹੋਣ। ਜਿਹੜੇ ਯੋਗੀ ਵਰਗੇ ਅੱਗ ਭੜਕਾਊ ਕਹਿੰਦੇ ਸੀ ਕਿ ਮਸਜਿਦਾਂ ਤੇ ਗੁਰਦੁਆਰੇ ਢਾਹ ਦੇਣੇ ਚਾਹੀਦੇ ਨੇ, ਜਿਨ੍ਹਾਂ ਗੁਰਦੁਆਰਿਆਂ ਨੂੰ ਢਾਹੁਣ ਦੀ ਗੱਲ ਸਟੇਜਾਂ 'ਤੇ ਹੱਸ ਹੱਸ ਕਰਦੇ ਸੀ, ਉਨ੍ਹਾਂ ਭੇਖੀ ਸਾਧੂਆਂ ਰਾਹੀਂ ਵੀ ਪੰਜਾਬ ਵੱਲ ਰਾਹਤ ਸਮੱਗਰੀ ਦੇ ਟਰੱਕ ਰਵਾਨਾ ਕੀਤੇ ਗਏ। ਸਾਧੂ ਸੰਤ ਕਿਸੇ ਦਾ ਵੈਰੀ ਨਹੀਂ ਹੁੰਦਾ, ਪਰ ਇਹ ਸਾਰੇ ਸਾਧੂ ਦੇ ਭੇਖ ਵਿੱਚ ਢੋਂਗੀ ਨੇ। ਜੋ ਵੀ ਸੀ, ਜਿੱਥੋਂ ਵੀ ਆ ਰਿਹਾ ਸੀ ਉਨ੍ਹਾਂ ਢਾਹੇ ਜਾਣ ਵਾਲੇ ਗੁਰਦੁਆਰਿਆਂ ਤੇ ਬਾਬੇ ਨਾਨਕ ਦੇ ਲੰਗਰ ਦਾ ਕਮਾਲ ਸੀ ਜਿਸ ਦੀ ਪੂਰੇ ਸੰਸਾਰ ਵਿੱਚ ਚਰਚਾ ਹੁੰਦੀ ਰਹੀ ਹੈ ਤੇ ਰਹਿੰਦੀ ਦੁਨੀਆਂ ਤੱਕ ਹੁੰਦੀ ਰਹੇਗੀ, ਜਿਸ ਦੀ ਚੰਗਿਆੜੀ ਦੀਵਾ ਤੇਲ ਬਣ ਸਭ ਦੇ ਮਨਾ ਵਿੱਚ ਲੱਗੀ ਤੇ ਸੇਵਾ ਭਾਵਨਾ ਵਾਲੀ ਜੋਤ ਜਗੀ। ਇਨ੍ਹਾਂ ਭੇਖੀਆਂ ਨੇ ਤਾਂ ਦਸ ਸਾਲਾਂ ਵਿੱਚ ਕੋਈ ਕਸਰ ਨਹੀਂ ਸੀ ਛੱਡੀ ਤੇ ਇਹ ਕੁਝ ਦਿਨਾਂ ਵਿੱਚ ਹੀ ਕਮਾਲ ਇਹ ਸੀ ਕਿ ਸਾਰੇ ਹਿੰਦੁਸਤਾਨ ਵਿੱਚੋਂ ਵੱਖ ਵੱਖ ਥਾਵਾਂ ਤੋਂ ਲੋਕ ਹੁਮ-ਹੁੰਮਾ ਕੇ ਪੰਜਾਬ ਦੀ ਮਦਦ ਲਈ ਉਮੜ ਪਏ।


ਗੁਰੂ ਗ੍ਰੰਥ ਸਾਹਿਬ ਦੇ ਸ਼ਬਦ 'ਮਾਨਿਸ ਕੀ ਜਾਤ ਸਭੈ ਏਕੈ ਪਹਿਚਾਨਬੋ॥' ਦੀ ਦਿੱਖ ਇਨ੍ਹਾਂ ਹੜ੍ਹਾਂ ਵਿੱਚ ਦੇਖੀ ਗਈ। ਸਭ ਤੋਂ ਵੱਡੀ ਸਕਾਰਾਤਮਕਤਾ (ਪੌਜ਼ਿਟਿਵੀਟੀ) ਇਹ ਆਈ ਕਿ ਪਿਛਲੇ ਕੁਝ ਚਿਰ ਤੋਂ ਲੋਕਾਂ ਨੂੰ ਸਿਆਸੀ ਪਾਰਟੀਆਂ ਵੱਲੋਂ ਧਰਮਾਂ ਵਿੱਚ ਵੰਡਿਆ ਜਾ ਰਿਹਾ ਸੀ ਤੇ ਲੋਕਾਂ ਵਿੱਚ ਨਫਰਤ ਦਾ ਬੀਜ ਬੀਜਿਆ ਜਾ ਰਿਹਾ ਸੀ, ਪਰ ਇਨ੍ਹਾਂ ਪੰਜਾਬ ਵਿੱਚ ਆਏ ਹੜ੍ਹਾਂ ਨੇ ਉਹ ਨਫਰਤ ਦਾ ਬੀਜ ਉੱਗਣ ਤੋਂ ਪਹਿਲਾਂ ਹੀ ਜਿਹੜੀ ਰੇਤਾ ਮਿੱਟੀ ਦਰਿਆਵਾਂ ਦੇ ਪਾਣੀਆਂ ਨਾਲ ਆਈ, ਉਨ੍ਹਾਂ ਵਿੱਚ ਦੱਬ ਦਿੱਤਾ ਤੇ ਨਕਾਰਾ ਕਰ ਦਿੱਤਾ। ਪੰਜਾਬ ਦੇ ਹੌਸਲੇ ਨੇ ਇਹ ਸਾਬਿਤ ਕਰ ਦਿੱਤਾ ਕਿ ਪੰਜਾਬ ਦੀ ਏਕਤਾ ਤੇ ਭਾਈਚਾਰੇ ਨੂੰ ਕੋਈ ਵੰਡ ਨਹੀ ਸਕਦਾ, ਇਹ ਕਰਾਮਾਤ ਅੱਗੇ ਕਿਸੇ ਸਟੇਟ ਵਿੱਚ ਨਹੀਂ ਹੋਈ, ਜਿਹੜੀ ਪੰਜਾਬ ਤੇ ਪੰਜਾਬੀਅਤ ਨੇ ਕਰ ਦਿਖਾਈ। ਸਭ ਤੋਂ ਪਹਿਲਾਂ ਮੁਸਲਿਮ ਭਾਈਚਾਰਾ ਵੱਧ ਚੜ੍ਹ ਕੇ ਅੱਗੇ ਆਇਆ, ਜਿਨ੍ਹਾਂ ਨੂੰ ਜਿਹਾਦੀ, ਬਹਿਰੂਪੀਏ, ਦੇਸ਼ਧ੍ਰੋਹੀ ਤੇ ਪਾਕਿਸਤਾਨ ਭੇਜ ਦਿਉ, ਪਤਾ ਨਹੀ ਕਿਹੜੇ ਕਿਹੜੇ ਨਾਮ ਦਿੱਤੇ ਸੀ ਤੇ ਅੱਜ ਫੇਰ 1947 ਤੋਂ ਪਹਿਲਾਂ ਵਾਂਗ ਇੱਕ ਦੂਜੇ ਦੇ ਗਲੇ ਸਿੱਖਾਂ ਤੇ ਮੁਸਲਿਮਾਂ ਨੂੰ ਲੱਗਦਿਆਂ ਵੇਖਿਆ। ਜਿਹੜੀਆਂ ਸਰਕਾਰਾਂ ਇੱਕ ਦੂਜੇ ਨੂੰ ਆਪਸ ਵਿੱਚ ਵੰਡ ਰਹੀਆਂ ਸਨ, ਇਨ੍ਹਾਂ ਹੜ੍ਹਾਂ ਨੇ ਲੋਕਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਂਦਾ ਤੇ ਗਲੇ ਮਿਲਾ ਦਿੱਤਾ।

ਸਿਆਸੀ ਪਾਰਟੀਆਂ ਦਾ ਟੀਚਾ ਹੁੰਦਾ ਹੈ ਕਿ ਵੋਟਾਂ ਦੀ ਖਾਤਿਰ ਲੋਕਾਂ ਨੂੰ ਵੰਡਣਾ ਤੇ ਆਪਣਾ ਸਿਆਸੀ ਲਾਹਾ ਲੈਣਾ। ਇਨ੍ਹਾਂ ਨੂੰ ਦੇਸ਼ ਦੀ ਜਨਤਾ ਨਾਲ ਕੋਈ ਵਾਹ ਵਾਸਤਾ ਨਹੀਂ ਹੁੰਦਾ ਤੇ ਫਿਰ ਇਹ ਬੜੇ ਐਸ਼ੋ ਅਰਾਮ ਨਾਲ ਰਹਿੰਦੇ ਹਨ ਉਨ੍ਹਾਂ ਦੇ ਸਿਰ 'ਤੇ, ਜਿਨ੍ਹਾਂ ਇਨ੍ਹਾਂ ਨੂੰ ਵੋਟਾਂ ਦੇ ਕੇ ਗੱਦੀਆਂ 'ਤੇ ਬੈਠਾਇਆ ਹੁੰਦਾ ਤੇ ਵੋਟਾਂ ਤੋਂ ਬਾਅਦ ਵੱਡੇ ਵੱਡੇ ਵਾਅਦੇ ਕਰ ਕੇ ਮੁਕਰਨਾ, ਰਫੂ ਚੱਕਰ ਹੋਣਾ, ਗੱਲਾਂ ਦਾ ਕੜਾਹ ਬਣਾਉਣਾ ਆਦਿ ਇਹ ਇਨ੍ਹਾਂ ਦੀ ਸ਼ੁਰੂ ਤੋਂ ਹੀ ਫਿਤਰਤ ਰਹੀ ਹੈ। "ਕੋਈ ਮਰੇ ਜਾਂ ਜੀਵੇ, ਸੁਥਰਾ ਘੋਲ ਪਤਾਸੇ ਪੀਵੇ" ਸ਼ਾਇਦ ਇਹ ਤੁੱਕ ਇਨ੍ਹਾਂ ਲੀਡਰਾਂ ਲਈ ਹੀ ਬਣੀ ਹੋਵੇ। ਪਰ ਸਾਨੂੰ ਚਾਹੀਦਾ ਹੈ ਕਿ ਅਸੀ ਇੱਕਮੁੱਠ ਕਿਵੇਂ ਰਹਿਣਾ ਹੈ, ਜੇ ਅਸੀਂ ਨਿਰਾ-ਪੁਰਾ ਇਨ੍ਹਾਂ ਨੰਗ ਸਰਕਾਰਾਂ ਦੇ ਆਸਰੇ ਰਹਿੰਦੇ, ਸੋਚੋ ਜ਼ਰਾ ਕੀ ਹੁੰਦਾ? ਏਕੇ ਵਿੱਚ ਰਹੋਗੇ ਤੇ ਚੜ੍ਹਦੀ ਕਲਾ ਵਿੱਚ ਰਹੋਗੇ- ਸਾਨੂੰ ਇਹ ਸਮਝਣ ਦੀ ਲੋੜ ਹੈ। ਇੱਕ ਉਂਗਲ ਨਾਲ ਨਾ ਮਾਰਿਆ ਜਾਂਦਾ ਨਾ ਹੀ ਕੋਈ ਗੰਢ ਖੁੱਲ੍ਹਦੀ ਹੈ, ਚੰਗੀ ਸੱਟ ਮਾਰਨ ਲਈ ਪੰਜਾਂ ਉਂਗਲੀਆਂ ਦਾ ਘਸੁੰਨ ਬਣਾਉਣਾ ਪੈਂਦਾ ਹੈ ਤੇ ਗੰਢਾਂ ਖੋਲ੍ਹਣ ਲਈ ਦੋਨੋਂ ਹੱਥ ਵਰਤਣੇ ਪੈਂਦੇ ਹਨ। ਤੁਹਾਡੇ ਖਿੰਡੇ-ਪੁੰਡੇ ਰਹਿਣ ਦੀਆਂ ਸਰਕਾਰਾਂ ਫਾਇਦਾ ਉਠਾਉਂਦੀਆਂ ਆਈਆਂ ਨੇ ਤੇ ਉਠਾਉਂਦੀਆਂ ਰਹਿਣਗੀਆਂ, ਤੁਹਾਨੂੰ ਭੰਬਲਭੂਸੇ ਵਿੱਚ ਪਾ ਕੇ ਉਜਾੜਨਗੀਆਂ ਤੇ ਤੁਹਾਡੀ ਹਰ ਚੀਜ਼ 'ਤੇ ਕਾਬਿਜ਼ ਵੀ ਹੋਣਗੀਆਂ, ਤੇ ਹੋ ਵੀ ਰਹੀਆਂ ਹਨ। ਵੈਸੇ ਇਸ ਹੜ੍ਹਾਂ ਦੀ ਮਾਰ ਨੇ ਪੰਜਾਬੀਆਂ ਨੂੰ ਬਹੁਤ ਕੁਝ ਸਿਖਾਇਆ ਹੈ ਤੇ ਅਜੇ ਹੋਰ ਇਨ੍ਹਾਂ ਦੀਆਂ ਚਾਲਾਂ ਨੂੰ ਸਿੱਖਣ ਤੇ ਇਕੱਠੇ ਹੋਣ ਦੀ ਲੋੜ ਹੈ।

ਜਿਸ ਚੜ੍ਹਦੀ ਕਲਾ ਦੀ ਗੱਲ ਅਸੀਂ ਕਰ ਰਹੇ ਹਾਂ, ਉਹ ਪੰਥ ਵਿੱਚੋਂ ਨਿਕਲੀ ਹੈ ਤੇ ਹੁਣ ਪੰਜਾਬ ਵਿੱਚ ਤੇ ਸ਼ੋਸ਼ਲ ਮੀਡੀਆ 'ਤੇ ਵੀ ਪੰਥਕ ਗੱਲ ਹੋਣ ਲੱਗੀ ਹੈ। ਸਾਨੂੰ ਸਭ ਚੀਜ਼ਾਂ ਤੋਂ ਉਪਰ ਉੱਠ ਕੇ ਇਸ ਆਵਾਜ਼ 'ਤੇ ਪਹਿਰਾ ਦੇਣਾ ਚਾਹੀਦਾ ਹੈ ਤੇ ਸਮਝਦਾਰੀ ਤੋਂ ਕੰਮ ਲੈਣਾ ਚਾਹੀਦਾ ਹੈ ਕਿ ਅਖੌਤੀ ਲੀਡਰਾਂ ਦੀਆਂ ਚਾਲਾਂ ਤੋਂ ਪੰਜਾਬ ਦਾ ਖਹਿੜਾ ਕਿਵੇਂ ਛੁਡਵਾਉਣਾ ਹੈ। ਜਿਹੜੀਆਂ ਬਾਹਰਲੀਆਂ ਤਾਕਤਾਂ ਆ ਕੇ ਪੰਜਾਬ ਵਿੱਚ ਹੱਕ ਜਮਾਈ ਬੈਠੀਆਂ ਹਨ, ਉਨ੍ਹਾਂ ਦੀਆਂ ਪਾਈਆਂ ਜ਼ੰਜੀਰਾਂ ਤੋਂ ਪੰਜਾਬ ਨੂੰ ਮੁਕਤ ਕਿਵੇਂ ਕਰਵਾਉਣਾ ਹੈ? ਮੇਰੀ ਇਹੀ ਦੁਆ ਹੈ ਕਿ ਰੱਬ ਸੋਹਣਾ ਇਸ ਸੰਕਟ ਦੀ ਘੜੀ ਤੋਂ ਖਹਿੜਾ ਛੁਡਵਾਏਗਾ ਤੇ ਇਸ ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖੇਗਾ ਤੇ ਜੋ ਸੰਕਟ ਦੀ ਘੜੀ ਪੰਜਾਬ ਤੇ ਪੰਜਾਬੀਆਂ ਤੇ ਆਈ, ਉਸ ਤੋਂ ਛੁਟਕਾਰਾ ਮਿਲੇ ਤੇ ਸਭ ਨੂੰ ਦੁਬਾਰਾ ਵਸੇਬਾ ਮਿਲੇ। ਰੱਬ ਰਾਖਾ!

**ਇਤਿਹਾਸਕ ਪੱਤਰੇ**

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ:+91-8872664000



***ਏਅਰ ਬੇਸ ਤੋਂ ਲੈ ਕੇ ਸਿਵਲ ਏਅਰ ਪੋਰਟ ਬਨਣ ਦਾ ਇਤਿਹਾਸ***

# ਚੰਡੀਗੜ੍ਹ ਏਅਰ ਬੇਸ ਬਨਣ ਦੀ ਸਕੀਮ ਕੁਝ ਹੀ ਘੰਟਿਆਂ 'ਚ ਸਿਰੇ ਚੜ੍ਹੀ ਸੀ

***ਏਅਰ ਫੋਰਸ ਵੱਲੋਂ ਤਜਵੀਜ਼ ਲਿਖਣ ਤੇ ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਮਿਲਣ ਨੂੰ ਲੱਗੇ ਸਿਰਫ ਕੁਝ ਘੰਟੇ**
***ਉਸੇ ਦਿਨ ਹੀ ਹਵਾਈ ਅੱਡਾ ਉਸਾਰਨ ਦੀ ਤਿਆਰੀ ਵਿੱਢ ਦਿੱਤੀ ਸੀ ਦਿੱਲੀ ਨੇ**

ਨੌਂ ਕੁ ਸਾਲ ਪਹਿਲਾਂ ਯਾਨੀ 15 ਸਤੰਬਰ 2016 ਨੂੰ ਇੰਟਰਨੈਸ਼ਨਲ ਏਅਰ ਪੋਰਟ ਦਾ ਸਟੇਟਸ ਹਾਸਲ ਕਰਨ ਵਾਲਾ ਚੰਡੀਗੜ੍ਹ ਸਿਵਲ ਹਵਾਈ ਅੱਡਾ ਅੱਜ ਤੋਂ 70 ਵਰ੍ਹੇ ਪਹਿਲਾਂ ਫੌਜੀ ਹਵਾਈ ਅੱਡੇ ਦੀ ਸ਼ਕਲ ਵਿੱਚ ਤਿਆਰ ਹੋਇਆ ਸੀ। ਇਹਦਾ ਹੈਰਾਨੀ ਵਾਲਾ ਪਹਿਲੂ ਇਹ ਹੈ ਕਿ ਇੱਥੇ ਹਵਾਈ ਅੱਡਾ ਬਣਾਉਣ ਦਾ ਫੁਰਨਾ ਫੁਰਨ, ਤਜਵੀਜ ਤਿਆਰ ਕਰਨ, ਪੰਜਾਬ ਸਰਕਾਰ ਵੱਲੋਂ ਮਨਜ਼ੂਰੀ ਮਿਲਣ, ਮਨਜ਼ੂਰੀ ਲੈਟਰ ਏਅਰ ਫੋਰਸ ਹੈਡ ਕੁਆਟਰ 'ਤੇ ਪੁੱਜਦੀ ਹੋਣ ਦਾ ਅਮਲ ਕੁਝ ਘੰਟਿਆਂ ਵਿੱਚ ਹੀ ਨੇਪਰੇ ਚੜ੍ਹਿਆ। ਇਸ ਕਹਾਣੀ ਤੋਂ ਇਹ ਵੀ ਪਤਾ ਲਗਦਾ ਹੈ ਕਿ ਉਦੋਂ ਦੀਆਂ ਸਰਕਾਰਾਂ ਖਾਸ ਕਰਕੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦਾ ਸਰਕਾਰ ਚਲਾਉਣ ਦਾ ਤਰੀਕਾ-ਏ-ਕਾਰ ਕੀ ਸੀ, ਤੇ ਅਫਸਰਸ਼ਾਹੀ ਦੀ ਮਨਸ਼ਾ ਕੰਮਾਂ 'ਚ ਅੱਜ ਕੱਲ੍ਹ ਵਾਂਗ ਅੜਿਕਾ ਡਾਹੁਣ ਦੀ ਨਹੀਂ ਸੀ ਹੁੰਦੀ।

ਕਹਾਣੀ ਇਉਂ ਹੋਈ ਕਿ 1961-62 ਦੇ ਨੇੜੇ ਦੀ ਗੱਲ ਹੈ, ਇੱਕ ਦਿਨ ਏਅਰ ਫੋਰਸ ਦਾ ਇੱਕ ਉੱਚ ਕੋਟੀ ਦਾ ਅਫਸਰ ਸ. ਪਦਮ ਸਿੰਘ ਗਿੱਲ ਆਪਣੇ ਇੱਕ ਹੋਰ ਸਾਥੀ ਅਫਸਰ ਨਾਲ ਡਕੋਟਾ ਹਵਾਈ ਜਹਾਜ਼ 'ਤੇ ਕਸ਼ਮੀਰ ਤੋਂ ਦਿੱਲੀ ਤੱਕ ਦੀ ਉਡਾਨ ਭਰ ਰਿਹਾ ਸੀ। ਜਿੱਥੇ ਅੱਜ ਕੱਲ੍ਹ ਚੰਡੀਗੜ੍ਹ ਹਵਾਈ ਅੱਡਾ ਹੈ, ਉਥੇ ਉਨ੍ਹਾਂ ਨੇ ਇੱਕ ਬਹੁਤ ਵੱਡਾ ਕੱਪਰ (ਰੜਾ ਮੈਦਾਨ) ਦੇਖਿਆ। ਸ. ਗਿੱਲ ਨੂੰ ਇਹ ਥਾਂ ਹਵਾਈ ਅੱਡਾ ਬਣਾਉਣ ਲਈ ਢੁਕਵੀਂ ਜਾਪੀ। ਉਨ੍ਹਾਂ ਆਪਣਾ ਡਕੋਟਾ ਜਹਾਜ਼ ਕੱਪਰ ਵਿੱਚ ਉਤਾਰ ਲਿਆ। ਜਹਾਜ਼ ਨੂੰ ਦੇਖਣ ਲਈ ਪਿੰਡਾਂ ਦੇ ਲੋਕ 'ਕੱਠੇ ਹੋ ਗਏ। ਸ. ਗਿੱਲ 1974 ਵਿੱਚ ਏਅਰਫੋਰਸ 'ਚੋਂ ਬਤੌਰ ਏਅਰ ਕਮਾਂਡਰ (ਬ੍ਰਿਗੇਡੀਅਰ ਦੇ ਬਰਾਬਰ) ਰਿਟਾਇਰ ਹੋਏ, ਪਰ ਉਦੋਂ ਉਨ੍ਹਾਂ ਦਾ ਰੈਂਕ ਸ਼ਾਇਦ ਇਸ ਤੋਂ ਛੋਟਾ ਹੋਵੇ। ਪਿੰਡ ਦੇ ਕਿਸੇ ਬੰਦੇ ਤੋਂ ਸਾਇਕਲ ਮੰਗ ਕੇ ਸ. ਗਿੱਲ ਨੇ ਚੰਡੀਗੜ੍ਹ ਪੰਜਾਬ ਦੇ ਮੁੱਖ ਮੰਤਰੀ ਦੇ ਦਫਤਰ ਵੱਲ ਨੂੰ ਸਾਇਕਲ ਸਿੱਧਾ ਕਰ ਦਿੱਤਾ। ਉਨ੍ਹੀਂ ਦਿਨੀਂ ਪੰਜਾਬ ਸਕੱਤਰੇਤ ਦੀ ਇਮਾਰਤ ਅਜੇ ਬਣੀ ਨਹੀਂ ਸੀ ਤੇ ਮੁੱਖ ਮੰਤਰੀ ਦਾ ਦਫਤਰ ਸੈਕਟਰ 12 ਵਾਲੇ ਪੰਜਾਬ ਇੰਜੀਨੀਅਰ ਕਾਲਜ ਵਾਲੀ ਇਮਾਰਤ 'ਚੋਂ ਹੀ ਚੱਲਦਾ ਸੀ। ਉਦੋਂ ਮੁੱਖ ਮੰਤਰੀ ਨੂੰ ਮਿਲਣਾ ਕੋਈ ਔਖਾ ਕੰਮ ਨਹੀਂ ਸੀ ਹੁੰਦਾ, ਸ. ਪਦਮ ਸਿੰਘ ਗਿੱਲ ਦੇ ਪਿਤਾ ਦੀ ਵੈਸੇ ਵੀ ਮੁੱਖ ਮੰਤਰੀ ਕੈਰੋਂ ਨਾਲ ਵਾਕਫੀਅਤ ਸੀ। ਵਾਕਫੀਅਤ ਦੀ ਇੱਕ ਵਜਾਹ ਇਹ ਵੀ ਸੀ ਕਿ ਸ. ਪਦਮ ਸਿੰਘ ਦੇ ਪਿਤਾ ਸ. ਚੰਨਣ ਸਿੰਘ ਗਿੱਲ ਦਾ ਸ. ਕੈਰੋਂ ਨਾਲ ਇੱਕ ਵਾਰੀ ਚੰਗਾ ਵਾਹ ਪੈ ਚੁੱਕਿਆ ਸੀ।

ਗੱਲ 1948-50 ਦੀ ਹੋਵੇਗੀ ਕਿ ਸ. ਚੰਨਣ ਸਿੰਘ ਉਨ੍ਹੀਂ ਦਿਨੀਂ ਸਰਕਲ ਇੰਸਪੈਕਟਰ ਆਫ ਸਕੂਲਜ਼ ਦੇ ਅਹੁਦੇ 'ਤੇ ਤਾਇਨਾਤ ਸਨ, ਜਿਹਨੂੰ ਅੱਜ ਕੱਲ੍ਹ ਸਰਕਲ ਐਜੂਕੇਸ਼ਨ ਅਫਸਰ ਆਖਿਆ ਜਾਂਦਾ ਹੈ। ਸ. ਕੈਰੋਂ ਦੀ ਪਤਨੀ ਬੀਬੀ ਰਾਮ ਕੌਰ ਉਦੋਂ ਪ੍ਰਾਇਮਰੀ ਸਕੂਲ ਟੀਚਰ ਸੀ। ਬੀਬੀ ਰਾਮ ਕੌਰ ਦੇ ਖਿਲਾਫ ਸ਼ਿਕਾਇਤ ਇਹ ਸੀ ਕਿ ਉਹ ਆਪਣੀ ਡਿਊਟੀ 'ਤੇ ਬਹੁਤ ਘੱਟ ਹਾਜ਼ਰੀ ਦਿੰਦੀ ਹੈ। ਇਹ ਸ਼ਿਕਾਇਤ ਦੀ ਪੜਤਾਲ ਸ. ਚੰਨਣ ਸਿੰਘ ਗਿੱਲ ਨੇ ਕੀਤੀ ਸੀ। ਸ. ਕੈਰੋਂ ਉਨ੍ਹੀਂ ਦਿਨੀਂ ਪੰਜਾਬ ਦੇ ਵਜ਼ੀਰ ਹੋਣਗੇ ਜਾਂ ਘੱਟੋ-ਘੱਟ ਸਾਬਕਾ ਵਜੀਰ ਤਾਂ ਜਰੂਰ ਹੋਣਗੇ; ਕਿਉਂਕਿ ਸ. ਕੈਰੋਂ 1947 ਤੋਂ 1949 ਤੱਕ ਪੰਜਾਬ ਦੇ ਵਿਕਾਸ ਅਤੇ ਮੁੜ ਵਸੇਬਾ ਵਜੀਰ ਰਹੇ। ਪਤਾ ਨਹੀਂ ਸ. ਚੰਨਣ ਸਿੰਘ ਗਿੱਲ ਨੇ ਬੀਬੀ ਰਾਮ ਕੌਰ ਦੀ ਕੋਈ ਤਰਫਦਾਰੀ ਕੀਤੀ ਜਾਂ ਨਾ ਕੀਤੀ, ਪਰ ਦੋਹਾਂ ਹੀ ਹਾਲਤਾਂ ਵਿੱਚ ਸ. ਗਿੱਲ ਅਤੇ ਸ. ਕੈਰੋਂ ਦੀ ਚੰਗੀ ਵਾਕਫੀਅਤ ਹੋਣ ਜਾਣੀ ਲਾਜ਼ਮੀ ਸੀ।

ਚਲੋਂ ਖੈਰ! ਸ. ਪਦਮ ਸਿੰਘ ਸਿੱਧੇ ਹੀ ਮੁੱਖ ਮੰਤਰੀ ਕੋਲ ਚਲੇ ਗਏ ਅਤੇ ਮਕਸਦ ਦੱਸਦਿਆਂ ਸ. ਕੈਰੋਂ ਨੂੰ ਆਖਿਆ ਕਿ ਅਸੀਂ ਇੱਥੇ ਹਵਾਈ ਅੱਡਾ ਬਣਾਉਣਾ ਚਾਹੁੰਦੇ ਹਾਂ। ਸ. ਕੈਰੋਂ ਨੇ ਆਖਿਆ ਕਿ ਪੰਜਾਬ ਵਾਸਤੇ ਇਹ ਬੜੀ ਖੁਸ਼ੀ ਦੀ ਗੱਲ ਹੋਵੇਗੀ, ਏਅਰ ਫੋਰਸ ਤਜਵੀਜ਼ ਘੱਲੇ ਤਾਂ ਅਸੀਂ ਝੱਟ ਮਨਜ਼ੂਰੀ ਦੇ ਦਿਆਂਗੇ। ਸ. ਪਦਮ ਸਿੰਘ ਨੇ ਉਸੇ ਵਕਤ ਕਾਗਜ਼ ਚੁੱਕਿਆ ਅਤੇ ਏਅਰ ਫੋਰਸ ਵੱਲੋਂ ਤਜਵੀਜ਼ ਵਾਲੀ ਚਿੱਠੀ ਹੱਥ ਨਾਲ ਲਿਖੀ ਤੇ ਥੱਲੇ ਆਪਣੇ ਦਸਤਖਤ ਕਰਕੇ ਕਾਗਜ਼ ਮੁੱਖ ਮੰਤਰੀ ਦੇ ਹੱਥ ਵਿੱਚ ਫੜ੍ਹਾ ਦਿੱਤਾ। ਅਗਲੇ ਹੀ ਪਲ ਮੁੱਖ ਮੰਤਰੀ ਨੂੰ ਇਸ ਤਜਵੀਜ਼ ਵਾਲੇ ਕਾਗਜ ਉਤੇ "ਮਨਜ਼ੂਰ ਹੈ" ਲਿਖ ਕੇ ਆਪਣੇ ਦਸਤਖਤ ਕੀਤੇ, ਘੰਟੀ ਮਾਰ ਕੇ ਮੁਤੱਲਕਾ ਸੈਕਟਰੀ ਨੂੰ ਸੱਦ ਕੇ ਉਹਦੇ ਹੱਥ ਕਾਗਜ਼ ਫੜਾਉਂਦਿਆਂ ਹੁਕਮ ਦਿੱਤਾ ਕਿ ਮਨਜ਼ੂਰੀ ਦੀ ਇਤਲਾਹ ਗਿੱਲ ਸਾਹਿਬ ਦੇ ਦਿੱਲੀ ਏਅਰ ਫੋਰਸ ਦੇ ਹੈੱਡ ਕੁਆਟਰ ਪੁੱਜਣ ਤੋਂ ਪਹਿਲਾਂ ਉਥੇ ਅੱਪੜਨੀ ਚਾਹੀਦੀ ਹੈ। ਇਵੇਂ ਹੀ ਹੋਇਆ ਕਿ ਗਿੱਲ ਸਾਹਿਬ ਵੱਲੋਂ ਸ. ਕੈਰੋਂ ਤੋਂ ਵਿਦਾ ਲੈ ਕੇ ਸਾਇਕਲ 'ਤੇ ਆਪਣੇ ਡਕੋਟਾ ਜਹਾਜ਼ ਤੱਕ ਪਹੁੰਚਣ ਅਤੇ ਜਹਾਜ਼ ਰਾਹੀਂ ਦਿੱਲੀ ਹੈੱਡਕੁਆਟਰ ਜਾਣ ਵਿੱਚ ਜਿਨ੍ਹਾਂ ਵਕਤ ਲੱਗਿਆ, ਓਨੇ ਵਕਤ ਦੌਰਾਨ ਹੀ ਟੈਲੀਗ੍ਰਾਮ, ਟੈਲੀਪ੍ਰਿੰਟਰ ਜਾਂ ਕਿਸੇ ਹੋਰ ਜ਼ਰੀਏ ਮਨਜ਼ੂਰੀ ਦੀ ਇਤਲਾਹ ਏਅਰ ਫੋਰਸ ਹੈੱਡ ਕੁਆਟਰ ਨੂੰ ਪਹੁੰਚ ਗਈ ਸੀ। ਇਹ ਤੋਂ ਪਹਿਲਾਂ ਕਿ ਸ. ਗਿੱਲ ਆਪਣੇ ਅਫਸਰਾਂ ਨੂੰ ਇਹ ਖੁਸ਼ਖਬਰੀ ਦਿੰਦੇ, ਅਫਸਰ ਪਹਿਲਾਂ ਹੀ ਉਨ੍ਹਾਂ ਨੂੰ ਸਾਬਾਸ਼ ਦੇਣ ਲਈ ਤਿਆਰ ਖੜ੍ਹੇ ਸਨ। ਏਅਰ ਫੋਰਸ ਹਾਈਕਮਾਂਡ ਨੇ ਉਸੇ ਦਿਨ ਹੀ ਸ. ਪਦਮ ਸਿੰਘ ਗਿੱਲ ਦੀ ਡਿਊਟੀ ਲਗਾ ਦਿੱਤੀ ਕਿ ਉਹ ਹੀ ਹਵਾਈ ਅੱਡੇ ਦੀ ਉਸਾਰੀ ਆਪਣੀ ਨਿਗਰਾਨੀ ਹੇਠ ਕਰਾਉਣ।

ਸ. ਪਦਮ ਸਿੰਘ ਗਿੱਲ ਵੱਲੋਂ ਸਰਕਾਰ ਅਤੇ ਏਅਰ ਫੋਰਸ ਦੀ ਹਾਈ ਕਮਾਂਡ ਨੂੰ ਬਿਨ੍ਹ ਭਰੋਸੇ 'ਚ ਲਿਆਂ ਏਅਰ ਫੋਰਸ ਦੇ ਆਧਾਰ 'ਤੇ ਖੁਦ ਹੀ ਅਜਿਹੀ ਤਜਵੀਜ਼ ਲਿਖ ਦੇਣ ਪਿੱਛੇ ਉਨ੍ਹਾਂ ਦੀ ਦਲੇਰੀ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੀ ਆਪਣੀ ਫੋਰਸ ਵਿੱਚ ਚੰਗੀ ਪੈਂਠ ਸੀ। ਬਤੌਰ ਫਾਈਟਰ ਪਾਇਲਟ ਦੂਜੀ ਸੰਸਾਰ ਜੰਗ ਦੌਰਾਨ ਉਨ੍ਹਾਂ ਨੇ ਬਰਮਾ ਫਰੰਟ 'ਤੇ ਚੰਗਾ ਨਾਮਣਾ ਖੱਟਿਆ ਸੀ। ਦੂਜਾ ਕਾਰਨ ਇਹ ਕਿ ਉਸ ਵੇਲੇ ਏਅਰ ਫੋਰਸ ਦੇ ਡਿਪਟੀ ਚੀਫ ਸ. ਅਰਜਨ ਸਿੰਘ ਨਾਲ ਉਨ੍ਹਾਂ ਦੀ ਚੰਗੀ ਨੇੜਤਾ ਸੀ ਤੇ ਉਹ ਇਕੱਠੇ ਹੀ ਏਅਰ ਫੋਰਸ ਵਿੱਚ ਮੀਆਂਵਾਲੀ ਭਰਤੀ ਹੋਏ ਸਨ। ਔਲ਼ਖ ਗੋਤੀ ਸ. ਅਰਜਨ ਸਿੰਘ ਦਾ ਪਿਛਲਾ ਪਿੰਡ ਤਰਨਤਾਰਨ ਜ਼ਿਲ੍ਹੇ 'ਚ ਨਾਰਲੀ ਸੀ, ਪਰ ਉਨ੍ਹਾਂ ਦਾ ਪਰਿਵਾਰ ਲਾਇਲਪੁਰ ਜ਼ਿਲ੍ਹੇ ਦੀ ਬਾਰ ਵਿੱਚ ਖੇਤੀ ਕਰਦਾ ਸੀ ਤੇ ਸ. ਗਿੱਲ ਦੇ ਪਿਤਾ ਉੱਥੇ ਬਤੌਰ ਐਜੂਕੇਸ਼ਨ ਅਫਸਰ ਤਾਇਨਾਤ ਸਨ। ਦੋਹਾਂ ਪਰਿਵਾਰਾਂ ਦੇ ਆਪਸੀ ਗੂੜ੍ਹੇ ਸਬੰਧ ਸਨ। ਸ. ਪਦਮ ਸਿੰਘ ਨੇ ਹਾਈ ਕਮਾਂਡ ਦੀਆਂ ਹਦਾਇਤਾਂ ਮੁਤਾਬਿਕ ਹਵਾਈ ਅੱਡੇ ਦੀ ਉਸਾਰੀ ਤੇਜ਼ੀ ਨਾਲ ਸ਼ੁਰੂ ਤੇ ਮੁਕੰਮਲ ਕਰਾਈ। ਇਸ ਖਾਤਰ ਬਹੁਤੀ ਜ਼ਮੀਨ ਪਿੰਡ ਬਹਿਲਾਣਾ ਅਤੇ ਭਬਾਤ (ਨਗਰ ਕੌਂਸਲ ਜ਼ੀਰਕਪੁਰ) ਦੀ ਐਕੁਆਇਰ ਹੋਈ। ਇਸੇ ਹਵਾਈ ਅੱਡੇ ਦੀ ਪਟੜੀ ਨੂੰ ਇਸਤੇਮਾਲ ਕਰਦਿਆਂ 1972-73 ਵਿੱਚ ਸਿਵਲ ਹਵਾਈ ਅੱਡਾ ਸ਼ੁਰੂ ਹੋਇਆ, ਜਿਹੜਾ ਕਿ 2016 ਵਿੱਚ ਇੰਟਰਨੈਸ਼ਨਲ ਹਵਾਈ ਅੱਡਾ ਬਣਿਆ।




ਸ. ਪਦਮ ਸਿੰਘ ਗਿੱਲ ਦਾ ਜੱਦੀ ਪਿੰਡ ਮੋਗਾ ਤਹਿਸੀਲ ਵਿੱਚ ਕੋਕਰੀ ਸੀ, ਉਨ੍ਹਾਂ ਦੇ ਪਿਤਾ ਨੇ 1952 ਵਿੱਚ ਰਿਟਾਇਰਮੈਂਟ ਲੈਣ ਤੋਂ ਬਾਅਦ ਆਪਣੀ ਰਿਹਾਇਸ਼ ਜਲੰਧਰ ਕੀਤੀ ਅਤੇ ਬਾਅਦ ਵਿੱਚ ਕੇਂਦਰੀ ਵਜੀਰ ਬਣੇ ਸ. ਸਵਰਨ ਸਿੰਘ ਨਾਲ ਕੰਪਨੀ ਬਾਗ ਵਿੱਚ ਇੱਕ ਇੰਡੀਆ ਕਾਲਜ ਸ਼ੁਰੂ ਕੀਤਾ। 1962-63 ਜਦੋਂ ਚੰਡੀਗੜ੍ਹ ਦੇ ਮੁਢਲੇ ਸੈਕਟਰਾਂ ਦੀ ਤਾਮੀਰ ਹੋਈ ਤਾਂ ਰਿਟਾਇਰ ਅਫਸਰਾਂ ਨੂੰ ਉਥੇ ਰਿਹਾਇਸ਼ੀ ਪਲਾਟ ਲੈਣ ਲਈ ਉਤਸ਼ਾਹਿਤ ਕੀਤਾ ਗਿਆ ਤਾਂ ਗਿੱਲ ਪਰਿਵਾਰ ਨੂੰ ਸੈਕਟਰ 3 ਵਿੱਚ 30 ਨੰਬਰ ਪਲਾਟ ਮਿਲਿਆ। ਅਸਟੇਟ ਦਫਤਰ ਨੇ ਖੁਦ ਆ ਕੇ ਕੋਠੀ ਬਣਾਉਣ ਖਾਤਰ 80 ਹਜ਼ਾਰ ਰੁਪਏ ਦਾ ਕਰਜਾ ਦਿੱਤਾ। ਸ. ਪਦਮ ਸਿੰਘ ਦਾ ਵੱਡਾ ਭਰਾ ਪਰਫੂਲ ਸਿੰਘ ਵੀ ਫੌਜ ਵਿੱਚੋਂ ਬ੍ਰਿਗੇਡੀਅਰ ਰਿਟਾਇਰ ਹੋਇਆ ਤੇ ਅੱਜ ਕੱਲ੍ਹ ਪੂਨੇ ਸੈਟਲ ਹੈ। ਛੋਟਾ ਭਾਈ ਰਜਿੰਦਰ ਸਿੰਘ ਐਮ.ਬੀ.ਬੀ.ਐਸ. ਡਾਕਟਰ ਹੈ ਤੇ ਇੰਗਲੈਂਡ ਸੈਟਲ ਹੈ। ਸ. ਪਦਮ ਸਿੰਘ ਨੇ ਆਖਰੀ ਵਕਤ ਅਮਰੀਕਾ ਵਿੱਚ ਗੁਜਾਰਿਆ ਅਤੇ 2008 ਵਿੱਚ ਫੌਤ ਹੋਏ। ਗਿੱਲ ਭਰਾਵਾਂ ਦੀ ਮਾਤਾ ਸਰਦਾਰਨੀ ਜਗੀਰ ਕੌਰ ਰਾਏਕੋਟ ਤਹਿਸੀਲ ਵਿੱਚ ਪੈਂਦੇ ਪਿੰਡ ਬੱਸੀਆਂ ਤੋਂ ਗੋਧੇ ਕੇ ਲਾਣੇ ਵਿੱਚੋਂ ਸ. ਸੱਜਣ ਸਿੰਘ ਉੱਪ਼ਲ ਦੀ ਧੀ ਸੀ ਤੇ ਉਹ ਸਿੱਖ ਗਰਲਜ਼ ਸਕੂਲ ਸਿੱਧਵਾਂ ਖੁਰਦ ਤੋਂ 1916 ਦੀ ਮੈਟ੍ਰਿਕ ਪਾਸ ਸੀ। ਬੀਬੀ ਜਗੀਰ ਕੌਰ ਆਪਣੇ ਪਤੀ ਸ. ਚੰਨਣ ਸਿੰਘ ਦੇ ਫੌਤ ਹੋਣ ਜਾਣ ਅਤੇ ਆਪਣੇ ਬੇਟਿਆਂ ਦੇ ਬਾਹਰ ਸੈਟਲ ਹੋਣ ਜਾਣ ਕਰਕੇ ਆਪਣੇ ਆਖਰੀ ਵਕਤ ਸੰਨ 2000 ਤੱਕ 3 ਸੈਕਟਰ ਵਾਲੀ 30 ਨੰਬਰ ਕੋਠੀ ਵਿੱਚ ਇਕੱਲੀ ਹੀ ਰਹਿੰਦੀ ਰਹੀ। ਇਕੱਲ ਕਾਰਨ ਉਹ ਆਪਣੇ ਪੇਕੇ ਬੱਸੀਆਂ ਤੋਂ ਆਪਣੇ ਭਤੀਜਿਆਂ ਦੇ ਬੱਚਿਆਂ ਨੂੰ ਸਕੂਲ ਛੁੱਟੀਆਂ ਦੌਰਾਨ ਆਪਣੇ ਕੋਲ ਸੱਦ ਲੈਂਦੀ। ਉਨ੍ਹਾਂ ਬੱਚਿਆਂ ਵਿੱਚੋਂ ਬੀਬੀ ਜੀ ਦੇ ਭਤੀਜੇ ਸ. ਜਗਦੀਪ ਸਿੰਘ ਦੇ ਬੇਟੇ ਪ੍ਰੀਤੀ ਰਾਜ ਸਿੰਘ ਬਿੱਟੂ ਦੀਆਂ ਹਰੇਕ ਛੁੱਟੀਆਂ ਇਸੇ ਕੋਠੀ ਵਿੱਚ ਗੁਜ਼ਰਦੀਆਂ ਰਹੀਆਂ। ਬਿੱਟੂ ਆਪਣੇ ਪਿਤਾ ਦੀ ਭੂਆ ਨੂੰ ਵੀ ਭੂਆ ਹੀ ਆਖਦਾ ਹੈ। ਭੂਆ ਦੱਸਦੀ ਹੁੰਦੀ ਸੀ ਕਿ 31 ਨੰਬਰ ਕੋਠੀ ਉੱਘੇ ਅਕਾਲੀ ਆਗੂ ਹਰਚਰਨ ਸਿੰਘ ਹੁਡਿਆਰਾ ਅਤੇ 32 ਨੰਬਰ 'ਚ ਪ੍ਰਤਾਪ ਸਿੰਘ ਕੈਰੋਂ ਰਹਿੰਦਾ ਸੀ। ਆਪਣੀ ਮਾਤਾ ਦੀ ਫੌਤਗੀ ਤੋਂ ਇੱਕ ਸਾਲ ਬਾਅਦ ਬੇਟਿਆਂ ਨੇ ਇਹ ਕੋਠੀ 2001 ਵਿੱਚ ਖਜ਼ਾਨਾ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਨੂੰ 1 ਕਰੋੜ 40 ਲੱਖ ਵਿੱਚ ਵੇਚ ਦਿੱਤੀ।

ਉੱਪਰ ਜ਼ਿਕਰ ਵਿੱਚ ਆ ਚੁੱਕਾ ਹੈ ਕਿ ਪ੍ਰੀਤੀ ਰਾਜ ਸਿੰਘ ਬਿੱਟੂ ਮੇਰੇ ਭਰਾ ਮਨਜੀਤ ਇੰਦਰ ਸਿੰਘ ਰਾਜਾ ਦਾ ਗੂੜ੍ਹਾ ਆੜੀ ਹੈ। ਬਿੱਟੂ ਤੇ ਰਾਜਾ ਕਿਸੇ ਕੰਮ ਚੰਡੀਗੜ੍ਹ ਗਏ। ਬਿੱਟੂ ਦਾ ਰਾਜੇ ਨੂੰ ਉਹ ਕੋਠੀ ਦਿਖਾਉਣ ਦਾ ਚਿੱਤ ਕੀਤਾ, ਜਿੱਥੇ ਉਹਦੇ ਬਚਪਨ ਦੀਆਂ ਹਰੇਕ ਛੁੱਟੀਆਂ ਬੀਤੀਆਂ ਸਨ। ਦੋਵੇਂ ਜਾਣੇ ਕੋਠੀ ਅੰਦਰ ਚਲੇ ਗਏ। ਸਬੱਬ ਨਾਲ ਕੋਠੀ ਦਾ ਨਵਾਂ ਮਾਲਕ ਮਨਪ੍ਰੀਤ ਸਿੰਘ ਬਾਦਲ ਵੀ ਹਾਜ਼ਰ ਮਿਲ ਗਿਆ। ਬਿੱਟੂ ਨੇ ਮਨਪ੍ਰੀਤ ਸਿੰਘ ਨੂੰ ਇਸ ਕੋਠੀ ਨਾਲ ਆਪਣੀ ਸਾਂਝ ਬਾਰੇ ਦੱਸਿਆ ਤੇ ਉਹਨੇ ਬਿੱਟੂ ਹੁਰਾਂ ਦਾ ਚੰਗਾ ਮਾਣ ਸਤਿਕਾਰ ਕਰਦਿਆਂ ਕੋਠੀ ਅੰਦਰੋਂ ਬਾਹਰੋਂ ਰੀਝ ਨਾਲ ਦਿਖਾਈ। ਚਾਹ ਪੀਂਦਿਆਂ-ਪੀਂਦਿਆਂ ਮਨਪ੍ਰੀਤ ਸਿੰਘ ਨੇ ਰਾਜੇ ਤੇ ਬਿੱਟੂ ਨੂੰ ਸ. ਪਦਮ ਸਿੰਘ ਗਿੱਲ ਵੱਲੋਂ ਹਵਾਈ ਅੱਡਾ ਸ਼ੁਰੂ ਕਰਵਾਉਣ ਵਾਲੀ ਵਿਥਿਆ ਸੁਣਾਈ, ਜੋ ਉਹਨੇ ਪਦਮ ਸਿੰਘ ਗਿੱਲ ਹੁਰਾਂ ਤੋਂ ਕੋਠੀ ਦਾ ਸੌਦਾ ਕਰਨ ਵੇਲੇ ਚੱਲੀਆਂ ਗੱਲਾਂ ਬਾਤਾਂ ਦੌਰਾਨ ਸੁਣੀ ਸੀ। ਬਾਅਦ 'ਚ ਬਿੱਟੂ ਦੇ ਪਿਤਾ ਸ. ਜਗਦੀਪ ਸਿੰਘ ਤੇ ਚਾਚਾ ਰਿਟਾਇਰ ਆਈ.ਪੀ.ਐਸ. ਅਫਸਰ ਸ. ਸੁਰਿੰਦਰ ਸਿਘ ਨੇ ਇਸ ਵਿਥਿਆ ਦੀ ਤਸਦੀਕ ਕੀਤੀ ਤੇ ਮੈਨੂੰ ਕੁਝ ਗੱਲਾਂ ਹੋਰ ਵੀ ਦੱਸੀਆਂ। ਬਿੱਟੂ ਤੇ ਰਾਜੇ ਤੋਂ ਇਹ ਕਹਾਣੀ ਸੁਣਨ ਤੋਂ ਬਾਅਦ ਮੇਰੇ ਮਨ ਵਿੱਚ ਖਿਆਲ ਆਇਆ ਕਿ ਜੇ ਉਦੋਂ ਫੌਜੀ ਅੱਡਾ ਨਾ ਬਣਦਾ ਤਾਂ ਅੱਜ ਦੀ ਤਰੀਕ ਵਿੱਚ ਚੰਡੀਗੜ੍ਹ ਵਾਸਤੇ ਉਚੇਚਾ ਸਿਵਲ ਏਅਰ ਪੋਰਟ ਬਣਨਾ ਬਹੁਤ ਔਖਾ ਹੋਣਾ ਸੀ; ਕਿਉਂਕਿ ਚੰਡੀਗੜ੍ਹ ਦੇ ਨੇੜੇ-ਤੇੜੇ ਇੰਨੀ ਖਾਲੀ ਜ਼ਮੀਨ ਲੱਭਣੀ ਔਖੀ ਹੋਣੀ ਸੀ।

-0-

# ਦੁਨੀਆ ਦੇ ਮਹਾਸਾਗਰਾਂ ਵਿੱਚ ਪਿਆ ਹੈ ਲੱਖਾਂ ਟਨ ਸੋਨਾ

ਵਿਵੇਕ ਸਿੰਘ

***ਖਰਬਾਂ ਡਾਲਰ ਹੈ ਕੀਮਤ *ਵਿਗਿਆਨੀਆਂ ਨੇ ਲੱਭਿਆ ਸੋਨਾ ਕੱਢਣ ਦਾ ਤਰੀਕਾ, ਪਰ ਇਹ ਸੌਖਾ ਨਹੀਂ**

ਕੀ ਤੁਸੀਂ ਕਲਪਨਾ ਕਰ ਸਕਦੇ ਹੋ ਕਿ ਸਮੁੰਦਰ ਦੇ ਅੰਦਰ ਦੁਨੀਆ ਦਾ ਅਥਾਹ ਖਜ਼ਾਨਾ ਲੁਕਿਆ ਹੋਇਆ ਹੈ। ਇਹ ਖਜ਼ਾਨਾ ਸ਼ੁੱਧ ਸੋਨੇ ਦੇ ਰੂਪ ਵਿੱਚ ਸਮੁੰਦਰ ਦੇ ਅੰਦਰ ਮੌਜੂਦ ਹੈ, ਜਿਸ ਦੀ ਕੀਮਤ ਖਰਬਾਂ ਡਾਲਰ ਹੈ।

ਵਿਗਿਆਨੀਆਂ ਦਾ ਅੰਦਾਜ਼ਾ ਹੈ ਕਿ ਧਰਤੀ ਦੇ ਮਹਾਸਾਗਰਾਂ ਅਤੇ ਸਮੁੰਦਰਾਂ ਵਿੱਚ ਲੱਖਾਂ ਟਨ ਸੋਨਾ ਮੌਜੂਦ ਹੈ, ਜੋ ਪਾਣੀ ਵਿੱਚ ਘੁਲ਼ਿਆ ਹੋਇਆ ਹੈ। ਵਿਗਿਆਨੀਆਂ ਨੇ ਇਸ ਸੋਨੇ ਨੂੰ ਕੱਢਣ ਦੇ ਤਰੀਕਿਆਂ 'ਤੇ ਖੋਜ ਕੀਤੀ ਹੈ, ਪਰ ਇਹ ਕੋਈ ਸੌਖਾ ਕੰਮ ਨਹੀਂ ਹੈ।

ਹਰ 10 ਕਰੋੜ ਮੀਟ੍ਰਿਕ ਟਨ ਸਮੁੰਦਰੀ ਜਲ ਵਿੱਚ ਇੱਕ ਗ੍ਰਾਮ ਸੋਨਾ ਪਾਇਆ ਜਾਂਦਾ ਹੈ। ਸਵਾਲ ਉੱਠਦਾ ਹੈ ਕਿ ਇਹ ਸੋਨਾ ਕਿਵੇਂ ਕੱਢਿਆ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਸਮੁੰਦਰ ਤੋਂ ਸੋਨਾ ਕੱਢਣਾ ਸੰਭਵ ਹੋ ਪਵੇਗਾ ਜਾਂ ਨਹੀਂ?

ਨੈਚਰ ਅਤੇ ਜਰਨਲ ਆਫ਼ ਦ ਅਮਰੀਕਨ ਕੈਮੀਕਲ ਸੋਸਾਇਟੀ ਵਿੱਚ ਪ੍ਰਕਾਸ਼ਿਤ ਅਧਿਐਨ ਨੇ ਇਸ ਸੋਨੇ ਨੂੰ ਕੱਢਣ ਦੇ ਤਰੀਕੇ ਸੁਝਾਏ ਹਨ, ਪਰ ਇਹ ਪ੍ਰਕਿਰਿਆ ਆਰਥਿਕ ਰੂਪ ਵਿੱਚ ਬਹੁਤ ਜਟਿਲ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਸਮੁੰਦਰ ਵਿੱਚ ਲੱਖਾਂ ਟਨ ਸੋਨਾ ਹੈ, ਜਿਸ ਦੀ ਕੀਮਤ ਮੌਜੂਦਾ ਅੰਦਾਜ਼ਿਆਂ ਅਨੁਸਾਰ 2000 ਕਰੋੜ ਡਾਲਰ ਹੋ ਸਕਦੀ ਹੈ। ਅੰਦਾਜ਼ੇ ਅਨੁਸਾਰ, ਸਮੁੰਦਰ ਦੇ ਪਾਣੀ ਵਿੱਚ 2 ਕਰੋੜ ਟਨ ਸੋਨਾ ਘੁਲ਼ਿਆ ਹੋਇਆ ਹੈ। ਇਸ ਸੋਨੇ ਦੇ ਖਣਨ 'ਤੇ ਅਕਸਰ ਚਰਚਾ ਹੁੰਦੀ ਰਹੀ ਹੈ, ਪਰ ਇਸ ਦਾ ਕੋਈ ਹੱਲ ਨਹੀਂ ਨਿਕਲਿਆ ਹੈ।

ਸਮੁੰਦਰਾਂ ਵਿੱਚ ਕਿਵੇਂ ਪਹੁੰਚਿਆ ਸੋਨਾ?

ਇਹ ਸੋਨਾ ਕੁਦਰਤੀ ਪ੍ਰਕਿਰਿਆਵਾਂ ਰਾਹੀਂ ਸਮੁੰਦਰਾਂ ਤੱਕ ਪਹੁੰਚਿਆ ਹੈ। ਚੱਟਾਨਾਂ ਅਤੇ ਹੋਰ ਕੁਦਰਤੀ ਵਸਤੂਆਂ ਤੋਂ ਸੋਨਾ ਹੌਲੀ-ਹੌਲੀ ਸਮੁੰਦਰ ਵਿੱਚ ਰਿਸਦਾ ਹੈ। ਮੀਂਹ ਅਤੇ ਨਦੀਆਂ ਹੌਲ਼ੀ-ਹੌਲ਼ੀ ਚੱਟਾਨਾਂ ਨੂੰ ਤੋੜਦੀਆਂ ਹਨ। ਇਸ ਦੌਰਾਨ ਉਨ੍ਹਾਂ ਵਿੱਚ ਮੌਜੂਦ ਸੋਨੇ ਦੀ ਕੁਝ ਮਾਤਰਾ



ਸਮੁੰਦਰ ਵਿੱਚ ਪਹੁੰਚ ਜਾਂਦੀ ਹੈ। ਇਸ ਤੋਂ ਇਲਾਵਾ ਹਾਈਡ੍ਰੋਥਰਮਲ ਵੈਂਟ ਵੀ ਜ਼ਿੰਮੇਵਾਰ ਹੈ। ਇਹ ਉਨ੍ਹਾਂ ਖੇਤਰਾਂ ਵਿੱਚ ਹੁੰਦਾ ਹੈ, ਜਿੱਥੇ ਟੈਕਟੋਨਿਕ ਪਲੇਟਾਂ ਮਿਲਦੀਆਂ ਹਨ, ਜਿਸ ਨਾਲ ਗਰਮੀ ਕਾਰਨ ਸੋਨੇ ਸਮੇਤ ਘੁ਼ਲੇ ਹੋਏ ਖਣਿਜਾਂ ਨਾਲ ਭਰਪੂਰ ਤਰਲ ਪਦਾਰਥ ਨਿਕਲਦੇ ਹਨ।

ਕਿਵੇਂ ਨਿਕਲੇਗਾ ਪਾਣੀ 'ਚੋਂ ਸੋਨਾ?

ਸਮੁੰਦਰ ਤੋਂ ਸੋਨਾ ਕੱਢਣਾ ਬਹੁਤ ਜਟਿਲ ਪ੍ਰਕਿਰਿਆ ਹੈ। ਵਿਸ਼ਾਲ ਖੇਤਰਾਂ ਵਿੱਚ ਸੋਨਾ ਥੋੜ੍ਹੀ ਮਾਤਰਾ ਵਿੱਚ ਮੌਜੂਦ ਹੈ। ਇੱਕ ਲੀਟਰ ਪਾਣੀ ਵਿੱਚ 1 ਨੈਨੋਗ੍ਰਾਮ ਤੋਂ ਵੀ ਬਹੁਤ ਘੱਟ ਸੋਨਾ ਹੈ। ਇੱਥੇ ਸਮਝਣਾ ਜ਼ਰੂਰੀ ਹੈ ਕਿ 1 ਅਰਬ ਨੈਨੋਗ੍ਰਾਮ ਤੋਂ ਇੱਕ ਗ੍ਰਾਮ ਹੁੰਦਾ ਹੈ। ਸਮੁੰਦਰੀ ਖਣਨ ਇੱਕ ਤਕਨੀਕੀ ਚੁਣੌਤੀ ਬਣਿਆ ਹੋਇਆ ਹੈ। 1941 ਵਿੱਚ ਨੈਚਰ ਰਸਾਲੇ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ ਇੱਕ ਬਿਜਲਈ ਰਸਾਇਣਕ ਵਿਧੀ ਦਾ ਪ੍ਰਸਤਾਵ ਰੱਖਿਆ ਗਿਆ ਸੀ, ਜਿਸ ਦੀ ਲਾਗਤ ਸੋਨੇ ਦੀ ਕੀਮਤ ਤੋਂ 5 ਗੁਣਾ ਵੱਧ ਹੁੰਦੀ ਹੈ।

ਅਮਰੀਕੀ ਕੈਮੀਕਲ ਸੋਸਾਇਟੀ ਦੇ ਜਰਨਲ ਵਿੱਚ 2018 ਵਿੱਚ ਪ੍ਰਕਾਸ਼ਿਤ ਇੱਕ ਹੋਰ ਵਿਧੀ ਵਿੱਚ ਇੱਕ ਪਦਾਰਥ ਦਾ ਜ਼ਿਕਰ ਕੀਤਾ ਗਿਆ ਸੀ, ਜੋ ਸਪੰਜ ਵਾਂਗ ਸੋਨੇ ਨੂੰ ਚੂਸ ਸਕਦਾ ਹੈ। ਹਾਲਾਂਕਿ, ਇਸ ਵਿਧੀ ਨੂੰ ਵਰਤ ਕੇ ਵੱਡੀ ਮਾਤਰਾ ਵਿੱਚ ਸੋਨਾ ਕੱਢਣਾ ਅਜੇ ਵੀ ਇੱਕ ਚੁਣੌਤੀ ਬਣੀ ਹੋਈ ਹੈ।

# ਅਮਰੀਕਾ ਦੀ ਚਾਹਤ ਪੰਜਾਬੀਆਂ ਨੂੰ ਲੈ ਆਈ ਸੀ ਮੈਕਸੀਕੋ

**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀ ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ ਅਤੇ ਉਨ੍ਹਾਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਇਸੇ ਤਰ੍ਹਾਂ ਪਰਦੇਸ ਵਿੱਚ ਪੱਕਾ ਹੋਣ ਦੀ ਚਾਹਤ ਨੇ ਪੰਜਾਬੀਆਂ ਨੂੰ ਵੱਖ ਵੱਖ ਹਾਲਾਤ ਦੇ ਰਾਹਾਂ ਦਾ ਪਾਂਧੀ ਵੀ ਬਣਾਇਆ, ਜਿਸ ਵਿੱਚ ਮੈਕਸੀਕੋ ਜਾ ਕੇ ਫਿਰ ਡੌਂਕੀ ਲਾ ਕੇ ਅਮਰੀਕਾ ਜਾਣ ਦਾ ਰੁਝਾਨ ਵੀ ਇੱਕ ਹੈ। ਹਾਲਾਂਕਿ ਹੁਣ ਜੋ ਹਾਲਾਤ ਹਨ, ਡੌਂਕੀ ਲਾਉਣਾ ਖਾਲਾ ਜੀ ਦਾ ਵਾੜਾ ਨਹੀਂ ਰਿਹਾ। ਇੱਥੇ ਦੋ ਪ੍ਰਕਾਰ ਦੇ ਭਾਰਤੀ ਲੋਕ ਵੱਸਦੇ ਹਨ- ਪਹਿਲੇ, ਕੰਪਨੀਆਂ ਦੇ ਕਰਮਚਾਰੀਆਂ ਵਜੋਂ ਪੱਕੇ ਤੌਰ 'ਤੇ ਰਹਿੰਦੇ ਲੋਕ; ਤੇ ਉਹ ਜਿਹੜੇ ਸਿਰਫ਼ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਮਕਸਦ ਨਾਲ ਇੱਥੇ ਆਏ। ਪੇਸ਼ ਹੈ, ਮੈਕਸੀਕੋ ਨਾਲ ਸਾਂਝ ਦਾ ਸੰਖੇਪ ਵੇਰਵਾ...***

ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਪੰਜਾਬੀਆਂ ਨੇ ਦੁਨੀਆਂ ਦੇ ਹਰ ਛੋਟੇ-ਵੱਡੇ ਮੁਲਕ ਵਿੱਚ ਜਾ ਕੇ ਆਪਣੀ ਸਖ਼ਤ ਘਾਲਣਾ ਅਤੇ ਦਿਆਨਤਦਾਰੀ ਸਦਕਾ ਉਨ੍ਹਾਂ ਮੁਲਕਾਂ ਵਿੱਚ ਅਤੇ ਉਨ੍ਹਾਂ ਮੁਲਕਾਂ ਦੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਵੱਖਰੀ ਥਾਂ ਬਣਾਈ ਹੈ। ਅਮਰੀਕਾ ਇੱਕ ਅਜਿਹਾ ਮੁਲਕ ਹੈ, ਜਿੱਥੇ ਬਹੁਤ ਸਾਰੇ ਪੰਜਾਬੀ ਅੱਜ ਵੀ ਜਾਣਾ ਚਾਹੁੰਦੇ ਹਨ, ਪਰ ਨਿਯਮਾਂ ਦੀ ਸਖ਼ਤੀ ਕਰਕੇ ਅਤੇ ਕੁਝ ਹੋਰ ਕਾਰਨਾਂ ਕਰਕੇ ਏਸ਼ੀਆਈ ਲੋਕਾਂ ਲਈ ਘੱਟ ਵੀਜ਼ੇ ਜਾਰੀ ਹੁੰਦੇ ਹਨ ਤੇ ਇੱਥੇ ਆਉਣ ਦੇ ਚਾਹਵਾਨ ਜ਼ਿਆਦਾਤਰ ਪੰਜਾਬੀਆਂ ਦਾ ਸੁਫ਼ਨਾ ਅਧੂਰਾ ਹੀ ਰਹਿ ਜਾਂਦਾ ਹੈ। ਜਦੋਂ ਚਾਰੇ ਪਾਸੇ ਹੱਥ ਪੈਰ ਮਾਰ ਕੇ ਵੀ ਅਮਰੀਕਾ ਜਾਣ ਦਾ ਕੋਈ ਚਾਰਾ ਬਾਕੀ ਨਹੀਂ ਰਹਿ ਜਾਂਦਾ ਹੈ ਤਾਂ ਫਿਰ ਪੰਜਾਬੀ ਮੁੰਡੇ ਤੇ ਕੁੜੀਆਂ ਆਪਣੀ ਜਾਨ ਦਾਅ 'ਤੇ ਲਾ ਕੇ ਗ਼ੈਰ-ਕਾਨੂੰਨੀ ਢੰਗ ਨਾਲ ਭਾਵ ਡੌਂਕੀ ਲਗਾ ਕੇ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਹਨ ਤੇ ਉਨ੍ਹਾਂ ਦੀ ਇਹ ਕੋਸ਼ਿਸ਼ ਉਨ੍ਹਾਂ ਨੂੰ ਅਮਰੀਕਾ ਦੇ ਜਿਸ ਗੁਆਂਢੀ ਮੁਲਕ ਵਿੱਚ ਲਿਆ ਉਤਾਰਦੀ ਹੈ, ਉਸਦਾ ਨਾਂ ਹੈ- ਮੈਕਸੀਕੋ। ਹਾਲਾਂਕਿ ਹੁਣ ਜੋ ਹਾਲਾਤ ਹਨ, ਡੌਂਕੀ ਲਾਉਣਾ ਵੀ ਖਾਲਾ ਜੀ ਦਾ ਵਾੜਾ ਨਹੀਂ ਰਿਹਾ, ਜਦੋਂ ਕਿ ਗੈਰ-ਕਾਨੂੰਨੀ ਪਰਵਾਸੀਆਂ ਨੂੰ ਧੜਾਧੜ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਮੁਲਕਾਂ ਵੱਲ ਤੋਰਿਆ ਜਾ ਰਿਹਾ ਹੈ।

ਮੈਕਸੀਕੋ, ਅਸਲ ਵਿੱਚ ਉੱਤਰੀ ਅਮਰੀਕਾ ਵਾਲੇ ਖਿੱਤੇ ਵਿੱਚ ਸਥਿਤ ਹੈ। ਇਸ ਮੁਲਕ ਦੇ ਉੱਤਰ ਵਾਲੇ ਪਾਸੇ ਅਮਰੀਕਾ ਅਤੇ ਦੱਖਣ-ਪੂਰਬ ਵਾਲੇ ਪਾਸੇ ਗੁਆਟੇਮਾਲਾ ਸਥਿਤ ਹੈ। ਇਸ ਸੁੰਦਰ ਮੁਲਕ ਦੇ ਪੱਛਮ ਵੱਲ ਪ੍ਰਸ਼ਾਂਤ ਮਹਾਂਸਾਗਰ, ਦੱਖਣ-ਪੂਰਬ ਵਿੱਚ ਕੈਰੀਬਿਅਨ ਸਾਗਰ ਅਤੇ ਪੂਰਬ ਵਾਲੇ ਪਾਸੇ ਮੈਕਸੀਕੋ ਦੀ ਖਾੜੀ ਹੈ। ਇਸ ਦੇਸ਼ ਦਾ ਕੁੱਲ ਖੇਤਰਫ਼ਲ 19,72,550 ਵਰਗ ਕਿਲੋਮੀਟਰ ਹੈ ਤੇ ਆਬਾਦੀ 13 ਕਰੋੜ ਦੇ ਆਸਪਾਸ ਹੈ। ਇੱਥੇ ਜਨਸੰਖਿਆ ਘਣਤਾ 61 ਵਿਅਕਤੀ ਪ੍ਰਤੀ ਵਰਗ ਕਿਲੋਮੀਟਰ ਹੈ, ਜਦੋਂ ਕਿ ਧਰਮ ਦੇ ਪੱਖੋਂ ਇੱਥੋਂ ਦੀ ਕੁੱਲ ਜਨਸੰਖਿਆ ਦਾ 89 ਫ਼ੀਸਦੀ ਹਿੱਸਾ ਈਸਾਈ ਮਤ ਨੂੰ ਅਤੇ 2.4 ਫ਼ੀਸਦੀ ਹਿੱਸਾ ਦੂਜੇ ਧਰਮਾਂ ਨੂੰ ਮੰਨਦਾ ਹੈ। ਇੱਥੇ 8.1 ਫ਼ੀਸਦੀ ਜਨਸੰਖਿਆ ਅਜਿਹੀ ਵੀ ਹੈ, ਜੋ ਕਿਸੇ ਵੀ ਧਰਮ ਵਿੱਚ ਆਸਥਾ ਨਹੀਂ ਰੱਖਦੀ ਹੈ। ਇਹ ਮੁਲਕ ਕਿਸੇ ਵਕਤ ਸਪੇਨ ਦੇ ਅਧੀਨ ਸੀ ਤੇ ਇਸਨੇ ਸੰਨ 1810 ਵਿੱਚ ਆਜ਼ਾਦੀ ਦੀ ਲੜਾਈ ਅਰੰਭ ਕੀਤੀ ਸੀ। 27 ਸਤੰਬਰ 1821 ਨੂੰ ਇਸਨੂੰ ਆਜ਼ਾਦੀ ਹਾਸਿਲ ਹੋਈ ਸੀ ਤੇ ਸੰਨ 1824 ਵਿੱਚ ਇੱਥੋਂ ਦਾ ਸੰਵਿਧਾਨ ਲਾਗੂ ਹੋ ਗਿਆ ਸੀ। ਇਹ ਜ਼ਿਕਰਯੋਗ ਹੈ ਕਿ ਵਰਤਮਾਨ ਸਮੇਂ ਅੰਦਰ ਮੈਕਸੀਕੋ ਅੰਦਰ ਚੱਲ ਰਿਹਾ ਸੰਵਿਧਾਨ 5 ਫ਼ਰਵਰੀ 1917 ਨੂੰ ਲਾਗੂ ਕੀਤਾ ਗਿਆ ਸੀ। ਇੱਥੋਂ ਦੀ ਕਰੰਸੀ ਨੂੰ 'ਮੈਕਸੀਕਨ ਪੀਸੋ' ਕਿਹਾ ਜਾਂਦਾ ਹੈ।

ਜੇਕਰ ਮੈਕਸੀਕੋ ਵਿਖੇ ਵੱਸਦੇ ਭਾਰਤੀਆਂ ਦੀ ਗੱਲ ਕੀਤੀ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਇੱਥੇ ਦੋ ਪ੍ਰਕਾਰ ਦੇ ਭਾਰਤੀ ਲੋਕ ਵੱਸਦੇ ਹਨ। ਪਹਿਲਾ ਵਰਗ ਉਨ੍ਹਾਂ ਭਾਰਤੀਆਂ ਦਾ ਹੈ, ਜੋ ਇੱਥੇ ਬਤੌਰ ਸਾਫ਼ਟਵੇਅਰ ਇੰਜੀਨੀਅਰ ਜਾਂ ਬਹੁ-ਕੌਮੀ ਕੰਪਨੀਆਂ ਦੇ ਕਰਮਚਾਰੀਆਂ ਵਜੋਂ ਪੱਕੇ ਤੌਰ 'ਤੇ ਰਹਿੰਦੇ ਹਨ। ਇਨ੍ਹਾਂ ਦੀ ਗਿਣਤੀ 8 ਤੋਂ 10 ਹਜ਼ਾਰ ਦੇ ਵਿਚਕਾਰ ਦੱਸੀ ਜਾਂਦੀ ਹੈ, ਜਦੋਂ ਕਿ ਇੱਥੇ ਰਹਿੰਦੇ ਭਾਰਤੀਆਂ ਦੇ ਦੂਜੇ ਵਰਗ ਵਿੱਚ ਉਹ ਲੋਕ ਸ਼ਾਮਿਲ ਹਨ, ਜਿਨ੍ਹਾਂ ਦੀ ਇੱਥੇ ਪੱਕੇ ਤੌਰ 'ਤੇ ਕੰਮ ਕਰਨ ਜਾਂ ਵੱਸਣ ਵਿੱਚ ਕੋਈ ਰੁਚੀ ਨਹੀਂ ਹੈ ਤੇ ਜਿਹੜੇ ਸਿਰਫ਼ ਅਮਰੀਕਾ ਵਿੱਚ ਦਾਖ਼ਲ ਹੋਣ ਦੇ ਮਕਸਦ ਨਾਲ ਇੱਥੇ ਆਏ ਹਨ। ਅਜਿਹੇ 'ਭੰਵਰਿਆਂ' ਦੀ ਸੰਖਿਆ ਹਰ ਸਾਲ ਵਧਦੀ ਜਾ ਰਹੀ ਹੈ। ਇਸ ਪ੍ਰਚਲਨ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਮੈਕਸੀਕੋ ਦੀ ਸਰਕਾਰ ਜਿੱਥੇ ਇੱਕ ਪਾਸੇ ਇਮੀਗ੍ਰੇਸ਼ਨ ਦੇ ਸਖ਼ਤ ਨਿਯਮ ਬਣਾ ਰਹੀ ਹੈ, ਉੱਥੇ ਹੀ ਦੂਜੇ ਪਾਸੇ ਮੈਕਸੀਕਨ ਪੁਲਿਸ ਵੀ ਬੜੀ ਮੁਸ਼ਤੈਦੀ ਨਾਲ ਬਿਨਾ ਵਾਜਿਬ ਦਸਤਾਵੇਜ਼ਾਂ ਵਾਲੇ ਭਾਰਤੀਆਂ ਦੀ ਪਛਾਣ ਲਈ ਲਗਾਤਾਰ ਛਾਪੇਮਾਰੀ ਤੇ ਪੁੱਛਗਿੱਛ ਕਰ ਰਹੀ ਹੈ।

ਮੈਕਸੀਕੋ ਵਿਖੇ ਭਾਰਤੀ ਖਾਣੇ ਪੇਸ਼ ਕਰਨ ਵਾਲੇ ਰੈਸਟੋਰੈਂਟ ਕਾਫੀ ਮਾਤਰਾ ਵਿੱਚ ਹਨ ਤੇ ਇੱਥੇ ਕਾਫੀ ਸਾਰੇ ਭਾਰਤੀ ਤਿਉਹਾਰ ਬੜੇ ਹੀ ਉਤਸ਼ਾਹ ਅਤੇ ਮੈਕਸੀਕੋ ਵਾਸੀਆਂ ਦੇ ਸਹਿਯੋਗ ਨਾਲ ਮਨਾਏ ਜਾਂਦੇ ਹਨ। ਮਸ਼ਹੂਰ ਭਾਰਤੀ ਕੰਪਨੀ 'ਟਾਟਾ' ਅਤੇ ਕੁਝ ਇੱਕ ਹੋਰ ਕੰਪਨੀਆਂ ਨੇ ਇਸ ਮੁਲਕ ਵਿੱਚ ਵੱਡੇ ਨਿਵੇਸ਼ ਵੀ ਕੀਤੇ ਹੋਏ ਹਨ।

ਉੱਨੀਵੀਂ ਸਦੀ ਦੇ ਅਰੰਭ ਵਿੱਚ ਹੀ ਅਮਰੀਕਾ ਵਿਖੇ ਵੱਸਣ ਦੇ ਚਾਹਵਾਨ ਬਹੁਤ ਸਾਰੇ ਪੰਜਾਬੀ ਨੌਜਵਾਨ ਖੇਤੀਬਾੜੀ ਕਾਰਜਾਂ ਲਈ ਅਮਰੀਕਾ ਦੇ ਕੈਲੀਫ਼ੋਰਨੀਆ ਵਿਖੇ ਆ ਗਏ ਸਨ। ਇੱਥੇ ਏਸ਼ੀਆਈ ਲੋਕਾਂ ਵਿਰੋਧੀ ਸਖ਼ਤ ਕਾਨੂੰਨ ਹੋਣ ਕਰਕੇ ਉਹ ਆਪਣੇ ਪਰਿਵਾਰਾਂ ਨੂੰ ਅਮਰੀਕਾ ਨਹੀਂ ਲਿਆ ਸਕਦੇ ਸਨ, ਜਿਸ ਕਰਕੇ ਉਨ੍ਹਾਂ ਨੇ ਇੱਥੇ ਵੱਸਦੀਆਂ ਉਨ੍ਹਾਂ ਮੈਕਸੀਕਨ ਮੁਟਿਆਰਾਂ ਨਾਲ ਵਿਆਹ ਕਰਵਾ ਲਏ, ਜੋ 'ਮੈਕਸੀਕਨ ਕ੍ਰਾਂਤੀ' ਪਿੱਛੋਂ ਕੈਲੀਫ਼ੋਰਨੀਆ ਆ ਗਈਆਂ ਸਨ। ਇਸ ਤਰ੍ਹਾਂ ਅਮਰੀਕਾ ਵਿੱਚ ਪੰਜਾਬੀ ਅਤੇ ਮੈਕਸੀਕਨ ਸੱਭਿਆਚਾਰਾਂ ਦਾ ਸੁਮੇਲ ਵਿਕਸਿਤ ਹੋਣ ਲੱਗ ਪਿਆ। ਇਸ ਤਰ੍ਹਾਂ ਦੀ ਇੱਕ ਸ਼ਾਦੀ ਦੀ ਤਸਵੀਰ ਸੋਸ਼ਲ ਮੀਡੀਆ 'ਤੇ ਉਪਲਬਧ ਹੈ, ਜੋ ਸੰਨ 1917 ਦੀ ਹੈ ਤੇ ਜਿਸ ਵਿੱਚ ਰੁਲ੍ਹੀਆ ਸਿੰਘ ਨਾਮਕ ਪੰਜਾਬੀ ਨੌਜਵਾਨ ਨੂੰ ਉਸਦੀ ਮੈਕਸੀਕਨ ਪਤਨੀ ਵੈਲਨਟੀਨਾ ਐਲਵਰੇਜ਼ ਨਾਲ ਵਿਖਾਇਆ ਗਿਆ ਹੈ। ਇਸੇ ਤਰ੍ਹਾਂ ਸੰਨ 1920 ਦੇ ਆਸ-ਪਾਸ ਪੰਜਾਬ ਤੋਂ ਕੈਲੀਫ਼ੋਰਨੀਆ ਆਏ ਆਜ਼ਾਦੀ ਘੁਲਾਟੀਏ ਸ. ਊਧਮ ਸਿੰਘ ਨੇ ਵੀ ਇੱਕ ਮੈਕਸੀਕਨ ਲੜਕੀ ਨਾਲ ਸ਼ਾਦੀ ਕਰਵਾਈ ਸੀ, ਜਿਸ ਤੋਂ ਉਨ੍ਹਾਂ ਦੇ ਦੋ ਬੱਚੇ ਵੀ ਸਨ।



ਇੱਕ ਭਾਰਤੀ ਮਰਦ ਮੈਕਸੀਕਨ ਔਰਤ ਨਾਲ

***ਪੰਜਾਬੀਆਂ ਨੇ ਮੈਕਸੀਕਨ ਕੁੜੀਆਂ ਨਾਲ ਵਿਆਹ ਕਰਵਾਉਣ ਲਈ ਸਪੈਨਿਸ਼ ਵੀ ਸਿੱਖੀ ਤੇ ਲੋੜ ਅਨੁਸਾਰ ਆਪਣੇ ਨਾਂ ਵੀ ਸਪੈਨਿਸ਼ ਸੁਰ ਅਨੁਸਾਰ ਬਦਲੇ ਜਿਵੇਂ ਕਿ ਮੱਘਰ ਤੋਂ ਮਿਗਲ, ਇੰਦਰ ਤੋਂ ਐਂਡਰਸ ਅਤੇ ਮੁਹੰਮਦ ਤੋਂ ਮੋਂਡੋਂ ਆਦਿ ਕਰ ਦਿੱਤੇ।***

ਇੱਥੇ ਇਹ ਜ਼ਿਕਰਯੋਗ ਹੈ ਕਿ ਪੰਜਾਬੀਆਂ ਨੇ ਮੈਕਸੀਕਨ ਕੁੜੀਆਂ ਨਾਲ ਸ਼ਾਦੀ ਕਰਵਾਉਣ ਲਈ ਸਪੈਨਿਸ਼ ਵੀ ਸਿੱਖੀ ਤੇ ਲੋੜ ਅਨੁਸਾਰ ਆਪਣੇ ਨਾਂ ਵੀ ਸਪੈਨਿਸ਼ ਸੁਰ ਅਨੁਸਾਰ ਬਦਲੇ ਜਿਵੇਂ ਕਿ ਮੱਘਰ ਤੋਂ ਮਿਗਲ, ਇੰਦਰ ਤੋਂ ਐਂਡਰਸ ਅਤੇ ਮੁਹੰਮਦ ਤੋਂ ਮੋਂਡੋਂ ਆਦਿ ਕਰ ਦਿੱਤੇ। ਇਨ੍ਹਾਂ ਦੇ ਘਰਾਂ ਵਿੱਚ ਪੰਜਾਬੀ ਅਤੇ ਮੈਕਸੀਕਨ ਖਾਣਿਆਂ ਦਾ ਮਿਸ਼ਰਣ ਪੱਕਦਾ ਸੀ ਤੇ ਪੰਜਾਬੀਆਂ ਨੇ ਕਈ ਸਾਰੀਆਂ ਪੰਜਾਬੀ ਰਸਮਾਂ ਆਪਣੀਆਂ ਮੈਕਸੀਕਨ ਪਤਨੀਆਂ ਨੂੰ ਸਿਖਾਅ ਦਿੱਤੀਆਂ ਸਨ। ਪੰਜਾਬੀ ਮੁੰਡਿਆਂ ਨੇ ਜਦੋਂ ਵੇਖਿਆ ਕਿ ਇੱਥੇ ਮਜ਼ਦੂਰੀ ਘੱਟ ਮਿਲਦੀ ਹੈ ਤੇ ਗੁਜ਼ਾਰਾ ਔਖਾ ਹੁੰਦਾ ਹੈ ਤਾਂ ਉਨ੍ਹਾਂ ਨੇ ਪੂਲ ਕਰਕੇ ਭਾਵ ਆਪਣੇ ਸਮੂਹ ਬਣਾ ਕੇ ਜ਼ਮੀਨਾਂ ਦੇ ਵੱਡੇ ਟੁਕੜੇ ਲੀਜ਼ 'ਤੇ ਲੈਣੇ ਸ਼ੁਰੂ ਕਰ ਦਿੱਤੇ ਤੇ ਉਨ੍ਹਾਂ ਜ਼ਮੀਨਾਂ 'ਤੇ ਫ਼ਸਲਾਂ ਉਗਾ ਕੇ ਕਮਾਈ ਕਰਨੀ ਸ਼ੁਰੂ ਕੀਤੀ। ਇਹ ਖੇਤੀ ਕਰਨ ਅਤੇ ਮੈਕਸੀਕਨ ਕੁੜੀਆਂ ਨਾਲ ਸ਼ਾਦੀ ਕਰਨ ਦਾ ਸਿਲਸਿਲਾ ਕਈ ਸਾਲ ਤੱਕ ਚੱਲਦਾ ਰਿਹਾ। ਇਸ ਲਈ ਉਦੋਂ ਤੋਂ ਲੈ ਕੇ ਹੁਣ ਤੱਕ ਇਸ ਤਰ੍ਹਾਂ ਦੇ ਮਿਸ਼ਰਤ ਸੱਭਿਆਚਾਰ ਵਾਲੇ ਪੰਜਾਬੀ-ਮੈਕਸੀਕਨ ਜਾਂ ਪੰਜਾਬੀ-ਅਮਰੀਕੀ ਰਿਸ਼ਤਿਆ ਦੇ ਕਈ ਪ੍ਰਮਾਣ ਕੈਲੀਫ਼ੋਰਨੀਆ, ਟੈਕਸਸ ਅਤੇ ਯੂਬਾ ਸਿਟੀ ਆਦਿ ਇਲਾਕਿਆਂ ਵਿੱਚ ਮੌਜੂਦ ਹਨ।

ਉਧਰ ਜਿਹੜੇ ਪੰਜਾਬੀ ਅਮਰੀਕਾ ਦੇ 'ਇਮੀਗ੍ਰੇਸ਼ਨ ਐਕਟ ਆੱਫ਼ 1917' ਤਹਿਤ ਲਾਗੂ ਕੀਤੇ ਗਏ ਸਖ਼ਤ ਨੇਮਾਂ ਕਰਕੇ ਅਮਰੀਕਾ ਨਹੀਂ ਆ ਸਕੇ ਸਨ, ਉਨ੍ਹਾਂ ਨੇ ਅਮਰੀਕਾ ਦੇ ਗੁਆਂਢ 'ਚ ਪੈਂਦੇ ਮੈਕਸੀਕੋ ਵਿਖੇ ਹੀ ਆਪਣਾ ਪੱਕਾ ਟਿਕਾਣਾ ਕਰ ਲਿਆ ਸੀ। ਇਨ੍ਹਾਂ ਪੰਜਾਬੀਆਂ ਨੇ ਵੀ ਮੈਕਸੀਕੋ ਦੀਆਂ ਸਥਾਨਕ ਮੁਟਿਆਰਾਂ ਨਾਲ ਵਿਆਹ ਕਰਵਾ ਕੇ ਇੱਥੇ ਹੀ ਘਰ ਵਸਾ ਲਏ ਸਨ। ਸੰਨ 1980 ਦੇ ਆਸਪਾਸ ਸਿੱਖ ਪ੍ਰਚਾਰਕ ਹਰਭਜਨ ਸਿੰਘ ਯੋਗੀ ਨੇ ਇੱਥੇ 'ਕੁੰਡਲਿਨੀ ਯੋਗ' ਨਾਮਕ ਸੰਕਲਪ ਅਰੰਭ ਕੀਤਾ ਸੀ, ਜਿਸ ਤਹਿਤ ਸਿੱਖ ਧਰਮ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਮੈਕਸੀਕੋ ਦੇ ਈਸਾਈ ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਸਿੱਖ ਧਰਮ ਗ੍ਰਹਿਣ ਕਰ ਲਿਆ ਸੀ। ਸਿੱਖਾਂ ਅਤੇ ਸਿੱਖੀ ਪ੍ਰਤੀ ਮੈਕਸੀਕੋ ਵਾਸੀਆਂ ਅੰਦਰ ਇੱਕ ਵਿਸ਼ੇਸ਼ ਖਿੱਚ ਕਾਰਨ ਉਹ ਗੁਰਬਾਣੀ ਵਿੱਚ ਬਿਆਨ ਕੀਤੇ ਪਰਮਾਤਮਾ ਦੇ ਸੰਕਲਪ ਵਿੱਚ ਡੂੰਘੀ ਦਿਲਚਸਪੀ ਰੱਖਦੇ ਰਹੇ (ਹੁਣ ਇਹ ਰੁਝਾਨ ਘਟ ਗਿਆ ਹੈ)। ਉਂਜ ਸਾਲ 2016 ਵਿੱਚ ਅਮਰੀਕੀ ਸਿੱਖ ਅਦਾਕਾਰ ਵਾਰਿਸ ਆਹਲੂਵਾਲੀਆ ਨੂੰ ਮੈਕਸੀਕੋ ਸਿਟੀ ਤੋਂ ਨਿਊ ਯਾਰਕ ਜਾਣ ਵਾਲੀ ਵਾਲੀ 'ਏਅਰੋ ਮੈਕਸੀਕੋ' ਨਾਮ ਉਡਾਣ ਵਿੱਚ ਸਵਾਰ ਹੋਣ ਤੋਂ ਇਸ ਕਰਕੇ ਰੋਕ ਦਿੱਤਾ ਗਿਆ ਸੀ, ਕਿਉਂਕਿ ਉਸਨੇ ਪੱਗ ਬੰਨ੍ਹੀ ਹੋਈ ਸੀ। ਸਾਲ 2022 ਵਿੱਚ ਮੈਕਸੀਕੋ ਦੀ ਸਰਕਾਰ ਨੇ ਮਨੁੱਖਤਾ ਦੇ ਭਲੇ ਦੇ ਆਧਾਰ 'ਤੇ 141 ਅਫ਼ਗ਼ਾਨੀ ਸਿੱਖਾਂ ਨੂੰ ਮੈਕਸੀਕੋ ਵਿਖੇ ਸ਼ਰਣ ਪ੍ਰਦਾਨ ਕਰਨ ਦੀ ਪੇਸ਼ਕਸ਼ ਵੀ ਕੀਤੀ ਸੀ।

ਮੈਕਸੀਕੋ ਸ਼ਹਿਰ ਦੀ ਸਰਹੱਦ ਦੇ ਨੇੜੇ ਸਥਿਤ ਟੈਕਾਮੈਕੈਲੋ ਨਾਮਕ ਸਥਾਨ 'ਤੇ ਸਿੱਖ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਸ਼ੋਭਿਤ ਹੈ। ਇੱਥੇ 'ਬਾਬਾ ਜੀ ਸਿੰਘ' ਨਾਮਕ ਮੈਕਸੀਕਨ ਸਿੱਖ ਨੂੰ ਇਹ ਸ਼ਰਫ਼ ਹਾਸਿਲ ਹੈ ਕਿ ਉਸਨੇ ਬੜੀ ਹੀ ਸ਼ਰਧਾ, ਮਿਹਨਤ ਅਤੇ ਲਗਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਦਾ ਸਪੈਨਿਸ਼ ਪਾਸ਼ਾ ਵਿੱਚ ਸਫ਼ਲ ਅਨੁਵਾਦ ਕੀਤਾ ਹੈ।

## ਗੱਲ ਹਰਭਜਨ ਸਿੰਘ ਯੋਗੀ ਦੀ...

ਹਰਭਜਨ ਸਿੰਘ ਯੋਗੀ ਅਮਰੀਕਾ ਵਿਖੇ ਰਹਿਣ ਵਾਲੇ ਇੱਕ ਨਾਮਵਰ ਕਾਰੋਬਾਰੀ ਅਤੇ 'ਯੋਗਾ ਗੁਰੂ' ਸਨ, ਜਿਨ੍ਹਾਂ ਦਾ ਪੂਰਾ ਨਾਂ ਹਰਭਜਨ ਸਿੰਘ ਪੁਰੀ ਸੀ। ਉਨ੍ਹਾਂ ਦਾ ਜਨਮ 26 ਅਗਸਤ 1929 ਨੂੰ ਗੁਜਰਾਂਵਾਲਾ, ਪੰਜਾਬ ਦੇ ਪਿੰਡ ਕੋਟ ਹਰਕਰਣ ਵਿਖੇ ਵੱਸਦੇ ਇੱਕ ਅਮੀਰ ਜ਼ਿਮੀਦਾਰ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਦੇ ਪਿਤਾ ਡਾ. ਕਰਤਾਰ ਸਿੰਘ ਪੁਰੀ ਇੱਕ ਮੈਡੀਕਲ ਅਫ਼ਸਰ ਸਨ। ਹਰਭਜਨ ਸਿੰਘ ਨੇ ਸਿੱਖੀ ਸੰਸਕਾਰ ਆਪਣੇ ਦਾਦਾ ਸੰਤ ਭਾਈ ਫ਼ਤਿਹ ਸਿੰਘ ਤੋਂ ਗ੍ਰਹਿਣ ਕੀਤੇ ਸਨ। ਸੰਨ 1947 ਵਿੱਚ ਹੋਈ ਭਾਰਤ-ਪਾਕਿਸਤਾਨ ਵੰਡ ਦੌਰਾਨ ਉਨ੍ਹਾਂ ਦਾ ਪਰਿਵਾਰ ਉੱਜੜ ਕੇ ਦਿੱਲੀ ਆ ਗਿਆ ਸੀ, ਜਿੱਥੇ ਆਪਣੀ ਪੜ੍ਹਾਈ ਜਾਰੀ ਰੱਖਦਿਆਂ ਉਨ੍ਹਾਂ ਨੇ ਸੰਨ 1952 ਵਿੱਚ ਪੰਜਾਬ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਅਰਥ ਸ਼ਾਸਤਰ ਵਿੱਚ ਮਾਸਟਰ ਡਿਗਰੀ ਹਾਸਿਲ ਕੀਤੀ ਸੀ। ਸੰਨ 1953 ਵਿੱਚ ਉਨ੍ਹਾਂ ਨੂੰ ਭਾਰਤ ਸਰਕਾਰ ਦੇ ਰੈਵੀਨਿਊ ਵਿਭਾਗ ਵਿੱਚ ਨੌਕਰੀ ਮਿਲ ਗਈ ਸੀ ਤੇ ਬਾਅਦ ਵਿੱਚ ਤਰੱਕੀ ਹਾਸਿਲ ਕਰਕੇ ਉਹ ਦਿੱਲੀ ਏਅਰਪੋਰਟ 'ਤੇ ਕਸਟਮ ਇੰਸਪੈਕਟਰ ਨਿਯੁਕਤ ਹੋ ਗਏ ਸਨ। ਉਨ੍ਹਾਂ ਨੇ ਦਿੱਲੀ ਵਿਖੇ ਰਹਿੰਦਿਆਂ 'ਗੋਬਿੰਦ ਸਦਨ' ਦੇ ਬਾਬਾ ਵਿਰਸਾ ਸਿੰਘ ਹੁਰਾਂ ਤੋਂ ਅਧਿਆਤਮਕ ਅਤੇ ਧਾਰਮਿਕ ਸਿੱਖਿਆ ਵੀ ਹਾਸਿਲ ਕੀਤੀ ਸੀ।



ਸੰਨ 1968 ਵਿੱਚ ਉਹ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿਖੇ ਚਲੇ ਗਏ ਸਨ। ਉਥੇ ਉਨ੍ਹਾਂ ਨੇ ਧਰਮ ਪ੍ਰਚਾਰ ਦੇ ਨਾਲ-ਨਾਲ ਚੰਗੀ ਸਿਹਤ ਹਿਤ 'ਯੋਗਾ ਸੈਂਟਰ' ਵੀ ਸਥਾਪਿਤ ਕਰ ਦਿੱਤਾ ਸੀ। ਪੂਰਬੀ ਕੈਨੇਡਾ ਵਿਖੇ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਉਣ ਦੀ ਤਿਆਰੀ ਹਿਤ ਸੰਨ 1968 ਵਿੱਚ ਹੀ ਪਹਿਲਾ ਸਿੱਖ ਗੁਰਦੁਆਰਾ ਸਥਾਪਿਤ ਕਰਨ ਦੇ ਯਤਨ ਉਨ੍ਹਾਂ ਨੇ ਸ਼ੁਰੂ ਕਰ ਦਿੱਤੇ ਸਨ ਅਤੇ ਕੈਨੇਡਾ ਦੇ ਕੌਮੀ ਟੀ.ਵੀ. ਤੇ ਪ੍ਰੈੱਸ ਮੀਡੀਆ ਨੇ ਉਨ੍ਹਾਂ ਦੇ ਇੰਟਰਵਿਊ ਕਰਕੇ ਪ੍ਰਸਾਰਿਤ ਕੀਤੇ ਸਨ, ਜਿਸ ਨਾਲ ਉਹ ਛੇਤੀ ਹੀ ਇੱਕ ਜਾਣੀ-ਪਛਾਣੀ ਧਾਰਮਿਕ ਹਸਤੀ ਬਣ ਗਏ ਸਨ।

ਸੰਨ 1969 ਵਿੱਚ ਅਮਰੀਕਾ ਦੇ ਲਾਸ ਏਂਜਲਸ ਅਤੇ ਕੈਲੀਫ਼ੋਰਨੀਆ ਵਿਖੇ ਆ ਕੇ ਉਨ੍ਹਾਂ ਨੇ 'ਥ੍ਰੀ ਐੱਚ ਫ਼ਾਊਂਡੇਸ਼ਨ' ਨਾਂ ਦੀ ਸੰਸਥਾ ਸ਼ੁਰੂ ਕੀਤੀ ਸੀ। ਇੱਥੇ 'ਥ੍ਰੀ ਐੱਚ' ਦਾ ਮਤਲਬ 'ਪਹਿਲਾ ਐੱਚ ਫ਼ਾਰ ਹੈਲਥ ਭਾਵ ਸਿਹਤ, ਦੂਜਾ ਐੱਚ ਫ਼ਾਰ ਹੈਪੀ ਭਾਵ ਖ਼ੁਸ਼ੀ ਅਤੇ ਤੀਜਾ ਐੱਚ ਫ਼ਾਰ ਹੋਲੀ ਭਾਵ ਪਵਿੱਤਰ' ਸੀ। ਉਨ੍ਹਾਂ ਨੇ ਆਪਣੇ ਪੈਰੋਕਾਰਾਂ ਨੂੰ ਕੇਸਾਧਾਰੀ ਹੋਣ ਅਤੇ ਸ਼ਾਕਾਹਾਰੀ ਬਣਨ ਲਈ ਪ੍ਰੇਰਿਆ। ਸਮੇਂ ਦੀ ਚਾਲ ਨਾਲ ਚਾਲ ਮਿਲਾਉਂਦਿਆਂ ਇੱਕ ਦਿਨ ਉਨ੍ਹਾਂ ਨੇ 'ਇੰਟਰਨੈਸ਼ਨਲ ਕੁੰਡਲਿਨੀ ਯੋਗਾ ਟੀਚਰਜ਼ ਐਸੋਸੀਏਸ਼ਨ' ਦੀ ਸਥਾਪਨਾ ਕਰ ਦਿੱਤੀ, ਜਿਸਦਾ ਮੁੱਖ ਮਕਸਦ ਉਨ੍ਹਾਂ ਦੇ ਮਿਸ਼ਨ ਦੇ ਸਹੀ ਪ੍ਰਚਾਰ ਲਈ ਉੱਚ ਕੋਟੀ ਦੇ ਅਧਿਆਪਕ ਤਿਆਰ ਕਰਨਾ ਸੀ। ਸੰਨ 1980 ਵਿੱਚ ਉਨ੍ਹਾਂ ਨੇ ਕੈਲੀਫ਼ੋਰਨੀਆ ਦੀ ਯੂਨੀਵਰਸਿਟੀ ਫ਼ਾਰ ਹਿਊਮਨਿਸਟਿਕ ਸਟੱਡੀਜ਼ ਤੋਂ ਪੀਐੱਚ.ਡੀ. ਦੀ ਡਿਗਰੀ 'ਸਾਇਕੋਲੋਜੀ ਆਫ਼ ਕਮਿਊਨੀਕੇਸ਼ਨ' ਵਿਸ਼ੇ ਵਿੱਚ ਹਾਸਿਲ ਕੀਤੀ ਸੀ।

ਸੰਨ 1984 ਵਿੱਚ ਅਮਰੀਕਾ ਵਿਖੇ 'ਯੋਗੀ ਚਾਹ' ਨਾਮੀ ਚਾਹ ਪੱਤੀ ਦਾ ਮਸ਼ਹੂਰ ਬਰਾਂਡ ਸ਼ੁਰੂ ਕਰਨ ਵਾਲੇ ਹਰਭਜਨ ਸਿੰਘ ਯੋਗੀ ਦੀ ਸੰਸਥਾ 'ਥ੍ਰੀ ਐੱਚ ਫ਼ਾਊਂਡੇਸ਼ਨ' ਤਾਂ ਸੰਯੁਕਤ ਰਾਸ਼ਟਰ ਸੰਘ ਦੀ ਸਲਾਹਕਾਰ ਵਜੋਂ ਬਤੌਰ ਐਨ.ਜੀ.ਓ. ਲੈ ਲਈ ਗਈ ਸੀ। ਹਰਭਜਨ ਸਿੰਘ ਯੋਗੀ ਨੇ ਅਮਰੀਕਾ ਵਿਖੇ ਕਈ ਵੱਡੇ 'ਸੰਤ ਸਮਾਗਮ' ਵੀ ਆਯੋਜਿਤ ਕੀਤੇ ਸਨ। ਅਖ਼ੀਰ 6 ਅਕਤੂਬਰ 2004 ਨੂੰ 75 ਵਰ੍ਹਿਆਂ ਦੀ ਉਮਰ ਵਿੱਚ ਹਾਰਟ ਫੇਲ੍ਹ (ਦਿਲ ਦੀ ਧੜਕਣ ਬੰਦ) ਹੋ ਜਾਣ ਕਰਕੇ ਉਹ ਅਕਾਲ ਚਲਾਣਾ ਕਰ ਗਏ ਸਨ। ਅਮਰੀਕਾ ਦੇ ਸਿਆਸੀ, ਸਮਾਜਿਕ ਅਤੇ ਆਰਥਿਕ ਗਲਿਆਰਿਆਂ ਵਿੱਚ ਹਰਭਜਨ ਸਿੰਘ ਯੋਗੀ ਦੀ ਮਹੱਤਤਾ ਦਾ ਆਲਮ ਇਹ ਸੀ ਕਿ ਉਨ੍ਹਾਂ ਦੇ ਦੇਹਾਂਤ ਮੌਕੇ 'ਦਿ ਨਿਊ ਯਾਰਕ ਟਾਈਮਜ਼', 'ਦਿ ਲਾਸ ਏਂਜਲਸ ਟਾਈਮਜ਼', 'ਦਿ ਟਾਈਮਜ਼ ਆਫ਼ ਇੰਡੀਆ' ਆਦਿ ਵਰਗੇ ਕੌਮਾਂਤਰੀ ਪੱਧਰ ਦੇ ਅਖ਼ਬਾਰਾਂ ਵੱਲੋਂ ਵਿਸ਼ੇਸ਼ ਸੋਗਮਈ ਲੇਖ ਛਾਪੇ ਗਏ ਸਨ ਤੇ ਭਾਰਤ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੋਗ ਵਜੋਂ ਆਪਣੇ ਸਾਰੇ ਦਫ਼ਤਰ ਬੰਦ ਰੱਖੇ ਸਨ। ਇੱਥੇ ਹੀ ਬਸ ਨਹੀਂ, 'ਸਟੇਟ ਆਫ਼ ਨਿਊ ਮੈਕਸੀਕੋ' ਨੇ ਉਨ੍ਹਾਂ ਦੇ ਸਨਮਾਨ ਵਿੱਚ ਰਾਜ ਦੇ ਹਾਈਵੇ ਨੰਬਰ 106 ਦਾ ਨਾਮ ਬਦਲ ਕੇ 'ਯੋਗੀ ਭਜਨ ਯਾਦਗਾਰੀ ਹਾਈਵੇ' ਰੱਖ ਦਿੱਤਾ ਸੀ ਅਤੇ 7 ਤੇ 8 ਅਕਤੂਬਰ ਨੂੰ ਕੌਮੀ ਝੰਡੇ ਅੱਧੇ ਝੁਕਾਅ ਦਿੱਤੇ ਗਏ ਸਨ; ਤੇ 6 ਅਕਤੂਬਰ ਦਾ ਦਿਨ ਹੀ 'ਯੋਗੀ ਭਜਨ ਯਾਦਗਾਰੀ ਦਿਵਸ' ਵਜੋਂ ਨਿਸ਼ਚਿਤ ਕਰ ਦਿੱਤਾ ਸੀ।


ਹਰਭਜਨ ਸਿੰਘ ਯੋਗੀ ਦੇ ਜੀਵਨ ਦਾ ਇੱਕ ਦੁਖ਼ਦ ਪਹਿਲੂ ਇਹ ਵੀ ਰਿਹਾ ਸੀ ਕਿ ਉਨ੍ਹਾਂ ਦੇ ਦੇਹਾਂਤ ਤੋਂ 15 ਸਾਲ ਬਾਅਦ ਉਨ੍ਹਾਂ ਦੀ ਨਿੱਜੀ ਸਕੱਤਰ ਰਹੀ ਪਾਮੇਲਾ ਸਾਰਾਹ ਨੇ 'ਵਾਈਟ ਬਰਡ ਇਨ ਗੋਲਡਨ ਕੇਜ' ਨਾਮਕ ਕਿਤਾਬ ਲਿਖ ਕੇ ਆਪਣੇ ਨਾਲ ਅਤੇ ਕੁਝ ਹੋਰ ਮਹਿਲਾਵਾਂ ਨਾਲ ਹਰਭਜਨ ਸਿੰਘ ਯੋਗੀ ਦੇ ਨਾਜਾਇਜ਼ ਸਬੰਧਾਂ ਬਾਰੇ ਗੱਲਾਂ ਲਿਖੀਆਂ ਸਨ। ਇਸੇ ਤਰ੍ਹਾਂ ਹੀ ਸੰਨ 2023 ਵਿੱਚ 'ਅੰਡਰ ਦਿ ਯੋਗਾ ਮੱਤ' ਸਿਰਲੇਖ ਵਾਲੀ ਇੱਕ ਹੋਰ ਕਿਤਾਬ ਵਿੱਚ ਹਰਭਜਨ ਸਿੰਘ ਯੋਗੀ ਦੇ ਇੱਕ ਸਾਬਕਾ ਸਾਥੀ ਗੁਰੂ ਨਿਸ਼ਾਨ ਨੇ ਵੀ ਯੋਗੀ ਵੱਲੋਂ ਆਪਣੀ ਸੰਸਥਾ ਦੇ ਕੁਝ ਮੈਂਬਰਾਂ 'ਤੇ ਤਸ਼ੱਦਦ ਕੀਤੇ ਜਾਣ ਦੇ ਇਲਜ਼ਾਮਾਂ ਸਹਿਤ ਕੁਝ ਗਵਾਹਾਂ ਦੇ ਬਿਆਨ ਦਰਜ ਕੀਤੇ ਸਨ।

ਵਿਕਾਸ ਦਾ ਅਹਿਮ ਧੁਰਾ

# ਇੰਜੀਨੀਅਰਿੰਗ ਅਤੇ ਇੰਜੀਨੀਅਰਾਂ ਦਾ ਯੋਗਦਾਨ

ਜਾਣਕਾਰੀ

ਇੰਜੀ. ਸਤਨਾਮ ਸਿੰਘ ਮੱਟੂ*
ਫੋਨ:+91-9779708257



ਵਿਗਿਆਨ ਅਤੇ ਇੰਜੀਨੀਅਰਿੰਗ ਦੋਵੇਂ ਹੀ ਇੱਕ ਦੂਜੇ ਬਿਨ ਅਧੂਰੇ ਹਨ। ਵਿਗਿਆਨਕ ਖੋਜਾਂ ਨੂੰ ਮਨੁੱਖੀ ਜ਼ਿੰਦਗੀ ਦੀ ਵਰਤੋਂ ਅਨੁਕੂਲ ਅਤੇ ਦਿਲਕਸ਼ ਬਣਾਉਣ ‘ਚ ਇੰਜੀਨੀਅਰਿੰਗ ਦੀ ਮਹੱਤਤਾ ਨੂੰ ਕਦੇ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਵਿਗਿਆਨਕ ਖੋਜਾਂ ਨੂੰ ਲੋਕਾਂ ਦੀ ਸਹੂਲਤ ਯੋਗ ਬਣਾਉਣ ‘ਚ ਇੰਜੀਨੀਅਰਿੰਗ ਇੱਕ ਅਹਿਮ ਕੜੀ ਵਜੋਂ ਅਹਿਮ ਰੋਲ ਅਦਾ ਕਰਦੀ ਹੈ। ਵਿਕਾਸ ਦਾ ਧੁਰਾ ਇੰਜੀਨੀਅਰਿੰਗ ਦਾ ਸੜਕਾਂ, ਨਹਿਰਾਂ, ਪੁਲ, ਵੱਡੇ ਵੱਡੇ ਮਹਿਲ, ਬਹੁਮੰਜ਼ਿਲਾ ਇਮਾਰਤਾਂ, ਜਲ ਸਪਲਾਈ, ਨਹਿਰੀ ਸਹੂਲਤਾਂ, ਡੈਮ, ਫਲਾਈਓਵਰ, ਅੰਡਰ ਬ੍ਰਿਜ, ਸੁਰੰਗਾਂ, ਹਵਾਈ ਜਹਾਜ਼, ਸਮੁੰਦਰੀ ਜਹਾਜ਼, ਪ੍ਰਿੰਟਿੰਗ ਪ੍ਰੈਸ, ਰੇਲਾਂ, ਬੱਸਾਂ, ਕਾਰਾਂ, ਸਕੂਟਰ, ਮੋਟਰਸਾਈਕਲ, ਇਲੈਕਟ੍ਰਾਨਿਕ ਅਤੇ ਇਲੈਕਟ੍ਰੀਕਲ ਸਮਾਨ ਆਦਿ ਸਭ ਕਾਸੇ ਦੇ ਡਿਜ਼ਾਇਨ ਅਤੇ ਬਣਾਵਟ ‘ਚ ਇੰਜੀਨੀਅਰਿੰਗ ਦੀ ਮੁੱਖ ਭੂਮਿਕਾ ਅਤੇ ਇੰਜੀਨੀਅਰਿੰਗ ਦੇ ਪੈਮਾਨਿਆਂ ਦੀ ਮੁੱਖ ਭੂਮਿਕਾ ਹੁੰਦੀ ਹੈ।

ਮਨੁੱਖੀ ਜੀਵਨ ਨੂੰ ਸੌਖਾਲਾ ਅਤੇ ਆਰਾਮਦਾਇਕ ਸਹੂਲਤਾਂ ਪ੍ਰਦਾਨ ਕਰਨ ਪਿੱਛੇ ਇੰਜੀਨੀਅਰਾਂ ਦੀ ਕਰੜੀ ਅਣਥੱਕ ਮਿਹਨਤ, ਹੌਸਲਾ, ਦ੍ਰਿੜਤਾ, ਤਿਆਗ, ਦਿਆਨਤਦਾਰੀ, ਅਣਖਿੱਝ ਅਤੇ ਸਾਰਥਿਕ ਸਿਰਜਣਾਤਕ ਸੋਚ ਕੰਮ ਕਰਦੀ ਹੈ। ਦੁਨੀਆਂ ਨੂੰ ਆਪਸ ਵਿੱਚ ਜੋੜਨਾ ਤੇ ਇੱਕ ਦੂਜੇ ਦੇ ਨੇੜੇ ਲਿਆਉਣਾ ਇੰਜੀਨੀਅਰਾਂ ਦੀ ਮੁਸੱਲਸਲ ਮਿਹਨਤ ਦਾ ਸਿੱਟਾ ਹੈ ਅਤੇ ਅੱਜ ਹਜ਼ਾਰਾਂ ਮੀਲਾਂ ਦਾ ਸੜਕ, ਰੇਲ ਅਤੇ ਹਵਾਈ ਸਫ਼ਰ ਘੰਟਿਆਂ ‘ਚ ਪੂਰਾ ਹੋ ਜਾਂਦਾ ਹੈ। ਇੰਜੀਨੀਅਰਿੰਗ ਦੀ ਸੁਚੱਜੀ, ਸਾਰਥਕ, ਗੁਣਾਤਮਕ ਅਤੇ ਕਰੜੀ ਮਿਹਨਤ ਸਦਕਾ ਦੇਸ਼ਾਂ ਵਿੱਚ ਸੜਕਾਂ, ਰੇਲਾਂ ਅਤੇ ਹਵਾਈ ਰਸਤਿਆਂ ਦੇ ਜਾਲ ਵਿੱਚ ਗਏ ਹਨ, ਐਕਸੀਡੈਂਟ ਦੀ ਔਸਤ ਨੂੰ ਘਟਾਉਣ ਲਈ ਫਲਾਈਓਵਰਾਂ, ਅੰਡਰ ਪਾਸ ਆਦਿ ਦਾ ਨਿਰਮਾਣ ਕੀਤਾ ਗਿਆ ਹੈ। ਟ੍ਰੈਫਿਕ ਸਮੱਸਿਆ ਨੂੰ ਭਾਂਪਦਿਆਂ ਇੰਜੀਨੀਅਰਾਂ ਨੇ ਸੜਕਾਂ ਨੂੰ ਚਹੁ-ਮਾਰਗੀ, ਛੇ ਮਾਰਗੀ ਡਿਜ਼ਾਈਨ ਕਰਕੇ ਬਣਾ ਦਿੱਤਾ ਹੈ। ਫਲਾਈਓਵਰਾਂ ਦੇ ਦਿਲਕਸ਼ ਪਾਏਦਾਰ, ਉੱਚ ਪੱਧਰੀ ਡਿਜ਼ਾਈਨਾਂ ਨੇ ਜਿੱਥੇ ਦੇਸ਼ਾਂ ਦੀ ਖੂਬਸੂਰਤੀ ‘ਚ ਵਾਧਾ ਕੀਤਾ ਹੈ, ਉੱਥੇ ਵਿਕਾਸ ਨੇ ਇਨਸਾਨ ਦੇ ਮਨ ਨੂੰ ਚੌਂਕਾਅ ਦਿੱਤਾ ਹੈ। ਇੰਜੀਨੀਅਰਾਂ ਨੇ ਆਪਣੀ ਸਖ਼ਤ ਮਿਹਨਤ, ਜ਼ਿੱਦੀ ਹੌਸਲੇ ਅਤੇ ਦ੍ਰਿੜਤਾ ਨਾਲ ਪਹਾੜਾਂ ਦੇ ਸਿਖਰ ਅਤੇ ਸਮੁੰਦਰ ਦੇ ਪਾਣੀਆਂ ਦੀ ਹਿੱਕ ਚੀਰ ਕੇ ਸੜਕਾਂ ਅਤੇ ਰੇਲਾਂ ਇੱਕ ਤੋਂ ਦੂਜੇ ਕਿਨਾਰੇ ‘ਤੇ ਪਹੁੰਚਾ ਦਿੱਤੀਆਂ ਹਨ। ਇਸੇ ਦੀ ਉਦਾਹਰਣ ਇੰਡੋ-ਤਿੱਬਤੀਅਨ ਸੜਕ ਦੁਨੀਆਂ ਦੀ ਸਭ ਤੋਂ ਉੱਚੀ ਸੜਕ ਅਤੇ ਪਾਮਬਨ (ਮੰਡਾਪਾਮ ਤੋਂ ਰਮੇਸਪਰਮ) ਸਮੁੰਦਰ ‘ਚ ਰੇਲ ਟਰੈਕ 2.06 ਕਿਲੋਮੀਟਰ ਲੰਮਾ ਪੁਲ ਹਨ। ਭਾਰਤੀ ਕਸ਼ਮੀਰ ਦੇ ਬਾਰਾਮੂਲਾ ਤੋਂ ਕੰਨਿਆਕੁਮਾਰੀ ਤੱਕ ਰੇਲ ਮਾਰਗ ਦੀ ਸਥਾਪਨਾ ਇੱਕ ਇਤਿਹਾਸਕ ਮੀਲ ਪੱਥਰ ਹੈ। ਇਸੇ ਤਰ੍ਹਾਂ ਲੇਹ ਤੋਂ ਕੰਨਿਆਕੁਮਾਰੀ ਸੜਕ ਦਾ ਨਿਰਮਾਣ ਵੀ ਇੰਜੀਨੀਅਰਿੰਗ ਦੇ ਵਡਮੁੱਲੇ ਯੋਗਦਾਨ ਦਾ ਹਿੱਸਾ ਹੈ।



ਰੇਲਾਂ ਦੀ ਰਫ਼ਤਾਰ ‘ਚ ਵਾਧਾ ਕਰਨ ਲਈ ਡਬਲ ਟਰੈਕ ਬਣਾਉਣਾ, ਇੱਥੋਂ ਤੱਕ ਕਿ ਮਾਲ ਗੱਡੀਆਂ ਲਈ ਅਲੱਗ ਲਾਈਨਾਂ ਡਿਜ਼ਾਈਨ ਕਰਕੇ ਸਮੇਂ ਅਤੇ ਪਾਵਰ ਦੀ ਬੱਚਤ ਵਿੱਚ ਰਿਕਾਰਡ ਕਾਮਯਾਬੀ ਹਾਸਲ ਕੀਤੀ ਹੈ। ਪਹਾੜਾਂ ਤੇ ਛੋਟੀ ਪਟੜੀ ਦੀਆਂ ਟ੍ਰੇਨਾਂ ਚੜ੍ਹਾਅ ਕੇ ਇੰਜੀਨੀਅਰਿੰਗ ਨੇ ਕ੍ਰਿਸ਼ਮਈ ਕੰਮ ਕੀਤਾ ਹੈ। ਰਿਸ਼ੀਕੇਸ਼ ਤੋਂ ਕਰਣ ਪ੍ਰਯਾਗ ਤੱਕ ਅਤੇ ਕੀਰਤਪੁਰ ਸਾਹਿਬ ਤੋਂ ਲੇਹ ਤੱਕ ਰੇਲ ਪ੍ਰਾਜੈਕਟ ਦਾ ਚੱਲ ਰਿਹਾ ਕੰਮ ਇੰਜੀਨੀਅਰਿੰਗ ਦਾ ਬੇਹਤਰੀਨ ਕਾਰਜ ਬਣਨ ਜਾ ਰਿਹਾ ਹੈ।

ਸਮੁੰਦਰ ਵਿੱਚ ਪੁਲ ਬਣਾਉਣਾ, ਸਮੁੰਦਰਾਂ ਦੇ ਅੰਦਰ ਸੜਕਾਂ ਦਾ ਨਿਰਮਾਣ ਕਰਨਾ, ਪਹਾੜਾਂ ਦੀ ਛਾਤੀ ‘ਚ ਮੋਘੇ ਕਰਕੇ ਸੁਰੰਗਾਂ ਬਣਾ ਦੇਣੀਆਂ, ਨਦੀਆਂ ਦੇ ਕੰਢਿਆਂ ‘ਤੇ ਸੜਕਾਂ ਬਣਾਉਣਾ ਅਤੇ ਰੇਲ ਪਟੜੀਆਂ ਵਿਛਾਉਣਾ, ਪਹਾੜੀ ਖੇਤਰ ‘ਚ ਦੋ ਮੰਜ਼ਿਲਾ ਪੁਲ ਬਣਾ ਕੇ ਟ੍ਰੈਫਿਕ ਨੂੰ ਵਨ-ਵੇ ਕਰਨਾ, ਚੰਡੀਗੜ੍ਹ-ਮਨਾਲੀ ਚਹੁ ਮਾਰਗੀ ਸੜਕਾਂ ਦੇ ਨਿਰਮਾਣ ਨੂੰ ਲੋਕਾਈ ਨੂੰ ਸਮਰਪਿਤ ਕਰਨਾ ਇਹ ਵੀ ਇੰਜੀਨੀਅਰਿੰਗ ਦੇ ਹਿੱਸੇ ਹੀ ਆਇਆ ਹੈ। ਨਹਿਰ ਦੇ ਤੇਜ਼ ਵਹਾਅ ‘ਚ ਪੁਲ ਬਣਾ ਕੇ ਟ੍ਰੈਫਿਕ ਲੰਘਾਉਣਾ ਅਤੇ ਨਾਲ ਹੀ ਥੱਲਿਉਂ ਇਸੇ ਥਾਂ ਵਗਦਾ ਦਰਿਆ ਕੱਢਣਾ ਅਦਭੁਤ ਕਾਰਜ ਮਾਨਸਿਕ ਕਪਾਟ ਖੋਲ੍ਹਦਾ ਹੈ। ਅਜਿਹੇ ਅਲੌਕਿਕ ਕੰਮਾਂ ਵਾਲੇ ਇੰਜੀਨੀਅਰਿੰਗ ਦਿਮਾਗ ਦੇ ਕਮਾਲ ਨੂੰ ਦਾਦ ਦੇਣੀ ਅਤੇ ਸਲਿਊਟ ਕਰਨਾ ਬਣਦਾ ਹੈ।

ਪਹਾੜਾਂ ਨੂੰ ਕੱਟ ਕੇ, ਪੁਲ ਬਣਾ ਕੇ, ਸੁਰੰਗਾਂ ਬਣਾ ਕੇ ਇਨਸਾਨ ਦੀ ਹਰ ਥਾਂ ਸੌਖੀ ਪਹੁੰਚ ਇੰਜੀਨੀਅਰਿੰਗ ਨੇ ਹੀ ਬਣਾਈ ਹੈ।

ਦਰਿਆਵਾਂ ‘ਚ ਆਉਂਦੇ ਹੜ੍ਹਾਂ ਨੂੰ ਕਾਬੂ ਕਰਨ ਲਈ ਦਰਿਆਵਾਂ ‘ਤੇ ਡੈਮ ਦਾ ਨਿਰਮਾਣ ਕਰਕੇ ਹੜ੍ਹਾਂ ਨੂੰ ਕੰਟਰੋਲ ਕਰ ਦਿੱਤਾ ਅਤੇ ਨਹਿਰਾਂ ਰਾਹੀਂ ਪਾਣੀ ਨੂੰ ਖੇਤੀਬਾੜੀ ਦੀ ਵਰਤੋਂ ਲਈ ਯੋਗ ਬਣਾਉਣਾ, ਇਹ ਇੰਜੀਨੀਅਰਿੰਗ ਦਾ ਹੀ ਕਮਾਲ ਹੈ। ਇਸ ਤੋਂ ਇਲਾਵਾ ਡੈਮਾਂ ਤੋਂ ਬਿਜਲੀ ਪੈਦਾ ਕਰਕੇ ਹਰ ਘਰ ਵਿੱਚ ਰੋਸ਼ਨੀ ਇੰਜੀਨੀਅਰਿੰਗ ਨੇ ਫੈਲਾਈ ਹੈ। ਡੈਮਾਂ ਤੋਂ ਹਾਈ ਵੋਲਟੇਜ ਕਰੰਟ ਵਾਲ਼ੀਆਂ ਤਾਰਾਂ ਨੂੰ ਟਾਵਰਾਂ ਰਾਹੀਂ ਗਰਿੱਡਾਂ ਤੱਕ ਪਹੁੰਚਾਇਆ ਅਤੇ ਇੱਥੋਂ ਘਰਾਂ ਤੱਕ ਸਪਲਾਈ ਪਹੁੰਚਾਉਣਾ ਇੰਜੀਨੀਅਰਾਂ ਦੀ ਅਣਥੱਕ, ਕਰੜੀ ਮਿਹਨਤ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ।

ਖੁੱਲ੍ਹੀਆਂ ਗੱਡੀਆਂ ਅਤੇ ਗੱਡਿਆਂ ਨੂੰ ਏ.ਸੀ. ਸਹੂਲਤਾਂ ਨਾਲ ਲੈਸ ਕਰਨ, ਢੀਚਕ ਢੀਚਕ ਚਾਲ ਤੋਂ ਹਾਈ ਸਪੀਡ ਗੱਡੀਆਂ ਵਿੱਚ ਬਦਲਣ ‘ਚ ਇੰਜੀਨੀਅਰਿੰਗ ਦੀ ਮਿਹਨਤ ਨੂੰ ਦਾਦ ਅਤੇ ਸਲੂਟ ਹੈ। ਝੌਂਪੜੀਆਂ ਅਤੇ ਕੱਚੇ ਘਰਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਮਕਾਨਾਂ ਅਤੇ ਬਹੁਮੰਜ਼ਿਲਾ ਇਮਾਰਤਾਂ ‘ਚ ਤਬਦੀਲ ਕਰਨ ‘ਚ ਇੰਜੀਨੀਅਰਿੰਗ ਦੇ ਖੂਬਸੂਰਤ ਡਿਜ਼ਾਇਨ ਸੂਝਬੂਝ ਅਤੇ ਦਿਮਾਗ ਦੀ ਕਾਢ ਹੈ।

ਪੀਣ ਵਾਲੇ ਸਾਫ ਸੁਥਰੇ ਪਾਣੀ ਦੀ ਆਮ ਲੋਕਾਂ ਦੇ ਘਰਾਂ ਤੱਕ ਪਹੁੰਚ ਲਈ ਪਾਈਪਾਂ ਦਾ ਜਾਲ ਵਿਛਾਉਣਾ ਅਤੇ ਆਸਮਾਨ ਛੂਹੰਦੀਆਂ ਟੈਂਕੀਆਂ ਦਾ ਨਿਰਮਾਣ ਕਰਕੇ ਗਰੂਤਾ ਪ੍ਰੈਸਰ ਰਾਹੀਂ ਪਾਣੀ ਛੱਡਣਾ, ਧਰਤੀ ਵਿੱਚੋਂ ਟਿਊਬਵੈੱਲਾਂ ਰਾਹੀਂ ਪਾਣੀ ਦੇ ਸੋਮਿਆਂ ਤੋਂ ਪਾਣੀ ਯੋਗ ਪਾਣੀ ਪ੍ਰਾਪਤ ਕਰਨਾ ਜਾਂ ਦਰਿਆਈ ਪਾਣੀ ਨੂੰ ਸੋਧ ਕਰਕੇ ਪੀਣ ਯੋਗ ਬਣਾਉਣਾ, ਫਲੋਰਾਈਡ, ਕਲੋਰਾਈਡ, ਆਰਸੈਨਿਕ ਰਿਮੂਵਲ ਪਲਾਂਟ ਆਦਿ ਇੰਜੀਨੀਅਰਿੰਗ ਦੀ ਹੀ ਦੇਣ ਹੈ। ਘਰਾਂ, ਫਲੈਟਾਂ, ਉਦਯੋਗਾਂ ਦੇ ਕੂੜੇ ਕਰਕਟ ਅਤੇ ਵਰਤੇ ਪਾਣੀ ਦੇ ਪ੍ਰਬੰਧਨ ਲਈ ਤਰੀਕਿਆਂ ਦੀ ਕਾਢ ਸੀਵਰੇਜ ਸਿਸਟਮ ਅਤੇ ਸੋਲਿਡ ਵੇਸਟ ਮੈਨੇਜਮੈਂਟ ਆਦਿ ਇੰਜੀਨੀਅਰਿੰਗ ਦੇ ਹੀ ਹਿੱਸੇ ਆਇਆ ਹੈ।

ਰਿਹਾਇਸ਼ੀ ਇਮਾਰਤਾਂ, ਟਾਵਰਾਂ, ਪੁਲਾਂ, ਬਹੁਮੰਜ਼ਿਲਾ ਇਮਾਰਤਾਂ ਆਦਿ ਨੂੰ ਭੂਚਾਲ, ਹੜ੍ਹ, ਤੂਫ਼ਾਨ, ਸਲਾਈਡਿੰਗ, ਖੋਰਾ, ਸਕਿਡਿੰਗ ਆਦਿ ਤੋਂ ਇੰਜਨੀਅਰਿੰਗ ਡਿਜ਼ਾਈਨ ਹੀ ਸੁਰੱਖਿਅਤ ਕਰਦਾ ਹੈ।


ਇੱਕ ਡਾਕਟਰ ਇਨਸਾਨ ਦੀ ਮਦਦ ਉਦੋਂ ਕਰਦਾ ਹੈ, ਜਦੋਂ ਦੁਰਘਟਨਾ ਵਾਪਰ ਜਾਂਦੀ ਹੈ, ਜਦਕਿ ਇੰਜੀਨੀਅਰ ਲੋਕਾਈ ਨੂੰ ਦੁਰਘਟਨਾ ਤੋਂ ਸੁਰੱਖਿਅਤ ਰੱਖਣ ਲਈ ਅਗੇਤ ਪ੍ਰਬੰਧਨ ਵਜੋਂ ਕੰਮ ਕਰਦਾ ਹੈ।


ਇੰਜੀਨੀਅਰਾਂ ਦੀ ਜ਼ਿੰਦਗੀ ਕਿਸੇ ਮਿਹਨਤਕਸ਼ ਅਤੇ ਤਪੱਸਵੀ ਦੀ ਜ਼ਿੰਦਗੀ ਤੋਂ ਕਿਤੇ ਘੱਟ ਨਹੀਂ ਹੁੰਦੀ, ਕਿਉਂਕਿ ਉਹ ਖਤਰਨਾਕ ਹਾਲਾਤਾਂ, ਔਖਿਆਲੀਆਂ ਭੂਗੋਲਿਕ ਪ੍ਰਸਥਿਤੀਆਂ, ਜ਼ਿੰਦਗੀ ਮੌਤ ਵਿਚਕਾਰਲੀਆਂ ਔਕੜਾਂ ਅਤੇ ਮੁਸੀਬਤਾਂ ‘ਚ ਵੀ ਆਪਣੇ ਕੰਮ ਪ੍ਰਤੀ ਸੁਹਿਰਦ, ਇਮਾਨਦਾਰ ਅਤੇ ਸਮਰਪਿਤ ਰਹਿੰਦੇ ਹੋਏ ਦ੍ਰਿੜਚਿੱਤ ਬੁਲੰਦ ਹੌਸਲੇ ਨਾਲ ਡਟੇ ਰਹਿੰਦੇ ਹਨ। ਝੱਖੜਾਂ, ਮੀਂਹ, ਹੜ੍ਹ, ਹਨੇਰੀ, ਤੂਫ਼ਾਨ, ਪਹਾੜਾਂ ‘ਚ ਢਿੱਗਾਂ ਡਿੱਗਣ, ਬੱਦਲ ਫਟਣ, ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਦਾ ਦੈਂਤ ਸਿਰ ਤੇ ਮੂੰਹ ਅੱਡੀ ਖੜ੍ਹਾ ਹੋਣ ਬਾਵਜੂਦ ਇੰਜੀਨੀਅਰ ਆਪਣੇ ਕੰਮ ‘ਚ ਸ਼ਿੱਦਤ ਅਤੇ ਮੁਸ਼ਤੈਦੀ ਨਾਲ ਮਸਰੂਫ਼ ਕਾਰਜ ਪੂਰਾ ਕਰਕੇ ਲੋਕਾਂ ਨੂੰ ਸਮਰਪਿਤ ਕਰਨ ਲਈ ਦ੍ਰਿੜ ਵਿਸ਼ਵਾਸ ਹੁੰਦੇ ਹਨ। ਹਰ ਇਨਸਾਨ ਦਾ ਕੰਮਕਾਜ ਤੋਂ ਸੁਰੱਖਿਅਤ ਘਰ ਵਾਪਿਸੀ ਇੱਕ ਇੰਜੀਨੀਅਰ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਹੁੰਦਾ ਹੈ।

——

*(ਉੱਪ ਮੰਡਲ ਇੰਜੀਨੀਅਰ, ਰੋਪੜ; ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ)*

## ਭਾਰਤ ਰਤਨ ਸਿਵਲ ਇੰਜੀਨੀਅਰ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ





■ (ਉਪਰ) ਮੈਸੂਰ ਮਹਾਂਨਗਰ ਦੇ ਉੱਤਰ-ਪੱਛਮੀ ਉਪਨਗਰ ਦੇ ਅੰਦਰ ਕ੍ਰਿਸ਼ਨ ਰਾਜਾ ਸਾਗਾਰਾ ਡੈਮ ਅਤੇ (ਖੱਬੇ) ਇਸ ਦੇ ਮੁੱਖ ਇੰਜੀਨੀਅਰ ਐਮ. ਵਿਸ਼ਵੇਸ਼ਵਰਿਆ

ਭਾਰਤ ਵਿੱਚ 15 ਸਤੰਬਰ ਇੰਜੀਨੀਅਰ ਦਿਵਸ ਦੇ ਤੌਰ ‘ਤੇ ਸਰਕਾਰੀ ਪੱਧਰ ‘ਤੇ ਮਨਾਇਆ ਜਾਂਦਾ ਦਿਨ ਇੰਜੀਨੀਅਰਿੰਗ ਖੇਤਰ ‘ਚ ਨਿਵੇਕਲੀਆਂ ਪੈੜਾਂ ਪਾਉਣ ਵਾਲੇ ਭਾਰਤ ਰਤਨ ਸਿਵਲ ਇੰਜੀਨੀਅਰ ਮੋਕਸ਼ਗੁੰਡਮ ਵਿਸ਼ਵੇਸ਼ਵਰਿਆ ਦਾ ਜਨਮ ਦਿਨ ਨੂੰ ਸਮਰਪਿਤ ਹੁੰਦਾ ਹੈ।

ਵਿਸ਼ਵੇਸ਼ਵਰਿਆ ਭਾਰਤ ਦੇ ਇੱਕ ਮਹਾਨ ਇੰਜੀਨੀਅਰ, ਉੱਘੇ ਵਿਦਵਾਨ ਅਤੇ ਹੁਨਰਮੰਦ ਸਿਆਸਤਦਾਨ ਸਨ। ਉਨ੍ਹਾਂ ਦਾ ਜਨਮ 15 ਸਤੰਬਰ 1861 ਨੂੰ ਮੈਸੂਰ (ਕਰਨਾਟਕ) ਦੇ ਕੋਲਾਰ ਜ਼ਿਲ੍ਹੇ ਵਿੱਚ ਪਿੰਡ ਮੁਡੇਨਾਹਾਲੀ ਵਿਖੇ ਵੇਨਕਾਟਾਲਾਕਸਮਾਮਾ ਅਤੇ ਮੋਕਸ਼ਗੁੰਡਮ ਸ੍ਰੀਨਿਵਾਸਾ ਸ਼ਾਸ਼ਤਰੀ ਦੇ ਘਰ ਗਰੀਬ ਬ੍ਰਾਹਮਣ ਪਰਿਵਾਰ ‘ਚ ਹੋਇਆ ਸੀ। ਉਨ੍ਹਾਂ ਨੇ ਬੀ.ਏ. ਆਰਟਸ ਕਰਨ ਤੋਂ ਬਾਅਦ ਕਾਲਜ ਆਫ ਸਾਇੰਸ ਪੂਨੇ ਤੋਂ ਸਿਵਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਸੀ।

ਉਨ੍ਹਾਂ ਨੂੰ ਕਿੰਗ ਜੋਰਜ ਪੰਜ ਦੁਆਰਾ ਬ੍ਰਿਟਿਸ਼ ਇੰਡੀਅਨ ਐਂਪਾਇਰ (ਕੇਸੀਆਈਈ) ਦੇ ਨਾਈਟ ਕਮਾਂਡਰ ਦੇ ਤੌਰ ‘ਤੇ ਆਮ ਲੋਕਾਂ ਦੇ ਭਲੇ ਲਈ ਯੋਗਦਾਨ ਪਾਉਣ ਲਈ ਚੁਣਿਆ ਗਿਆ ਸੀ। ਉਹ ਮੈਸੂਰ ਮਹਾਂਨਗਰ ਦੇ ਉੱਤਰ-ਪੱਛਮੀ ਉਪਨਗਰ ਦੇ ਅੰਦਰ ਕ੍ਰਿਸ਼ਨ ਰਾਜਾ ਸਾਗਾਰਾ ਡੈਮ ਦੇ ਮੁੱਖ ਇੰਜੀਨੀਅਰ ਸਨ ਅਤੇ ਉਨ੍ਹਾਂ ਇਸੇ ਤਰ੍ਹਾਂ ਹੈਦਰਾਬਾਦ ਦੇ ਕਸਬੇ ਲਈ ਹੜ੍ਹ ਸੁਰੱਖਿਆ ਪ੍ਰਣਾਲੀ ਦੇ ਕਈ ਮੁੱਖ ਇੰਜੀਨੀਅਰਾਂ ਵਿੱਚੋਂ ਇੱਕ ਵਜੋਂ ਕੰਮ ਕੀਤਾ ਹੈ। ਵਿਸ਼ਵੇਸ਼ਵਰਿਆ ਨੇ ਬੰਬੇ ਦੇ ਪਬਲਿਕ ਵਰਕਸ ਡਵੀਜ਼ਨ ਵਿੱਚ ਸਹਾਇਕ ਇੰਜੀਨੀਅਰ ਵਜੋਂ ਨੌਕਰੀ ਦੀ ਸ਼ੁਰੂਆਤ ਕੀਤੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਇੰਡੀਅਨ ਸਿੰਚਾਈ ਫੀਸ ਨਾਲ ਜੁੜਨ ਲਈ ਬੁਲਾਇਆ ਗਿਆ। ਉਨ੍ਹਾਂ ਨੇ ਡੈੱਕਨ ਪਠਾਰ ਵਿੱਚ ਸਿੰਜਾਈ ਦੀ ਇੱਕ ਗੁੰਝਲਦਾਰ ਪ੍ਰਣਾਲੀ ਨੂੰ ਲਾਗੂ ਕੀਤਾ ਅਤੇ ਉਨ੍ਹਾਂ ਨੂੰ ਪੂਨੇ ਨਜ਼ਦੀਕ ਖੜਕਵਾਸਲਾ ਰਿਜ਼ਰਵਾਇਰ ਤੇ 1903 ‘ਚ ਲਗਾਏ ਗਏ ਪਹਿਲੇ ਆਟੋਮੈਟਿਕ ਵੇਅਰ ਵਾਟਰ ਫਲੋਗੇਟਸ ਪ੍ਰਣਾਲੀ ਨੂੰ ਡਿਜ਼ਾਈਨ ਕਰਨ ਦਾ ਸਰਕਾਰੀ ਅਧਿਕਾਰ ਦਿੱਤਾ ਗਿਆ ਸੀ। ਇਨ੍ਹਾਂ ਦਰਵਾਜ਼ਿਆਂ (ਫਲੋਗੇਟਸ) ਨੇ ਭੰਡਾਰਨ ਦੇ ਅੰਦਰ ਭੰਡਾਰਨ ਦੀ ਡਿਗਰੀ ਵਧਾ ਦਿੱਤੀ ਹੈ ਅਤੇ ਡੈਮ ਨੂੰ ਨੁਕਸਾਨ ਪਹੁੰਚਾਉਣ ਦੇ ਕਾਰਣ ਘਟਣ ਦੇ ਨਾਲ-ਨਾਲ ਸਭ ਤੋਂ ਉੱਤਮ ਡਿਗਰੀ ਤਕ ਸੁਰੱਖਿਅਤਾ ਜਾ ਸਕਦੀ ਹੈ। ਉਨ੍ਹਾਂ ਗੇਟਾਂ ਦੇ ਡਿਜ਼ਾਈਨ ਦੀ ਸਫਲਤਾ ਦੇ ਆਧਾਰ ‘ਤੇ ਬਹੁਤ ਸਾਰੇ ਡੈਮ ਬਣਾਏ ਗਏ, ਜਿਨ੍ਹਾਂ ਵਿੱਚ ਮੈਸੂਰ ਦਾ ਕ੍ਰਿਸ਼ਨਾ ਰਾਜਾ ਸਾਗਰ ਡੈਮ, ਗਵਾਲੀਅਰ ਦਾ ਟਾਈਗਰਾ ਡੈਮ ਸ਼ਾਮਲ ਹਨ। ਹੈਦਰਾਬਾਦ ਸ਼ਹਿਰ ਦੇ ਡਿਜ਼ਈਨ ਦਾ ਸਿਹਰਾ ਵੀ ਇੰਜੀਨੀਅਰ ਵਿਸ਼ਵੇਸ਼ਵਰਿਆ ਨੂੰ ਜਾਂਦਾ ਹੈ। ਉਨ੍ਹਾਂ ਵਿਸ਼ਾਖਾਪਟਨਮ ਬੰਦਰਗਾਹ ਨੂੰ ਸਮੁੰਦਰੀ ਖੁਰਨ ਤੋਂ ਬਚਾਉਣ ਲਈ ਵਿਸ਼ੇਸ਼ ਯੋਜਨਾ ਤਿਆਰ ਕੀਤੀ ਸੀ।

ਐਮ. ਵਿਸ਼ਵੇਸ਼ਵਰਿਆ ਨੂੰ ਆਧੁਨਿਕ ਮੈਸੂਰ ਰਾਜ ਦਾ ਪਿਤਾਮਾ ਵੀ ਕਿਹਾ ਜਾਂਦਾ ਹੈ। ਮੈਸੂਰ ਸਰਕਾਰ ਦੇ ਸਹਿਯੋਗ ਨਾਲ ਕਈ ਫੈਕਟਰੀਆਂ ਅਤੇ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ, ਖਾਸ ਕਰਕੇ ਮੈਸੂਰ ਸਾਬਣ ਫੈਕਟਰੀ, ਮੈਸੂਰ ਆਇਰਨ ਐਂਡ ਸਟੀਲ ਫੈਕਟਰੀ, ਸਟੇਟ ਬੈਂਕ ਆਫ ਮੈਸੂਰ, ਮੈਸੂਰ ਚੈਂਬਰਸ ਆਫ਼ ਕਾਮਰਸ ਅਤੇ 1917 ‘ਚ ਵਿਸ਼ਵੇਸ਼ਵਰਿਆ ਕਾਲਜ ਆਫ਼ ਇੰਜੀਨੀਅਰਿੰਗ ਬੰਗਲੌਰ। ਉਨ੍ਹਾਂ ਨੂੰ ਭਾਰਤ ਦੇ ‘ਪਹਿਲੇ ਇੰਜੀਨੀਅਰ’ ਹੋਣ ਦਾ ਵੀ ਮਾਣ ਪ੍ਰਾਪਤ ਹੈ।

ਇੱਕ ਇੰਜੀਨੀਅਰ ਲੋਕ ਭਲਾਈ ਦੀਆਂ ਉਨ੍ਹਾਂ ਚੀਜ਼ਾਂ ਦਾ ਨਿਰਮਾਣ ਕਰਦਾ ਹੈ, ਕੁਦਰਤ ਜਿਸਦਾ ਨਿਰਮਾਣ ਨਹੀਂ ਕਰਦੀ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਦਾ ਸਭ ਤੋਂ ਵੱਡਾ ਸਨਮਾਨ ‘ਭਾਰਤ ਰਤਨ’ ਨਾਲ 1955 ਵਿੱਚ ਨਿਵਾਜਿਆ ਗਿਆ। ਇਸ ਤੋਂ ਇਲਾਵਾ ਉਨ੍ਹਾਂ ਦੇ ਇੰਜੀਨੀਅਰਿੰਗ ਖੇਤਰ ਵਿੱਚ ਮਾਰੀਆਂ ਮੱਲਾਂ ਅਤੇ ਮੀਲ ਪੱਥਰਾਂ ਦੇ ਮੱਦੇਨਜ਼ਰ ਸਿਵਲ ਇੰਜੀਨੀਅਰਜ਼ ਦੀ ਲੰਡਨ ਸਥਾਪਨਾ ਦੀ ਆਨਰੇਰੀ ਮੈਂਬਰਸ਼ਿਪ ਮਿਲੀ। ਉਨ੍ਹਾਂ ਨੂੰ ਇੰਡੀਅਨ ਇੰਸਟੀਟਿਊਟ ਸਾਇੰਸ (ਬੰਗਲੌਰ) ਦੀ ਇੱਕ ਫੈਲੋਸ਼ਿਪ ਅਤੇ ਕਈ ਹੋਰ ਸਨਮਾਨ ਪੱਤਰਾਂ ਨਾਲ ਸਨਮਾਨਿਤ ਕੀਤਾ ਗਿਆ।

ਉਹ ਅਖਬਾਰ ਪ੍ਰਜਾਵਨੀ ਦੇ ਆਧਾਰ ‘ਤੇ ਕਰਨਾਟਕ ਦੇ ਕਿਸੇ ਖਾਸ ਵਿਅਕਤੀ ਦੇ ਇਲਾਵਾ ਭਾਰਤੀ ਵਿਗਿਆਨ ਕਾਂਗਰਸ ਦੇ 1923 ਦੇ ਸੈਸ਼ਨ ਦੇ ਪ੍ਰਧਾਨ ਵੀ ਸਨ। ਅੰਤ 14 ਅਪਰੈਲ 1962 ਨੂੰ ਭਾਰਤ ਦਾ ਇਹ ਇੰਜੀਨੀਅਰ ਹੀਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਨ੍ਹਾਂ ਦੀ ਇੰਜਨੀਅਰਿੰਗ ਖੇਤਰ ਮਾਰੀਆਂ ਮੱਲਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਸਨਮਾਨ ਵਜੋਂ ਉਨ੍ਹਾਂ ਦੇ 15 ਸਤੰਬਰ ਜਨਮ ਦਿਨ ਨੂੰ 1968 ਵਿੱਚ ‘ਇੰਜੀਨੀਅਰ ਦਿਨ’ ਵਜੋਂ ਮਨਾਉਣ ਲਈ ਮੁਕੱਰਰ ਕਰ ਦਿੱਤਾ।


5Rivers Entertainment
Proudly Presents
ਬੰਦੇ ਬਣੌ ਬੰਦੇ
Scan me
For Tickets
Writer/Director/Actor
Rana Ranbir
Co-Actor
Rajvir Rana
Friday, October 24 2025
DOORS OPEN AT 06:00 PM
Cutting Hall Performing Arts Center
150 E Wood St, Palatine, IL 60067
JIGERDEEP DHILLON
630-822-5490
AMRITPAL S MANGAT
847-890-0704
INDERJIT S VIRK
630-606-6711